ਗੁਰਮੋਹਣ ਦਾ ਗੁੱਲਦਸਤਾ

ਗੁਰਮੋਹਣ ਦਾ ਗੁੱਲਦਸਤਾ

ਗੁਰਮੋਹਣ ਸਿੰਘ 'ਝੰਡ' ਕੈਲੀਫੋਰਨੀਆਂ

ਗੁਰਮੋਹਣ ਦਾ ਗੁੱਲਦਸਤਾ

ਗੁਰਮੋਹਣ ਸਿੰਘ 'ਝੰਡ' ਕੈਲੀਫੋਰਨੀਆਂ
ਪਿੰਡ ਜਨੇਦ ਪੁਰ, ਤਹਿ : ਸੀਵਣ, ਜ਼ਿਲਾ ਕੈਥਲ,
ਹਰਿਆਣਾ **136027**
ਫੋਨ: **91-1743-232028**
ਫੋਨ: **1-415-724-3154** ਕੈਲੀਫੋਰਨੀਆ

2013

ਮੁੱਲ : **15** ਡਾਲਰ

© ਗੁਰਮੋਹਣ ਸਿੰਘ 'ਝੰਡ' ਕੈਲੀਫੋਰਨੀਆਂ

ਛਾਪਕ : ਸਹਿਯੋਗ
info@kitaban.com
1-585-666-0009

ਜਗਤ ਵਿਖਾਉਣ ਵਾਲੇ, ਸਵਰਗੀ ਪਿਤਾ ਤੇਜ਼ ਪ੍ਰਤਾਪ ਸਿੰਘ ਸੂਬੇਦਾਰ ਅਤੇ ਸਵਰਗੀ ਮਾਤਾ ਰਾਜ ਕੌਰ ਸੁਰਤ ਸੰਭਾਲਣ ਤੋਂ ਪਹਿਲਾਂ ਮਾਤਾ ਦੇ ਅਕਾਲ ਚਲਾਣਾ ਕਰਦੇ ਪਿਰਤ ਪਾਲਣਾ ਕਰਨ ਵਾਲੀ ਭੈਣ ਸਤਵੰਤ ਕੌਰ, ਜੀਵਨ ਸਾਥਣ ਗੁਰਮੀਤ ਕੌਰ ਪ੍ਰੇਰਣਾ ਅਤੇ ਹੌਂਸਲਾ ਵਧਾਈ ਕਰਦੇ ਕਾਵਿਤਾ ਦੇ ਮਾਰਗ ਤੇ ਲਾ ਕੇ ਹੱਥ ਵਿਚ ਕਲਮ ਪਕੜੌਣ ਵਾਲਾ ਜੀਜਾ ਹਰਭਜਨ ਸਿੰਘ 'ਮਹਿਰੋਕ'

ਕਿੱਥੇ - ਕੀ

10 ਵਾਹ ਸਿੰਘ ਜੀ ਵਾਹ

12 ਜ਼ਿੰਦਗੀ ਇਕ ਸੁਪਨਾ

13 ਸਾਉਣ ਮਹੀਨਾ

15 ਮਾਂ ਬੋਲੀ ਦਾ ਦਰਦ, ਜੋ ਉਸਨੇ ਆਪਣੇ ਪਿੰਡੇ ਤੇ ਹੰਡਾਇਆ

18 ਖਾਈਏ ਦਾਲ ਜਿਹੜੀ ਨਿਭ ਜਾਏ ਨਾਲ

22 ਹਲੂਣਾ

25 ਪਠਾਣ ਅਤੇ ਕਲ਼ਗੀਧਰ

29 ਦਾਣੇ-ਦਾਣੇ ਤੇ ਮੋਹਰ

32 ਡੱਲੇ ਦਾ ਸਿਦਕ

36 ਲੱਸੀ ਅਤੇ ਚਾਹ ਦਾ ਝਗੜਾ

38 ਲੱਸੀ ਦਾ ਜੁਵਾਬ

40 ਬੰਦੇ ਨੂੰ ਨਸੀਹਤ

41 ਸੁਪਨਾ ਅਤੇ ਹਕੀਕਤ (ਮਿੱਠੀਆਂ ਯਾਦਾਂ)

43 ਮੋਤੀ ਕੁੱਤਾ

45 ਪੁਰਾਣਾ ਵਿਰਸਾ(ਸਭਿਆਚਾਰ)

46 ਮਾਂ

47 ਬੱਚਿਤਰ ਸਿੰਘ ਦਾ ਹਾਥੀ ਨਾਲ ਮੁਕਾਬਲਾ

52 ਕਲਗੀਧਰ ਪਾਤਸ਼ਾਹ ਦੇ ਦਰਬਾਰ ਵਿਚ ਰਿਛ ਦੀ ਖੇਡ

54 ਜੁੱਤੀ ਦੀ ਕਰਾਮਾਤ

57 ਕੱਦੂ ਅਤੇ ਮਿਸਤਰੀ

58 ਮਰਾਸੀ ਸ਼ੇਰੇ ਪੰਜਾਬ ਰਣਜੀਤ ਸਿੰਘ ਦੇ ਦਰਬਾਰ ਵਿਚ

60 ਨਿਹੰਗ ਸਿੰਘ ਅਤੇ ਭਈਏ

61 ਅੱਖਾਂ

63 ਜਾਮਨੂਆ ਤੇ ਲੂਣ

64 ਤੂੰ ਤੂੰ ਮੈਂ ਮੈਂ

65 ਰੋਡਵੇਜ਼ ਦਾ ਸ਼ਰਾਬੀ ਡਰਾਈਵਰ

67 ਲਾਲ ਸਿੰਘ ਦੀ ਢਾਲ

69 ਪਾਇਲਟ

70 ਪੰਜ ਮੂਰਖ

72 ਅਧਿਆਪਕ ਅਤੇ ਵਿਦਿਆਰਥੀ

74 ਖੁੱਲ੍ਹਾ ਦਰਬਾਰ ਸਾਡੇ ਪਿੰਡ ਵਿਚ

76 ਰੰਗੀ ਹੱਥੀ ਫੜਿਆ ਚੋਰ

77 ਬੱਸ ਵਿਚ ਡਕੈਤੀ

78 ਬਿਜਲੀ ਬੋਰਡ ਦਾ ਸੀਵਿੰਗ ਪੁੱਲ

80 ਭਗਤ ਤਰਲੋਚਨ

82 ਰਬੜੀ

84 ਚਲਿੱਤਰੀ

86 ਕਵੀ ਦਰਬਾਰ

87 ਇਕ ਨੰਬਰ

88 ਸੁਲਤਾਨਪੁਰ ਦੀ ਨਮਾਜ਼

90 ਭਾਈ ਕਨ੍ਹੱਈਆ ਜੀ

91 ਕੁਰਸੀ ਦੀ ਕਰਾਮਾਤ

92 ਬੁਢਾਪਾ

93 ਰਾਜੂ ਦੀ ਨਵੀਂ ਲੱਤ

94 ਕਿਹਰੂ ਅਮਲੀ ਅਤੇ ਭਜਨੋ

96 ਖਿਚੜੀ

98 ਖ਼ਾਲਸੇ ਦਾ ਜਨਮ ਦਿਹਾੜਾ

100 ਬਿਜਲੀ ਦਾ ਬਿੱਲ

102 ਸ਼ਿਵ ਜੀ ਦੇ ਤਿੰਨ ਵਚਨ

104 ਅਨਪੜ੍ਹ ਨੂੰ ਘੁਮਿਆਰ

105 ਟੁੱਟੀਆਂ ਚੱਪਲਾਂ

106 ਡੱਬੇ ਦਾ ਬੂਟ

107 ਭਾਈ ਬੁੱਧੂ ਦਾ ਆਵਾ ਕੱਚਾ

109 ਭਾਈ ਦੁਨੀ ਚੰਦ ਦੇ ਪਿਤਾ ਦਾ ਸ਼ਰਾਧ

110 ਵਲੀ ਕੰਧਾਰੀ

112 ਕੋਟ ਦਾ ਬਟਨ

ਲਿਖ ਨਾਮ ਸਾਲਾਹ ਲਿਖ
ਲਿਖ ਅੰਤ ਨਾ ਪਾਰਾ ਵਾਰ

ਵਾਹ ਸਿੰਘ ਜੀ ਵਾਹ

ਨਿਤ ਨੇਮ ਤੈਨੂੰ ਭੁਲਿਆ ਸਾਰਾ, ਕੇਸਾਂ ਦਾ ਬਣਿਆਂ ਹਤਿਆਰਾ,
ਕੇਸਾਂ ਦਾ ਬਣਿਆਂ ਹਤਿਆਰਾ, ਖ਼ਾਤਰ ਸਿੱਖੀ ਦਸ਼ਮ ਗੁਰਾਂ ਨੇ,
ਕਿੱਡਾ ਮੁੱਲ ਚੁਕਾਇਆ ਭਾਰਾ, ਐਪਰ ਅੱਜ ਤੂੰ ਵਿਰਸਾ ਆਪਣਾ
ਦਿੱਤਾ ਦਿਲੋਂ ਭੁਲਾ, ਵਾਹ ਸਿੰਘ ਜੀ ਵਾਹ,

ਕੰਘੇ ਦੇ ਥਾਂ ਰੱਖ ਲਈ ਕੰਘੀ, ਸਿਰੀ ਸਾਹਿਬ ਕਿੱਲੀ ਨਾਲ ਟੰਗੀ,
ਨਾਈ ਦੇ ਤੂੰ ਮੁਹਰੇ ਬਹਿਕੇ, ਆਪਣੀ ਆਪ ਕਰਾਏ ਭੰਡੀ,
ਮੜ੍ਹੀਆਂ ਦੇ ਰਾਹ ਪੈ ਗਈ ਕੰਵਲੀ, ਹੋਉਗਾ ਕਿਵੇਂ ਬਚਾ, ਵਾਹ ਸਿੰਘ ਜੀ ਵਾਹ,
ਤਵੀਤ ਤੇ ਧਾਗੇ ਗਲਾਂ ਵਿਚ ਪਾ ਲਏ, ਨਗ ਤੂੰ ਛਾਪਾਂ ਵਿਚ ਜੜਾ ਲਏ,
ਬਾਣੀ ਤੇ ਨਾ ਰਿਹਾ ਭਰੋਸਾ, ਪੰਡਤਾਂ ਤੋਂ ਟੇਵੇ ਲਗਵਾ ਲਏ,
ਸੱਚ ਦਾ ਰਸਤਾ ਕੋਈ ਨਾ ਦੱਸੇ ਰਹੇ ਭੁਲੇਖੇ ਪਾ, ਵਾਹ ਸਿੰਘ ਜੀ ਵਾਹ,

ਮੜ੍ਹੀਆਂ ਉਤੇ ਸਿਜਦੇ ਕਰਦਾ, ਬਾਬਿਆਂ ਦੀ ਨਿੱਤ ਚੌਂਕੀ ਭਰਦਾ,
ਅਮ੍ਰਿਤ ਵੇਲੇ ਉਠ ਕੰਵਲਿਆ, ਭੁੱਕੀ ਖਾਕੇ ਲਾਵੇਂ ਜ਼ਰਦਾ,
ਆਪਣੀ ਜ਼ਿੰਦਗੀ ਆਪੇ ਹੀ ਤੂੰ ਦਿੱਤੀ ਦਾਅ ਤੇ ਲਾ, ਵਾਹ ਸਿੰਘ ਜੀ ਵਾਹ,

ਖਾੜਿਆਂ ਵਿਚ ਤੂੰ ਨਾਚ ਕਰਾਉਂਦਾ, ਵਾਰ ਕੇ ਨੋਟ ਤੇ ਖ਼ੁਸ਼ੀ ਮਨਾਉਂਦਾ,
ਦਾਰੂ ਪੀਕੇ ਕਮਲਾ ਹੋਕੇ, ਲੋਕਾਂ ਤੇ ਹੈ ਰੋਅਬ ਜਮਾਉਂਦਾ,
ਇਨ੍ਹਾਂ ਕਰਤੂਤਾਂ ਤੋਂ ਮੱਸਾ ਰੰਗੜ ਦਿੱਤਾ ਸੀ ਝਟਕਾ, ਵਾਹ ਸਿੰਘ ਜੀ ਵਾਹ,

ਦਾੜੀ ਫਿਕਸੋ ਨਾਲ ਸਜ਼ਾਕੇ, ਠੇਕੇ ਉੱਤੋਂ ਅੱਧੀਆ ਲਾਕੇ,
ਰਹਿਰਾਸ ਕਰਨੀ ਤੂੰ ਭੁਲਿਆ, ਸ਼ਾਮੀ ਵੇਖੇ ਸਿਨੇਮਾ ਜਾਕੇ,
ਸਿਰ ਦੇ ਉੱਤੇ ਪੱਗ ਟਿਕਾਉਂਦਾ ਕਿੱਲੀਉਂ ਟੰਗੀ ਲਾ, ਵਾਹ ਸਿੰਘ ਜੀ ਵਾਹ,

ਚਿੜੀਆਂ ਤੋਂ ਜਿਸ ਬਾਜ਼ ਲੜਾਏ, ਗਿੱਦੜਾਂ ਤੋਂ ਜਿਸ ਸ਼ੇਰ ਬਣਾਏ,
ਤੇਰੀ ਇਕ ਸਰਦਾਰੀ ਖ਼ਾਤਰ, ਨੀਹਾਂ ਵਿਚ ਸੀ ਬਾਲ ਚਿਣਾਏ,
ਪਰ ਤੂੰ ਗੁਰਾਂ ਦੀ ਕੀਤੀ ਕਤਰੀ, ਦਿੱਤੀ ਖੂਹ ਵਿਚ ਪਾ, ਵਾਹ ਸਿੰਘ ਜੀ ਵਾਹ,

ਅਜੇ ਨਾ ਕੁਝ ਵਿਗੜਿਆ ਤੇਰਾ, ਹੁਣ ਵੀ ਸੋਚ ਸਮਝ ਲੈ ਸ਼ੇਰਾ,
ਸੁਬਾਹ ਦਾ ਭੁਲਿਆ ਸ਼ਾਮੀ ਆ ਜਾਏ, ਹੋ ਜਾਉ ਘਰ ਤੋਂ ਦੂਰ ਹਨੇਰਾ
ਨਾਮ ਜਪਣ ਤੇ ਵੰਡ ਛੱਕਣ ਦੀ ਪਿਰਤ ਨੂੰ ਮੁੜਕੇ ਪਾ, ਵਾਹ ਸਿੰਘ ਜੀ ਵਾਹ

ਅੰਮ੍ਰਿਤ ਵੇਲੇ ਬਾਣੀ ਪੜ੍ਹਕੇ, ਵਾਹਿਗੁਰੂ ਨਾਮ ਜ਼ਹਾਜੇ ਚੜ੍ਹਕੇ,
ਬਾਣੀ ਬਾਣੇ ਨਾਲ ਤੂੰ ਜੁੜਜਾ, ਮਨ ਨੂੰ ਕਿਲੇ ਵਾਂਗਰ ਘੜ੍ਹਕੇ
ਖੰਡੇ ਬਾਟੇ ਵਾਲਾ ਅੰਮ੍ਰਿਤ ਬੁਲੀਆਂ ਨਾਲ ਛੁਆ, ਵਾਹ ਸਿੰਘ ਜੀ ਵਾਹ,

ਚੜ੍ਹ ਜਾਉ ਤੈਨੂੰ ਨਾਮ ਖੁਮਾਰੀ, ਹੌਉਮੈਂ ਰੋਗ ਦੀ ਲਹੁ ਬਿਮਾਰੀ
ਮੋਹਣ ਨਿਮਾਣਾ ਸੱਚ ਸੁਣਾਵੇ, ਆਪਣੀ ਜਾਪੂ ਦੁਨੀਆਂ ਸਾਰੀ,
ਹਾਇ-ਬਾਇ ਹੈਲੋ ਨੂੰ ਛੱਡਕੇ, ਗੁਰੁ ਦੀ ਫਤਿਲ ਬੁਲਾ, ਵਾਹ ਸਿੰਘ ਜੀ ਵਾਹ

ਜ਼ਿੰਦਗੀ ਇਕ ਸੁਪਨਾ

ਬੂਟਾ ਇਕ ਕਨੇਰ ਦਾ ਵਿਕਦਾ, ਸ਼ਹਿਰੋਂ ਮੁੱਲ ਲਿਆਇਆ ਸੀ।
ਛੋਟੇ ਜਿਹੇ ਵਿਹੜੇ ਦੇ ਵਿਚ ਮੈਂ ਦਿਲ ਦੇ ਵਾਂਗ ਟਿਕਾਇਆ ਸੀ।
ਸੱਜਰੀ ਮਿੱਟੀ ਪਾਕੇ ਉਸਨੂੰ, ਗੁੱਟੇ ਵਾਂਗ ਸਜਾਇਆ ਸੀ।
ਸਿੱਖਰ ਦੁਪਹਿਰੇ ਵੇਖਾਂ ਜਦ ਮੈਂ, ਜਾਪੇ ਜਿਉਂ ਤਰਹਾਇਆ ਸੀ।
ਮਾਸੂਮ ਜਿਹਾ ਕੁਮਲਾ ਨਾ ਜਾਵੇ, ਠੰਡਾ ਪਾਣੀ ਪਾਇਆ ਸੀ।
ਜੇਠ ਹਾੜ ਦੀਆਂ ਧੁੱਪਾਂ ਤੋਂ ਮੈਂ, ਕਰਕੇ ਛਾਂ ਬਚਾਇਆ ਸੀ।
ਸਾਉਣ ਭਾਂਦੋਂ ਦੀਆਂ ਝੜੀਆਂ ਅੰਦਰ, ਚਿੜੀਆਂ ਵਾਂਗ ਨਹਾਇਆ ਸੀ।
ਪੋਹ ਮਾਘ ਦੇ ਕੱਕਰ ਤੋਂ ਵੀ, ਬੁਕਲ ਵਿਚ ਲੁਕਾਇਆ ਸੀ।
ਸਰਦ ਰੁੱਤ ਜਾਂ ਲੰਘ ਗਈ ਸਾਰੀ, ਬਸੰਤ ਨੇ ਫੇਰਾ ਪਾਇਆ ਸੀ।
ਜਾਪੇ ਮੈਨੂੰ ਦੇਖਕੇ ਹੱਸੇ, ਜੋਬਨ ਜਿਉਂ ਚੜ ਆਇਆ ਸੀ।
ਚੋਰੀ-ਚੋਰੀ ਤੱਕੇ ਮੈਨੂੰ, ਲਗਦਾ ਜਿਉਂ ਸ਼ਰਮਾਇਆ ਸੀ।
ਇਕ ਦਿਨ ਕੋਮਲ ਟਾਹਣੀ ਉੱਤੇ, ਸੋਹਣਾ ਫੁੱਲ ਖੜਾਇਆ ਸੀ।
ਸੁੰਦਰ ਕਲੀਆਂ ਪੱਤੀਆਂ ਤੇ ਫੁੱਲ, ਵੇਖਕੇ ਮੈਂ ਮੁਸਕਾਇਆ ਸੀ।
ਉਸਨੂੰ ਰੱਜ-ਰੱਜ ਤੱਕਣ ਦੇ ਲਈ, ਵਿਹੜੇ ਮੰਜਾ ਡਾਇਆ ਸੀ।
ਹਦ ਰਹੀ ਨਾ ਖ਼ੁਸ਼ੀ ਦੀ ਮੇਰੀ, ਮੇਰਾ ਉਹ ਸਰਮਾਇਆ ਸੀ।
ਉਹ ਕੀ ਮੇਰਾ ਮੈਂ ਕੀ ਉਸਦਾ, ਇਹ ਮੈਂ ਸਮਝ ਨਾ ਪਾਇਆ ਸੀ।
ਰਿੜ-ਰਿੜ ਕੇ ਤੁਰਨਾ ਕੀ ਹੁੰਦਾ ਮੈਨੂੰ ਉਸ ਸਿਖਾਇਆ ਸੀ।
ਮੇਰਾ ਦੁੱਖ-ਸੁੱਖ ਸਮਝ ਕੇ ਆਪਣਾ, ਪਿੰਡੇ ਉਸ ਹੰਡਾਇਆ ਸੀ।
ਮੇਰੀਆਂ ਖ਼ੁਸ਼ੀਆਂ ਵਿਚ ਖਿੜ, ਹੱਸਦਾ ਗਮੀਆਂ ਵਿਚ ਮੁਰਝਾਇਆ ਸੀ।
ਝਖੜ-ਝਾਂਗੀ ਰਾਤ ਡਰਾਵੀਂ, ਬੱਦਲ ਕੁੱਝ ਲਿਸ਼ਕਾਇਆ ਸੀ।
ਵਾ-ਵਰੋਲਾ ਐਸਾ ਆਇਆ, ਪੁਟਕੇ ਦੂਰ ਵਗਾਇਆ ਸੀ।
ਮੈਂ ਦੇਖ ਹੱਥ ਮਲਦਾ ਰਹਿ ਗਿਆ, ਮੇਰਾ ਦਿਲ ਭਰ ਆਇਆ ਸੀ।
ਜੇ ਸੀ ਮੈਨੂੰ ਛੱਡ ਤੁਰ ਜਾਣਾ, ਕਾਹਤੋਂ ਪਿਆਰ ਵਧਾਇਆ ਸੀ।
ਗੁਝੀਆਂ ਰਮਜਾਂ ਦੇ ਨਾਲ ਉਸਨੇ, ਮੈਨੂੰ ਕੁਝ ਸਮਝਾਇਆ ਸੀ।
ਜ਼ਿੰਦਗੀ ਸੁਪਨਾ ਸੱਚ ਨਾ ਹੁੰਦਾ, ਸਤਿਗੁਰੂ ਨੇ ਫਰਮਾਇਆ ਸੀ।
'ਗੁਰਮੋਹਣ' ਨਿਮਾਣਾ ਸਮਝ ਨਾ ਸਕਿਆ ਐਵੇਂ ਵਕਤ ਵਿਹਾਇਆ ਸੀ।

ਸਾਉਣ ਮਹੀਨਾ

ਰੱਖੜ ਪੁਨਿਆਂ ਤੀਆਂ ਲੈ ਕੇ, ਸਾਲ ਦੇ ਪਿੱਛੇ ਆਉਂਦਾ ਸਾਉਣ।
ਠੰਡੀ ਹਵਾ ਪੁਰੇ ਦੀ ਚੱਲੇ, ਬੱਦਲ ਕਾਲੇ ਮੀਂਹ ਵਰਸਾਉਣ।
ਐਪਰ ਔੜ ਹੈ ਐਸੀ ਲੱਗੀ, ਰੱਬ ਵੱਲ ਵੇਖਣ ਚੁਕ ਕੇ ਧੌਣ।
ਤੀਆਂ ਰੱਖੜੀ ਕੀ ਮਨਾਈਏ, ਮਨ ਨੂੰ ਕੋਈ ਨਾ ਭਾਉਂਦਾ ਸਾਉਣ।
ਜੇਬਾਂ ਖਾਲੀ ਵੀਰ ਨਿਰਾਸ਼ੇ, ਵੀਰੇ ਰੱਖੜੀ ਕਿਵੇਂ ਬਨਾਉਣ।
ਹਾੜ ਦੇ ਵਾਂਗੂ ਸਾਉਣ ਵੀ ਤਪਿਆ, ਆਵੇ ਕਿਤੇ ਨਾ ਠੰਡੀ ਪਾਉਣ।
ਕੜ੍ਹਾ ਪੂੜੀਆਂ ਲੰਗਰ ਲਾਕੇ, ਲੋਕੀ ਰੁਸਿਆ ਰੱਬ ਮਨਾਉਣ।
ਮੁੜਕੇ ਦੇ ਨਾਲ ਆਟਾ ਗੁਜਦਾ, ਬਿਨਾਂ ਅੱਗ ਤੋਂ ਪੱਕਦੀ ਤੌਣ।
ਯੱਗ-ਹਵਨ ਤੇ ਜੰਤਰ ਕਰਕੇ, ਸਾਧੂ ਲੱਗੇ ਰੱਬ ਭਰਮਾਉਣ।
ਗੁੱਡੇ ਗੁੱਡੀਆਂ ਫੂਕ ਸਾੜਕੇ, ਮੰਦਰੀ ਲੱਗੇ ਟੱਲ ਖੜਕਾਉਣ।
ਨਾਥ ਤੇ ਜੋਗੀ ਤਪੇ ਤਪੀਸਰ, ਉੱਚੀ- ਉੱਚੀ ਸੰਖ ਵਜਾਉਣ।
ਮੋਟਰ ਸੜ ਗਈ ਬੋਰ ਵੀ ਖੜ੍ਹ ਗਿਆ, ਜੱਟ ਤਾਂ ਲੱਗੇ ਝੋਨਾਂ ਲਾਉਣ।
ਐਸਾ ਬੰਨ ਸਬਰ ਦਾ ਟੁੱਟਿਆ, ਮੂਧੀ ਹੋ ਗਈ ਸਭ ਦੀ ਦਾਉਣ।
ਆਏ ਦਿਨ ਕੋਈ ਫਾਹਾ ਲਾਉਂਦਾ, ਹੋ ਰਿਹਾ ਜੱਟਾਂ ਦਾ ਨਾਉਣ।
ਨਾ ਕਿਤੇ ਹਵਾ ਪੁਰੇ ਦੀ ਚੱਲੇ, ਡੱਡ ਵਿਚਾਰੇ ਕਿਵੇਂ ਗੜਾਉਣ
ਆਟੇ ਦੀ ਲੱਪ ਕਿੱਥੇ ਪਾਈਏ, ਕੀੜੀਆਂ ਦੇ ਨਾ ਦਿੱਸਦੇ ਭੋਣ।
ਨਾ ਕੋਈ ਬੱਦਲ ਨਾ ਘਟ ਕਾਲੀ, ਮੋਰ ਕਿਵੇਂ ਦੱਸ ਪੈਲਾਂ ਪਾਉਣ।
ਕੋਇਲ ਕਾਲੀ ਬੈਹੇ ਨਾ ਡਾਲੀ, ਅੰਬ ਵੀ ਸੁੱਕੇ ਪਤ ਵਰਸਾਉਣ।
ਨਾ ਗਡੋਆ ਨਾ ਟਟਹਿਣਾ, ਬੀਡਾਂ ਵੀ ਚੁੱਪ ਹੋ ਗਿਆ ਮੌਨ।
ਅੱਕਾਂ ਦਾ ਤਾਂ ਦੁੱਧ ਵੀ ਸੁੱਕ ਗਿਆ, ਅੱਕ ਟਿੱਡਾ ਲੱਗਾ ਕਰਲਾਉਣ।
ਬਾਹਰ ਕਿਤੇ ਨਾ ਚੋਗਾ ਲੱਭੇ, ਕੂੰਜਾਂ ਵੀ ਘਰ ਨੂੰ ਪਰਤੌਣ।
ਰਕੜ ਬੇਲੇ ਧੂੜਾਂ ਉੱਡਣ, ਬਿੱਜਲੀ ਦੇ ਕਈ ਕੱਟ ਲਗਾਉਣ।

ਲੰਮੀਆਂ ਬਾਤਾਂ ਕੀ ਸੁਣਾਈਏ, ਇਥੇ ਲਗਾ ਗੱਲ ਮੁਕਾਉਣ।
ਭਾਵੇਂ ਵਿਚ ਪਰਦੇਸਾਂ ਬੈਠੇ, ਫਿਰ ਵੀ ਘਰਾਂ ਦੇ ਚੇਤੇ ਆਉਣ।
ਆਪਣੇ ਵਤਨ ਨੂੰ ਫੋਨ ਲਗਾ ਕੇ, ਕਰ ਲਈ ਦਾ ਦਿਲ ਪਰਚਾਉਣ।
ਵੀਰੋ ਇਕ ਸੁਨੇਹਾ ਮੇਰਾ, ਲਗਾ ਤੁਹਾਡੇ ਤੱਕ ਪਾਹੁੰਚਾਉਣ।
ਭੈਣਾਂ ਨਹੀਂ ਤਾਂ ਰੱਖੜੀ ਕਾਹਦੀ, ਸੁੰਨੇ ਗੁੱਟ ਨਾ ਮਨ ਨੂੰ ਭਾਉਣ।
ਸਦਕੇ ਜਾਉ ਉਨ੍ਹਾਂ ਤੋਂ ਵਾਰੀ, ਧੀਆਂ ਕੁਖਾਂ ਵਿਚ ਬਚਾਉਣ।
ਜਾਗਦੇ ਰਹੋ ਕਿਤੇ ਸੌ ਨਾ ਜਾਇਉ, ਹੋਕਾ ਦੇ ਦਿੱਤਾ 'ਗੁਰਮੋਹਣ'

ਮਾਂ ਬੋਲੀ ਦਾ ਦਰਦ, ਜੋ ਉਸਨੇ ਆਪਣੇ ਪਿੰਡੇ ਤੇ ਹੰਡਾਇਆ

(ਟੇਕ)

ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ
ਗੁਰੂਆਂ ਨੇ ਮੈਨੂੰ ਮਾਣ ਬਖਸ਼ਿਆ, ਕੀਤਾ ਦੂਣ ਸਵਾਇਆ।
ਸਿਰ ਦੇ ਉਤੇ ਤਾਜ ਬਕਸ਼ਕੇ ਤਖਤਾਂ ਉੱਤੇ ਬੈਠਾਇਆ।
ਪੈਰ ਨਾ ਮੇਰੇ ਭੁੰਜੇ ਲੱਗਦੇ, ਅੰਬਰੀ ਲਵਾਂ ਉਡਾਰੀਆਂ
ਕਿਸਦੇ ਅੱਗੇ ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਪੈਂਤੀ ਅੱਖਰ ਬਖਸ਼ਕੇ ਮੈਨੂੰ, ਗੁਰੂਮੁਖੀ ਨਾਂ ਸਦਾਇਆ,
ਕਵੀਆਂ ਸੱਥਾਂ ਦੇ ਵਿਚ ਗਾ ਕੇ, ਨਾਂ ਮੇਰਾ ਰੁਸ਼ਨਾਇਆ,
ਵੰਨੋ-ਵੰਨਾਂ ਰੂਪ ਬਣਾਕੇ, ਗਜ਼ਲਾਂ ਨਾਲ ਸ਼ਿੰਗਾਰੀ
ਕਿਸਦੇ ਅੱਗੇ ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਝੰਡਾ ਕੇਸਰੀ ਝੂਲਣ ਲਗਾ, ਜਦੋਂ ਲਾਹੋਰ ਦੇ ਉਤੇ,
ਹਿੱਕ ਤਾਣ ਕੇ ਤੁਰਦੀ ਸੀ ਮੈਂ, ਭਰ ਜੋਬਨ ਦੀ ਰੁੱਤੇ,
ਇਕ ਸੀ ਪੁੱਤਰ ਨਲੂਆ ਮੇਰਾ, ਦੂਜਾ ਸ਼ਾਮ ਅਟਾਰੀ
ਕਿਸਦੇ ਅੱਗੇ ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਮਹਾਰਾਜੇ ਰਣਜੀਤ ਸਿੰਘ ਨੂੰ ਗੋਦੀ ਵਿਚ ਖਿਡਾਇਆ,
ਦੇ ਗਿਆ ਮੈਨੂੰ ਤੋੜ ਵਿਛੋੜਾ, ਧਰਤੀ ਤੇ ਪਟਕਾਇਆ,
ਕੱਲ ਤੱਕ ਸਨ ਵਫ਼ਾਦਾਰ ਜੋ, ਕਰ ਗਏ ਅੱਜ ਗਦਾਰੀ
ਕਿਸਦੇ ਅੱਗੇ ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਨਾਮ ਅਜ਼ਾਦੀ ਦੇ ਕੇ ਮੈਨੂੰ, ਮੇਰੇ ਪੁੱਤਰ ਖੋਹ ਲਏ,
ਉਸ ਦਿਨ ਤੋਂ ਕੋਈ ਖ਼ੁਸ਼ੀ ਨਾ ਮਾਣੀ ਖੁਨ ਦੇ ਹੰਝੂ ਰੋ ਲਏ,
ਜੇਹਲਮ ਅਤੇ ਝਨਾਅ ਦੇ ਵਾਜੋਂ, ਹੋ ਗਈ ਅੱਜ ਨਕਾਰੀ
ਕਿਸਦੇ ਅੱਗੇ ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਮਹਿਲਾਂ ਦੇ ਵਿਚ ਵੱਸਦੀ ਸੀ ਮੈਂ, ਕੱਖੋਂ ਹੋਲੀ ਹੋ ਗਈ,
ਘਰ ਤੇ ਘਾਟ ਗਵਾ ਕੇ ਆਪਣਾ, ਸੜਕ ਤੇ ਆਣ ਖਲੋ ਗਈ
ਦਰ ਦਰ ਠੋਕਰ ਖਾਂਦੀ ਫਿਰਦੀ, ਮੈਂ ਕਰਮਾਂ ਦੀ ਮਾਰੀ,
ਕਿਸਦੇ ਅੱਗੇ ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ ।
ਸਭਿਆਚਾਰ ਦੇ ਨਾਂ ਤੇ ਮੈਨੂੰ, ਖਾੜੇਆਂ ਵਿਚ ਨਚਾਇਆ

ਲੋਕੀ ਵਹਿੰਦੇ ਰਹੇ ਤਮਾਸ਼ਾ, ਦੁੱਖ ਨਾ ਕਿਸੇ ਵੰਡਾਇਆ
ਮੇਰੀ ਪੱਤ ਬਚਾਉ ਕਿਹੜਾ, ਬਣ ਕੇ ਕ੍ਰਿਸ਼ਨ ਮੁਰਾਰੀ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਮਾਂ ਬੋਲੀ ਦੀ ਸੇਵਾ ਕਰਦੇ, ਕੀ ਕਰਦੇ ਵਡਿਆਈ
ਨੰਗੇ- ਪੁੰਗੇ ਗੀਤ ਗਵਾ, ਮੇਰੀ ਚੁੰਨੀ ਸਿਰ ਤੋਂ ਲਾਈ,
ਸੱਥ ਦੇ ਵਿਚ ਮੇਰੀ ਪੱਤ ਨਾ ਰੋਲੋ, ਤਰਲੇ ਲਵਾਂ ਵਿਚਾਰੀ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਮੇਰੇ ਵਾਰਿਸ ਛੱਡ ਕੇ ਮੈਨੂੰ ਵਿਚ ਪਰਦੇਸਾਂ ਆ ਗਏ,
ਆਪਣੇ ਹੱਥੀ ਮੇਰੀ ਗੁੱਤ ਨੂੰ, ਭਈਆਂ ਹੱਥ ਫੜਾ ਗਏ
ਦੱਸ ਗੁਰੂਆਂ ਦੀ ਧਰਤੀ ਉੱਤੇ ਜ਼ਰਦੇ ਲਾਉਣ ਬਿਹਾਰੀ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਤਿੰਨ ਸੌ ਸਾਲ ਮਨਾ ਕੇ ਵੀ ਮੇਰੀ, ਅਜੇ ਪਛਾਣ ਨਾ ਹੋਈ
ਮੇਰਾ ਨਿਰਣਾ ਜੱਜ ਨੇ ਕਰਨਾ, ਜਿਉਂਦੀ ਹਾਂ ਕੇ ਮੋਈ
ਮੇਰੇ ਵਾਰਿਸਾਂ ਵਿਚ ਕੋਰਟ ਦੇ, ਦਿੱਲੀ ਜਾ ਖਲਿਆਰੀ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਮੌਤ ਡੈਣ ਦਾ ਰੂਪ ਧਾਰਕੇ, ਸੰਨ ਚੋਰਾਸੀ ਆਇਆ
ਜਖ਼ਮਾਂ ਤੋਂ ਨਾਸੂਰ ਬਣ ਗਏ, ਮਰ੍ਹਮ ਨਾ ਕਿਸੇ ਲਗਾਇਆ
ਵਿਚ ਬਾਜ਼ਾਰਾਂ ਲੁੱਟੀ ਗਈ ਮੈਂ, ਪੁੱਤਰੋ ਸਿਖ਼ਰ ਦੁਪਹਿਰੀਂ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰ।
ਧਨ ਦੌਲਤ ਦੇ ਲਾਲਚ ਮੈਨੂੰ, ਇੰਗਲਿਸ਼ ਵਿਚ ਰਲਾਇਆ
ਦੇਖ ਕੇ ਮੇਰਾ ਰੂਪ ਵਿਗੜਿਆ, ਕਾਲਜ਼ਾ ਮੂੰਹ ਨੂੰ ਆਇਆ
ਕੋਹ-ਕੋਹ ਕੇ ਮੈਨੂੰ ਮਾਰਨ ਦੇ ਲਈ, ਕਰ ਲਈ ਤੁਸਾਂ ਤਿਆਰੀ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਲਹੂ ਸਫ਼ੈਦ ਲੋਕਾਂ ਦਾ ਹੋਇਆ, ਉੱਡ ਗਿਆ ਰੰਗ ਗ਼ੁਲਾਬੀ
ਸੌ ਦੇ ਵਿਚ ਚਾਲੀ ਅਮਲੀ, ਪੈਂਤੀ ਫਿਰਨ ਸ਼ਰਾਬੀ
ਸਿਰ ਮੂੰਹ ਘਰੜ ਮੁਨਾਈ ਫਿਰਦੇ, ਖੁੱਸ ਗਈ ਸਰਦਾਰੀ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਇਕ ਦੂਜੇ ਦੇ ਪਾਉਂਣ ਸਰੋਪੇ, ਜੱਥੇਦਾਰ ਅੱਜ ਮੇਰੇ,
ਗਿਰਗਟ ਵਾਂਗੂ ਰੰਗ ਬਦਲਦੇ, ਨਿੱਤ ਇਨ੍ਹਾਂ ਦੇ ਚਿਹਰੇ

ਉਜੜੇ ਬਾਗਾਂ ਦੇ ਬਣ ਬੈਠੇ, ਗਾਲੜ ਅੱਜ ਪਟਵਾਰੀ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਸ਼ਾਇਰਾਂ, ਰਾਗੀਆਂ, ਢਾਡੀ ਪੁੱਤਰਾਂ, ਮੈਨੂੰ ਗੱਲ ਨਾਲ ਲਾਇਆ
ਸ਼ਰਦਲ ਫੜ ਮੈਂ ਉਠ ਖਲੋਤੀ, ਮਿਲ ਗਿਆ ਕੋਈ ਹਮਸਾਇਆ
ਘੁਟਕੇ ਅੱਜ ਗੱਲਵਕੜੀ ਪਾ ਲਉ, ਮੈਂ ਮਮਤਾ ਦੀ ਮਾਰੀ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।
ਉਖੜੇ ਉਖੜੇ ਸਾਹ ਮੈਂ ਲੈਂਦੀ, ਨਬਜ਼ ਅਜੇ ਵੀ ਚੱਲਦੀ,
ਦਿਲ ਦਾ ਧੱਕਾ ਲਗਾ ਮੈਨੂੰ, ਖ਼ਬਰ ਨਾ ਮੈਨੂੰ ਕੱਲ ਦੀ
'ਗੁਰਮੋਹਣ' ਤੋਂ ਅੱਗੇ ਲਿਖ ਨਹੀਂ ਹੁੰਦਾ ਭਿੱਜ ਗਈ ਕਲਮ ਵਿਚਾਰੀ
ਕਿਸਦੇ ਅੱਗੇ ਦੁੱਖੜੇ ਖੋਲਾਂ, ਹੋ ਗਈ ਮੈਂ ਦੁਖਿਆਰੀ।

ਖਾਈਏ ਦਾਲ ਜਿਹੜੀ ਨਿਭ ਜਾਏ ਨਾਲ

ਇਕ ਦਿਨ ਖਾਣ ਵੱਲ ਤੁਰ ਗਿਆ ਖਿਆਲ ਜੀ।
ਰੋਟੀਆਂ ਤਿਆਰ ਨੇ ਬਣਾਇਆ ਕੀ ਏ ਨਾਲ ਜੀ।
ਪੁੱਛੇ ਬਿਨਾਂ ਧਰਾਂ ਕਿਵੇਂ ਮੇਰੀ ਕੀ ਮਜ਼ਾਲ ਜੀ।
ਸ਼ਬਜੀ ਬਣਾਵਾਂ ਜਾਂ ਬਣਾਵਾਂ ਕੋਈ ਦਾਲ।
ਲੰਗਰਾਂ ਦੀ ਦਾਲ ਖਾ ਖਾ ਅੱਗੇ ਹੀ ਮੈਂ ਥੱਕਿਆ।
ਗਾਜ਼ਰਾਂ ਤੇ ਕੱਦੂ ਵੱਲੋਂ ਮਨ ਮੇਰਾ ਅੱਕਿਆ।
ਸਾਗ ਖਾਣ ਨਾਲ ਮੇਰਾ ਕਾਲਜਾ ਹੈ ਮੱਚਦਾ।
ਘੀਆਂ ਪੇਠਾ ਹਲਵਾ ਤਾਂ ਮੈਨੂੰ ਨਹੀਉ ਪੱਚਦਾ।
ਕਰੇਲੇ ਬੰਨ੍ਹ ਧਾਗੇ ਨਾਲ ਭਰਵੇਂ ਬਣਾਈ ਜਾ।
ਮੱਠੀ ਮੱਠੀ ਅੱਗ ਉੱਤੇ ਪੌਣੀ ਨਾ ਹਲਾਈ ਜਾ।
ਲਾਲ, ਭੂਰੇ ਕਰੀ ਜਾ ਤੇ ਤਲ ਜ਼ਰਾ ਰੋੜਕੇ,
ਰੱਖ ਲੈ ਤੂੰ ਥਾਲੀ ਵਿਚ ਸਾਰੇ ਜੋੜ ਜੋੜ ਕੇ।
ਨਹੀਂ ਗਾ ਸਲੂਣਾ ਜੋ ਕਰੇਲਿਆਂ ਦੇ ਤੁਲ ਦਾ।
ਆਵੇਗਾ ਸਵਾਦ ਜੋ ਪਕੌੜਿਆਂ ਨੂੰ ਭੁੱਲ ਦਾ।
ਤੱਤੇ ਤੱਤੇ ਤਲ ਕੇ ਪਲੇਟ ਵਿਚ ਰੱਖੀ ਜਾ।
ਸੱਚ ਪੁੱਛੇ ਆਂਵਦਾ ਸਵਾਦ ਜਿਉਂ ਮੱਛੀ ਦਾ।
ਰੋਟੀਆਂ ਮੈਂ ਬਿਨਾਂ ਗਿਣੇ **15** ਕੁ ਖਾ ਲਵਾਂ।
ਭਾਗਵਾਨੇ ਦੱਸਾਂ ਢਿੱਡ ਟੋਆ ਹੀ ਬਣਾ ਲਵਾਂ।
ਘਰ ਵਾਲੀ ਕਹਿੰਦੀ ਮੈਂ ਵੀ ਲੌਣਾ ਏ ਹਿਸਾਬ ਜੀ।
ਥੋੜੇ ਚਿਰਾਂ ਪਿਛੋਂ ਅੱਗੋਂ ਦੇਂਦੀ ਹੈ ਜੁਵਾਬ ਜੀ।
ਕਰੇਲਿਆਂ ਦੇ ਨਾਲੋਂ ਤਾਂ ਜੀ ਨਿੰਮ ਕੌੜੀ ਪੀ ਲਵੋ।
ਮੂੰਹ ਕੌੜਾ ਕਰਨਾ ਕੁਨੈਨ ਥੋੜੀ ਪੀ ਲਵੋ।
ਸਬਜ਼ੀ ਕਰੇਲਿਆਂ ਦੀ ਕਾਲਜੇ ਨੂੰ ਸਾੜਦੀ।
ਸੁਕਦੀ ਦੀ ਜ਼ੁਬਾਨ ਜਿਵੇਂ ਧੁੱਪ ਪਵੇ ਹਾੜ੍ਹ ਦੀ।
ਇਕੋ ਡੰਗ ਹੁੰਦਾ ਮਸਾਂ ਦੂਜੇ ਦੀ ਨਹੀਂ ਬਚਦੀ।
ਲਗਦੀ ਅਚਾਰ ਵਾਂਗੂ ਕਹਾਂ ਗੱਲ ਸੱਚਦੀ।
ਸਾਰਾ ਦਿਨ ਮੂੰਹ ਚੋਂ ਕਸੈਲ ਨਹੀਂ ਜਾਂਵਦੀ।

ਸ਼ਬਜੀ ਕਰੇਲਿਆਂ ਦੀ ਮੈਨੂੰ ਨਹੀਂ ਜੇ ਭਾਂਵਦੀ।
ਤਲੀ ਨੂੰ ਜੀਅ ਕਰਦਾ ਤਾਂ ਭਿੰਡੀਆਂ ਬਣਾ ਲਵਾਂ।
ਰੱਖਕੇ ਕੇ ਕੜਾਹੀ ਜ਼ਰਾ ਛੌਂਕ ਛਾਂਕ ਲਾ ਲਵਾਂ।
ਕਰੇਲਿਆਂ ਨੂੰ ਕਹਿੰਦੇ ਸੀ, ਕਰੇਲਿਆਂ ਦੇ ਤੁੱਲ ਨੇ।
ਉਸੇ ਭਾਅ ਵਿਕਦੀਆਂ ਤੇ ਇਕੋ ਜਿਨੇ ਮੁੱਲ ਨੇ।
ਕਟੇ ਤੋਂ ਬਗ਼ੈਰ ਜਰਾ ਭਰਕੇ ਬਣਾਵਾਂਗੇ।
ਭੁਲਣੀ ਨਹੀਂ ਯਾਦ ਚੱਟੀ ਉਂਗਲਾਂ ਵੀ ਜਾਵਾਂਗੇ।
ਤੋਰੀ ਹੈ ਕਰਾਰੀ ਅਤੇ ਹੁੰਦੀ ਲਾ-ਜਵਾਬ ਜੀ।
ਇਕ ਗੱਲ ਕਹਾਂ ਮੇਰੀ ਸੁਣੀਏ ਜ਼ਨਾਬ ਜੀ।
ਭਿੰਡੀ ਹੈ ਸਵਾਦ, ਪਰ ਲੇਸ ਜਦੋਂ ਛੱਡਦੀ,
ਸੱਚ ਪੁਛੋ ਮੈਨੂੰ ਤਾਂ ਜ਼ੁਕਾਮ ਵਾਂਗੂ ਲੱਗਦੀ।
ਜਿਹੜੀ ਚੀਜ਼ ਜੱਚੇ ਨਾ ਮੈਂ ਉਹਨੂੰ ਕਿਵੇਂ ਖਾਲਵਾਂ।
ਖਾਹ-ਮਖਾਹ ਦੀ ਗੂੰਦ ਵਾਲਾ ਪੰਗਾ ਗਲ਼ ਪਾ ਲਵਾਂ।
ਭਿੰਡੀਆਂ ਦੀ ਗੱਲ ਕਰ, ਚੇਤਾ ਤੂੰ ਕਰਾ ਗਈ।
ਨਿੱਕੇ ਹੁੰਦੇ ਖਾਦੀ ਸੀ, ਲਸੂੜੀ ਯਾਦ ਆ ਗਈ।
ਗਿਟਕ ਖਾਕੇ ਸਿੱਟੀ ਸੀ ਤਾਂ ਝੱਗੇ ਉਤੇ ਪੈ ਗਈ।
ਝੱਗੇ ਉਤੋਂ ਲਾਹੀ ਤਾਂ ਪਜ਼ਾਮੇ ਉਤੇ ਬਹਿ ਗਈ।
ਝਾੜਿਆ ਪਜ਼ਾਮਾ ਲਾਹ ਕੇ, ਉਸ ਤੋਂ ਤਾਂ ਲਹਿ ਗਈ।
ਬੁੜਕ ਕੇ ਲਾਗੇ ਖੜ੍ਹੇ ਰਾਜੂ ਗਲ਼ ਪੈ ਗਈ।
ਰਾਜੂ ਨਾਲੋਂ ਲਾਹੀ ਸੀ ਮੈਂ ਤੀਲ਼ੇ ਨਾਲੋਂ ਤੋੜਕੇ।
ਭਿੰਡੀਆਂ ਨਾ ਧਰੀਂ ਤੈਨੂੰ ਕਹਾਂ ਹੱਥ ਜੋੜਕੇ।
ਹੋਰ ਕੁਝ ਦੱਸ ਜਿਹੜਾ ਤੇਲ ਵਿਚ ਤੁੜਕਦਾ।
ਸੱਚ ਦੱਸਾਂ ਅੱਜ ਚਿੱਤ ਤਲੀਆਂ ਨੂੰ ਭੁੜਕਦਾ।
ਇਕ ਗੱਲ ਕਹਾਂ ਲਾਕੇ ਸੁਣੋ ਧਿਆਨ ਜੀ।
ਲੱਕ ਮਟਕਾ ਕੇ ਮੈਨੂੰ ਕਹਿੰਦੀ ਭਾਗਵਾਨ ਜੀ।
ਭਰਵੇਂ ਬਤਾਂਉਂ ਫੇਰ ਤਲ ਕੇ ਬਣਾ ਲਵਾਂ।
ਹੋ ਜਾਊਗਾ ਕਰਾਰਾ ਮੂੰਹ ਪੂਰ ਇਕ ਲਾ ਲਵਾਂ।
ਮੂੰਹ ਵਾਲੀ ਬਾਤ ਮੇਰੀ, ਆਪੇ ਖਿੱਚ ਲੈ ਗਈ।
ਕਹਿਣੀ ਸੀ ਜੋ ਗੱਲ ਤੇਰੇ ਖਾਨੇ ਵਿਚ ਪੈ ਗਈ?

ਬਣਾਵਾਂਗੇ ਬਤਾਂਉ ਅੱਜ ਮਤਾ ਪਾਸ ਹੋ ਗਿਆ।
ਖ਼ੁਸ਼ੀ ਨਾਲ ਬੈਠਾ ਮੈਂ ਵੀ ਉਠਕੇ ਖਲੋ ਗਿਆ।
ਗੋਲ ਤੇ ਮਟੋਲ ਸੋਹਣੇ ਹਰੀ ਡੰਡੀ ਵਾਲੇ ਸੀ।
ਲਿਸ਼ਕਾਂ ਵੀ ਮਾਰਦੇ ਤੇ ਨੀਲੇ ਰੰਗ ਵਾਲੇ ਸੀ।
ਲਾਲ, ਪੀਲੇ, ਕਾਲੇ ਜਦੋਂ ਖੇਡਦੇ ਬੁੜਕਦੇ,
ਜਾਪਦੇ ਸੀ ਡੱਡੂ ਜਿਉਂ ਕੜਾਹੀ ਵਿਚ ਭੁੜਕਦੇ।
ਭਾਗਵਾਨ ਕਹਿੰਦੀ ਦਹੀਂ ਕੌਲੀਆਂ ਚ੍ਹ' ਪਾ ਲਵੋ।
ਡੋਂਗਾ ਵਿਚ ਰੱਖ ਕੇ ਪਲੇਟਾਂ ਵੀ ਸਜਾ ਲਵੋ।
ਛੇਤੀ-ਛੇਤੀ ਕਰ ਐਵੇਂ ਉਡੀਕਾਂ ਨਾ ਕਰਾਈ ਜਾ।
ਭੁੱਖ ਡਾਡੀ ਲੱਗੀ ਐਵੇਂ ਹੋਰ ਨਾ ਸਤਾਈ ਜਾ।
ਏਨੇ ਨੂੰ ਬਤਾਂਉਆਂ ਦੀ ਕੜਾਹੀ ਅੱਗੇ ਆ ਗਈ।
ਵਾਸ਼ਨਾ ਜੋ ਤੇਲ ਦੀ ਉਹ ਸਾਹਾਂ ਵਿਚ ਸਮਾ ਗਈ।
ਪੂੰਛੋਂ ਫੜ ਬੈਂਗਨ ਪਲੇਟ ਵਿਚ ਰੱਖਿਆ।
ਲਾਲਚੀ ਨਿਗ੍ਹਾਂ ਨਾਲ ਉਸ ਵੱਲ ਤੱਕਿਆ।
ਸਾਬਤੇ ਹੀ ਇਕ ਦੋ ਮੈਂ ਬਿਨਾਂ ਚੱਬੇ ਖਾ ਗਿਆ।
ਤੀਜੇ ਨੂੰ ਫਰੋਲਿਆ ਤਾਂ ਸੁੰਡਾ ਬਾਹਰ ਆ ਗਿਆ।
ਸੁੰਡੇ ਵੱਲ ਵੇਖਿਆ ਤਾਂ ਵੇਖਦਾ ਮੈਂ ਰਹਿ ਗਿਆ।
ਕੁਰਸੀ ਤੋਂ ਉਠਕੇ, ਮੈਂ ਪੈਰਾਂ ਭਾਰ ਬਹਿ ਹਿਆ।
ਹੁੱਕ -ਹੁੱਕ ਕਰਕੇ ਮੈਂ ਕਾਲਜੇ ਨੂੰ ਘੁੱਟਿਆ।
ਆਖਿਆ ਬਤਾਉਂਆਂ ਦੀ ਕੜਾਹੀ ਬਾਹਰ ਸੁੱਟਿਆ।
ਕੀਤੀ ਤੇ ਕਰਾਈ ਤੇ ਪਾਣੀ ਜਿਹਾ ਪੈ ਗਿਆ।
ਬਤਾਉਂਆਂ ਦੇ ਸਵਾਦ ਦਾ ਫਤੂਰ ਮਨੋਂ ਲਹਿ ਗਿਆ।
ਦੇ ਕੇ ਧਰਾਸ ਕਹਿੰਦੀ, ਹੋ ਗਿਆ ਜੋ ਹੋਣਾ ਏ।
ਦੱਸੋ ਮੈਨੂੰ ਬਾਦਸ਼ਾਉ ਹੁਣ ਕੀ ਬਣਾਉਂਣਾ ਏ।
ਕਿਹਾ ਮੇਰੀ ਸਿਹਤ ਵਾਲਾ ਰੱਖਣਾ ਖਿਆਲ ਤੂੰ,
ਦਖ਼ਲਾ ਨਾ ਕਰੇ ਜੋ ਬਣਾ ਲੈ ਕੋਈ ਦਾਲ ਤੂੰ।
ਮੂੰਗੀ ਵਿਚ ਇਕ ਲੱਪ ਮਸਰੀ ਰਲਾ ਲਵਾਂ,
ਝੱਟ-ਪੱਟ ਬਣੇ, ਜਿਹੜੀ ਦਾਲ ਉਹ ਬਣਾ ਲਵਾਂ?
ਚੱਟ ਪਟੇ ਕਰਾਰੇ ਭਾਂਵੇ ਲਗਦੇ ਸਵਾਦ ਜੀ।

ਰੁੱਕ ਜਾਵੇ ਛਾਤੀ ਉਦੋਂ ਨਾਨੀ ਆਉਂਦੀ ਯਾਦ ਜੀ
ਤਲੀਆਂ ਕਰਾਰੀਆਂ ਨਾ ਹੁੰਦਾ ਬੁਰਾ ਹਾਲ ਜੀ।
ਰੋਟੀਆਂ ਦੇ ਨਾਲ ਅੰਤ ਨਿਭਦੀ ਹੈ ਦਾਲ ਜੀ
ਦਾਲ ਰੋਟੀ ਖਾਈ ਜਾ, ਪ੍ਰਭੂ ਦੇ ਗੁਣ ਗਾਈ ਜਾ।
'ਮੋਹਣ' ਕੋਲੋਂ ਮਾਲਕਾ ਤੂੰ ਕਾਵਿਤਾ ਲਿਖਾਈ ਜਾ।

ਹਲੂਣਾ

ਕਲਮ ਪਕੜ ਕੇ ਲਿਖਣ ਜੇ ਲੱਗਿਆਂ,
ਆਪਣੇ ਉਸ ਦਾਤਾਰ ਤੇ ਲਿਖਦੇ।।
ਲਿਖਦਿਆਂ ਲਿਖਦਿਆਂ ਵਿੱਕ ਨਾ ਜਾਵੀਂ,
ਹੋ ਕੇ ਜ਼ਰਾ ਹੁਸ਼ਿਆਰ ਤੇ ਲਿਖਦੇ।
ਚੰਦ ਸੂਰਜ ਜਿਸ ਨੇ ਧਰਤੀ ਸਾਜੀ,
ਸੱਚੇ ਸਿਰਜਣਹਾਰ ਤੇ ਲਿਖਦੇ।
ਰੰਗ-ਬਿਰੰਗੀ ਦੁਨੀਆਂ ਚਿੱਤਰੀ,
ਐਸੇ ਚਿੱਤਰਕਾਰ ਤੇ ਲਿਖਦੇ।
ਚਾਰ ਵੇਦ ਦਾ ਜਾਣੂ ਰਾਵਣ,
ਮੱਤ ਮਾਰੀ ਹੰਕਾਰ ਤੇ ਲਿਖਦੇ
ਅਰਜਨ ਦੇ ਬਾਣਾਂ ਤੇ ਲਿਖਦੇ,
ਗੁਰੂ ਦਰੋਣਾਚਾਰ ਤੇ ਲਿਖਦੇ।
ਵਿਚ ਸਭਾ ਦੇ ਲਾਜ ਬਚਾ ਲਈ,
ਐਸੇ ਕ੍ਰਿਸ਼ਨ ਮੁਰਾਰ ਤੇ ਲਿਖਦੇ।
ਹਨੂੰਮਾਨ ਜਿਨੇ ਪਰਬਤ ਚੁੱਕਿਆ,
ਰਾਮ ਚੰਦਰ ਅਵਤਾਰ ਤੇ ਲਿਖਦੇ।
ਗੁਰੂ ਗ੍ਰੰਥ ਹੈ ਜੋਤ ਗੁਰੂਂ ਦੀ,
ਬਾਣੀ ਦੇ ਸਤਿਕਾਰ ਤੇ ਲਿਖਦੇ।
ਸਵਾ ਲਾਖ ਸੇ ਏਕ ਲੜਾਇਆ,
ਖੰਡੇ ਪਾਹੁਲ ਧਾਰ ਤੇ ਲਿਖਦੇ।
ਚਾਰ ਵਾਰ ਕੇ ਸ਼ੁਕਰ ਮਨਾਇਆ,
ਚੋਜ਼ੀ ਕਲਗੀਧਾਰ ਤੇ ਲਿਖਦੇ।
ਹਿੰਦੂ ਧਰਮ ਬਚਾਉ ਸਾਡਾ,
ਪੰਡਤਾਂ ਕਰੀ ਪੁਕਾਰ ਤੇ ਲਿਖਦੇ।
ਵਾਰ ਕੇ ਸੀਸ, ਧਰਮ ਬਚਾਇਆ,
ਭੁੱਲ ਗਏ ਪਰਉਪਕਾਰ ਤੇ ਲਿਖਦੇ।
ਮੀਰ-ਮਨੂੰ ਦੀਆਂ ਜ਼ੇਲਾਂ ਅੰਦਰ,

ਸਹਿ ਗਏ ਅਤਿਆਚਾਰ ਤੇ ਲਿਖਦੇ।
ਵਿਚ ਬੁਡਾਪੇ ਮਾਪੇ ਰੁਲਦੇ,
ਪੁੱਤਰ ਬਰਖ਼ਰਦਾਰ ਤੇ ਲਿਖਦੇ।
ਲੈਲਾ -ਲੈਲਾ ਮੰਜਨੂੰ ਕੂਕੇ,
ਲੱਬੇ ਫੱਟੇ ਲੰਗਾਰ ਤੇ ਲਿਖਦੇ।
ਤਾਜ਼ ਮਹੱਲ ਇਕ ਪ੍ਰੇਮ ਨਿਸ਼ਾਨੀ,
ਉੱਚੀ ਕੁਤੁਬਮਿਨਾਰ ਤੇ ਲਿਖਦੇ।
ਇਸ਼ਕ-ਮੁਸ਼ਕ ਵਿਚ ਜਾਨ ਗਵਾ ਗਿਆ,
ਬੱਕੀ ਦੇ ਅਸਵਾਰ ਤੇ ਲਿਖਦੇ।
ਹੀਰ ਦੀ ਖ਼ਾਤਰ ਕੰਨ ਪੜਵਾਏ,
ਰਾਂਝੇ ਮੱਝੀਆਂ ਚਾਰ ਤੇ ਲਿਖਦੇ।
ਮਹੀਵਾਲ ਨੂੰ ਮਿਲੀ ਨਾ ਸੁਹਣੀ,
ਡੁੱਬ ਗਈ ਵਿਚ ਮਝਧਾਰ ਤੇ ਲਿਖਦੇ।
ਨਾਲ ਫਿਰੰਗੀਆਂ ਜੋ ਸੀ ਰਲ ਗਏ,
ਐਸੇ ਦੇਸ਼ ਗੱਦਾਰ ਤੇ ਲਿਖਦੇ।
ਭਾਰਤ ਦੇਸ਼ ਮਹਾਨ ਜੋ ਕਹਿੰਦੇ,
ਫੈਲੇ ਭ੍ਰਿਸ਼ਟਾਚਾਰ ਤੇ ਲਿਖਦੇ।
ਲੁਟਕੇ ਦੇਸ਼ ਬਗ਼ਾਨੇ ਢੋਇਆ,
ਨੇਤਾ ਦੇ ਕਿਰਦਾਰ ਤੇ ਲਿਖਦੇ।
ਕੌਡੀਆਂ ਦੇ ਮੁੱਲ ਵਿਕੇ ਰੁਪਈਆ,
ਮੰਹਿਗਾਈ ਦੀ ਮਾਰ ਤੇ ਲਿਖਦੇ।
ਕਦ ਤੱਕ ਜ਼ੁਲਮ ਸਹੇਗੀ ਜਨਤਾ,
ਦਿੱਲੀ ਦੀ ਸਰਕਾਰ ਤੇ ਲਿਖਦੇ।
ਤੜਫ ਰਿਹਾ ਕੋਈ ਰੋਗੀ ਦੁੱਖੀਆ,
ਕਿਸੇ ਮਰੀਜ਼ ਬਿਮਾਰ ਤੇ ਲਿਖਦੇ।
ਢਿੱਡੋਂ ਭੁੱਖਾ ਭੁੱਖ ਮਿਟਾਵੇ,
ਐਸੇ ਅੰਨ ਦਾਤਾਰ ਤੇ ਲਿਖਦੇ।
ਮਰਦ ਦੀ ਹਵਸ ਮਿਟਾਵਣ ਖ਼ਾਤਰ,
ਵੇਸਵਾ ਵਿਕੇ ਬਾਜ਼ਾਰ ਚ੍ਹ ਲਿਖਦੇ।

ਦਾਣੇ-ਦਾਣੇ ਨੂੰ ਕੋਈ ਤਰਸੇ,
ਕਿਤੇ ਰੁਲਦੇ ਅੰਨ ਭੰਡਾਰ ਤੇ ਲਿਖਦੇ।
ਸਰਫੇ ਦੇ ਵਿਚ ਸਮਾਂ ਲੰਘਾਉਂਦਾ,
ਧੀ ਬੈਠੀ ਮੁਟਿਆਰ ਤੇ ਲਿਖਦੇ।
ਬਲੀ ਦਹੇਜ਼ ਦੀ ਚੜਦੀ ਅਬਲਾ,
ਕੋਈ ਨਾ ਸੁਣੇ ਪੁਕਾਰ ਤੇ ਲਿਖਦੇ।
ਜੰਮਣ ਤੋਂ ਨਾ ਪਹਿਲਾਂ ਮਾਰੀ,
ਰੋਂਦੀ ਭੁਬਾਂ ਮਾਰ ਤੇ ਲਿਖਦੇ।
ਧਰਮ ਦੇ ਨਾ ਤੇ ਪੱਤ ਅੱਜ ਲੁੱਟਦੇ,
ਡੇਰਿਆਂ ਦੇ ਵਿਭਚਾਰ ਤੇ ਲਿਖਦੇ।
ਧੀਆਂ ਭੈਣਾਂ ਦੇ ਲੱਕ ਮਿਣਦੇ,
ਗਾਉਂਦੇ ਕੁਝ ਫਨਕਾਰ ਤੇ ਲਿਖਦੇ।
ਮਾਂ ਬੋਲੀ ਨੂੰ ਕਰਨ ਬੇ ਪਰਦਾ,
ਭੁਲ ਗਏ ਸਭਿਆਚਾਰ ਤੇ ਲਿਖਦੇ।
ਅਮਲਾਂ ਦੇ ਵਿਚ ਰੁੜੇ ਜਵਾਨੀ,
ਪੰਜਾਬ ਦੀ ਨਵੀ ਨੁਹਾਰ ਤੇ ਲਿਖਦੇ।
ਗੁਰੂਆਂ ਨੇ ਸੀ ਤਾਜ਼ ਬਖਸ਼ਿਆਮ,
ਰੁਲ ਗਈ ਅੱਜ ਦਸਤਾਰ ਤੇ ਲਿਖਦੇ।
ਪੰਜ ਦਰਿਆਵਾਂ ਦੀ ਧਰਤੀ ਤੇ,
ਵੱਸ ਗਿਆ ਅੱਜ ਬਿਹਾਰ ਤੇ ਲਿਖਦੇ।
ਐਟਮ ਬੰਬ, ਮਿਜ਼ਾਇਲਾਂ ਤੋਪਾਂ,
ਬਰੂਦ ਦੇ ਲੱਗੇ ਅੰਬਾਰ ਤੇ ਲਿਖਦੇ।
ਚੋਗੇ ਲਈ ਪਰਦੇਸੀ ਹੋਇਆ,
ਨਾ ਮਿਲਿਆ ਰੁਜ਼ਗਾਰ ਤੇ ਲਿਖਦੇ।
ਰੁਲ ਗਿਆ ਜ਼ੋਬਨ ਵਿਚ ਪਰਦੇਸਾਂ,
ਸੁੰਨੇ ਨੇ ਘਰ ਬਾਹਰ ਤੇ ਲਿਖਦੇ।
ਨਾ ਮੁੜਿਆ ਪਰਦੇਸੀ ਢੋਲਾ,
ਹੰਝੂਆਂ ਦੇ ਗਲ ਹਾਰ ਦੀ ਲਿਖਦੇ।
ਲਿਖਦਿਆਂ-ਲਿਖਦਿਆਂ 'ਮੋਹਣ' ਨੇ ਇਕ ਦਿਨ, ਛੱਡ ਜਾਣਾ ਸੰਸਾਰ ਤੇ ਲਿਖਦੇ।

ਪਠਾਣ ਅਤੇ ਕਲਗੀਧਰ

ਗੁਰੂ ਬੈਠੇ ਸੀ ਭਰੇ ਦਰਬਾਰ ਅੰਦਰ,
ਮੱਥਾ ਟੇਕਣ ਪਠਾਣ ਇਕ ਆਂਵਦਾ ਏ।
ਸੱਜੇ -ਖੱਬੇ ਸ਼ੋਭਦੇ ਸਹਿਬਜ਼ਾਦੇ,
ਨੂਰ ਗੁਰਾਂ ਦਾ ਨਾ ਝੱਲਿਆ ਜਾਂਵਦਾ ਏ।
ਸੰਗਤਾਂ ਵਿਚ ਕਤਾਰ ਦੇ ਲੱਗੀਆਂ ਸੀ।
ਬਹੁ-ਮੁੱਲੀਆਂ ਭੇਟਾਂ ਚੜਾਈ ਜਾਵਣ।
ਕੋਈ ਆਵੇ ਸਵਾਲੀ ਗ਼ਰੀਬ ਤਾਈਂ,
ਚੋਜ਼ੀ ਧਾਰ ਜੀ ਗੱਫੇ ਵਰਤਾਈ ਜਾਵਣ।
ਕਿਤੇ ਦੇਗਾਂ ਵਿਚ ਦਾਲਾਂ ਰਿੱਝਦੀਆਂ ਨੇ,
ਕਿਤੇ ਲੋਹਾਂ ਉਤੇ ਲੰਗਰ ਪੱਕਦਾ ਏ।
ਇਕ ਨੁਕਰੇ ਖੜ੍ਹਾਂ ਪਠਾਣ ਯੋਧਾ,
ਬਿਟਰ-ਬਿਟਰ ਗੁਰਾਂ ਵੱਲ ਧੱਕਦਾ ਏ।
ਜ਼ਰਾ ਸੋਚਦਾ ਗੁਰਾਂ ਦੇ ਵੱਲ ਤੱਕ ਕੇ,
ਕਿਵੇਂ ਲੱਛਮੀ ਚਰਨ ਪਈ ਚੁੰਮਦੀ ਏ।
ਕਦੇ ਚੌਰ ਵੇਖੇ, ਕਦੇ ਬਾਜ਼ ਵੇਖੇ,
ਨਜ਼ਰ ਖਾਨ ਦੀ ਚਾਰੇ ਪਾਸੇ ਘੁੰਮਦੀ ਏ।
ਸੋਚਾਂ ਸੋਚਕੇ ਗੁਰਾਂ ਨੂੰ ਕਹਿਣ ਲਗਾ,
ਬਾਦਸ਼ਾਹਾਂ ਤੋਂ ਘਟ ਨਾ ਸ਼ਾਨ ਇਥੇ।
ਐਪਰ ਬਾਜ ਨਚਾਰ ਤੇ ਮੁਜ਼ਰਿਆਂ ਦੇ,
ਮੈਨੂੰ ਲੱਗਦੀ ਸੁੰਝ ਵਿਰਾਨ ਇੱਥੇ।
ਜਿਥੇ ਮਾਇਆ ਦੇ ਲੱਗੇ ਅੰਬਾਰ ਹੋਵਣ,
ਥੋੜੀ ਬਹੁਤੀ ਤਾਂ ਖ਼ੁਸ਼ੀ ਮਨਾਈ ਜਾਵੇ।
ਨੋਟ ਰੱਖਕੇ ਯੱਕਿਆਂ, ਬੇਗੀਆਂ ਤੇ,
ਕਿਤੇ ਤਾਸ਼ ਦੀ ਬਾਜ਼ੀ ਲਗਾਈ ਜਾਵੇ।
ਕਿਤੇ ਦੁੰਬਾਂ-ਬੱਕਰਾ ਝਟਕਾ ਕੇ ਤੇ,
ਥੋੜਾ ਮੂੰਹ ਕਰਾਰਾ ਜੇ ਕਰ ਲਈਏ।
ਵੱਡੇ ਵੱਗਦੇ ਮਾਇਆ ਦੇ ਦਰਿਆ ਵਿਚੋਂ,

ਕੀ ਫ਼ਰਕ ਪੈਣਾ ਜੇ ਚੁਲ੍ਹੀ ਭਰ ਲਈਏ।
ਐਡੀ ਮਾਇਆ ਦੀ ਚਕਾ ਚੌਂਦ ਤੱਕ ਕੇ,
ਮਨ ਵਿਸ਼ਿਆ ਨੂੰ ਮੱਲੋ ਮੱਲੀ ਬੁੜਕਦਾ ਏ।
ਸੱਚ ਦੱਸਣਾ ਮੇਰੇ ਦਾਤਾਰ ਸਤਿਗੁਰੂ,
ਤੁਹਾਡਾ ਮਨ ਨਾ ਵਿਕਾਰਾਂ ਨੂੰ ਭੁੜਕਦਾ ਏ?
ਗੁਰਾਂ ਇਕ ਦਮੜਾ ਦੇ ਕੇ ਕਿਹਾ ਮੁਖੋਂ,
ਖਾਨ ਸਾਹਿਬ ਜੀ ਖ਼ੁਸ਼ੀ ਮਨਾਉ ਜਾ ਕੇ।
ਦਮੜਾ ਇਕ ਰੌਜ਼ਾਨਾ ਦਾ ਮਿਲੇਗਾ ਜੀ,
ਜਦੋਂ ਜੀਅ ਕਰਦਾ ਲੈ ਜਾਉ ਆਕੇ।
ਖਾਨ ਸਾਹਿਬ ਖ਼ੁਸ਼ੀਆਂ ਵਿਚ ਨੱਠਾ,
ਸ਼ਾਰਾ ਦਿਨ ਨਾ ਇਕੋ ਮੁੱਕਣ ਵਿਚ ਆਂਵਦਾ ਏ।
ਖਾਣਾ-ਪੀਣ ਤਾਂ ਰਹਿ ਗਿਆ ਇਕ ਪਾਸੇ,
ਸ਼ਾਮੀ ਗਾਉਣ ਵਾਲੀ ਵੱਲ ਗੇੜਾ ਲਾਂਵਦਾ ਏ।
ਸ਼ਾਰਾ ਦਿਨ ਮੂੰਹ ਚਲਦਾ ਰਹੇ ਉਸਦਾ,
ਪੈਰਾਂ ਵਿਚ ਵੀ ਜੁੱਤੀ ਨਾ ਪਾਂਵਦਾ ਏ।
ਛੇ ਦਿਨ ਖ਼ਰਚੇ ਇਕ ਇਕ ਦਮੜਾ,
ਸਤਵੇਂ ਦਿਨ ਆ ਸਵਾਲ ਦੁਹਰਾਂਵਦਾ ਏ।
ਗੁਰਾਂ ਆਖਿਆ ਰੋਜ਼ ਦਮੜੇ ਪੰਜ ਕੀਤੇ,
ਮੁਜ਼ਰਾ ਸੁਣੋ ਜਾਂ ਬਾਜ਼ੀਆਂ ਲਾਈ ਜਾਵੋ।
ਤ੍ਰਿਸ਼ਨਾ ਨਾਮ ਤੋਂ ਬਿਨਾਂ ਨਾ ਬੁੱਝਦੀ ਏ,
ਇਹਨੂੰ ਜਿੰਨਾਂ ਵੀ ਚਾਹੋ ਵਧਾਈ ਜਾਵੋ।
ਪੰਜ ਦਮੜੇ ਨਾ ਮੁੱਕਣੇ ਖਾਨ ਕੋਲੋਂ,
ਖੇਡ ਤਾਸ਼ ਉਹ ਵੇਸਵਾ ਦੇ ਜਾਂਵਦਾ ਏ।
ਜਿਹੜੇ ਬਚਦੇ ਖ਼ਰਚ ਖ਼ਰਚਾ ਕਰਕੇ,
ਵਿਚ ਜੂਏ ਦੇ ਲਾ ਉਡਾਂਵਦਾ ਏ।
ਪੰਜ-ਪੰਜ ਦਮੜੇ ਰਿਹਾ ਖਰਚ ਕਰਦਾ,
ਸਤਵੇਂ ਦਿਨ ਆ ਫ਼ਤਿਹ ਬੁਲਾਈ ਆਕੇ।
ਸੱਚੇ ਪਾਤਸ਼ਾਹ ਬੁਝਾਰਤਾਂ ਕੀ ਪਾਂਵਦੇ ਹੋ,
ਖਾਨ ਸਾਹਿਬ ਨੇ ਬਾਤ ਦੁਹਰਾਈ ਆਕੇ।

ਚੋਜ਼ੀ ਪ੍ਰੀਤਮ ਕੀਤੇ ਰੋਜ਼ ਦੱਸ ਦਮੜੇ,
ਖਾਨਾ ਖਰਚ ਲਾ ਜਿੰਨਾਂ ਤੂੰ ਖਾਵਣਾਂ ਏ।
ਐਪਰ ਇਕ ਗੱਲ ਅਸਾਂ ਦੀ ਯਾਦ ਰੱਖੀਂ,
ਸਤਵੇਂ ਦਿਨ ਅੱਗੇ ਤੁਰ ਜਾਵਣਾਂ ਏ।
ਖਾਨ ਸਹਿਬ ਨੇ ਮੰਜਾ ਆਣ ਮੱਲਿਆ,
ਘੜੀ ਪਲ਼ ਦੇ ਸਵਾਸਾਂ ਨੂੰ ਗਿਣੀ ਜਾਂਵਦਾ ਏ।
ਕਿੰਨਾਂ ਦਿਨ ਲੰਘਿਆ ਕਿੰਨਾਂ ਰਹਿ ਗਿਆ ਏ,
ਉਠ ਉਠ ਕੇ ਧੁੱਪ ਤੋਂ ਮਿਣੀ ਜਾਂਵਦਾ ਏ।
ਮੌਤ ਆਈ ਤੇ ਆਈ ਹੁਣੇ ਆਈ,
ਸਿਰ ਤੇ ਜਮਾਂ ਦਾ ਡੰਡਾ ਹੁਣ ਵੱਜਣਾ ਏ।
ਖਾਣਾ ਖਰਚਣਾ ਸਭ ਭੁਲਾਈ ਬੈਠਾ,
ਸੋਚੇ ਮੌਤ ਤੋਂ ਦੱਸ ਕਿੱਥੇ ਭੱਜਣਾ ਏ।
ਰੰਗ ਖਾਣ ਦਾ ਪੀਲਾ ਵਸਾਰ ਹੋਇਆ,
ਉਠ ਉਠ ਠੰਡਾ ਪਾਣੀ ਪੀਵਾਂਦਾ ਏ।
ਨੋਟ ਹੇਠ ਸਿਰਹਾਣੇ ਦੇ ਰੱਖਿਆ ਏ,
ਪਹਿਲੇ ਖ਼ਰਚਿਆਂ ਨੂੰ ਚੇਤੇ ਕਰਕੇ ਜੀਂਵਦਾ ਏ।
ਦਾਤਾ ਸਤਵੇਂ ਦਿਨ ਖਾਨ ਦੇ ਘਰੇ ਪੁੱਜੇ,
ਪਹਿਰੇਦਾਰ ਬੂਹਾ ਖੜਕਾਂਵਦਾ ਏ।
ਖਾਨ ਆਖਦਾ ਬੂਹਾ ਤਾਂ ਖੁਲਿਆ ਏ,
ਮੈਂ ਤਾਂ ਉਡੀਕ ਦਾ ਜਮ ਕਦੋਂ ਆਂਵਦਾ ਏ।
ਚੋਜ਼ੀਧਾਰ ਸਤਿਗੁਰੂ ਅੱਗੋਂ ਕਹਿਣ ਲੱਗੇ,
ਮਾਇਆ ਬਾਕੀ ਦੀ ਕਾਹਤੋਂ ਲਿਆਂਵਦਾ ਨਹੀਂ?
ਖਾਨ ਸਾਹਿਬ ਬਾਹੀਆਂ ਫੜ੍ਹ ਕਹਿਣ ਲੱਗਾ,
ਸੱਚੇ ਪਾਤਸ਼ਾਹ ਉਠਿਆ ਜਾਂਵਦਾ ਨਹੀਂ।
ਮੇਰੀ ਮੌਤ ਦਾ ਜਦੋਂ ਦਾ ਦੱਸਿਆ ਏ,
ਸਿਰ ਉੱਤੇ ਤਲਵਾਰ ਪਈ ਲਟਕਦੀ ਏ।
ਮੈਂ ਤਾਂ ਆਪਣੀ ਧੌਣ ਝੁਕਾਈ ਬੈਠਾਂ,
ਪਿਆ ਵੇਖਦਾ ਕਦੋਂ ਮੈਨੂੰ ਝਟਕਾਦੀ ਏ।
ਖਾਨਾ ਤੇਰੇ ਸਵਾਲਾਂ ਦਾ ਜਵਾਬ ਦੇਈਏ

ਮੌਤ ਦੂਰ ਨਹੀਂ ਇਹਨੂੰ ਭੁਲਾਈ ਦਾ ਨਹੀਂ,
ਨਾਮ ਜਪਕੇ ਸਵਾਸਾਂ ਨੂੰ ਸਫ਼ਲ ਕਰੀਏ।
ਐਵੇਂ ਮਨ ਨੂੰ ਭੂਏਂ ਚੜਾਈ ਦਾ ਨਹੀਂ,
ਛੱਡ ਮੰਜਾ ਹੰਭਲਾ ਮਾਰ ਉਠ ਪਉ।
ਦੱਸਾਂ ਨੌਹਾਂ ਦੀ ਹੱਥੀ ਕੋਈ ਕਾਰ ਕਰ ਲੈ,
ਬਦੀਆਂ ਛੱਡ ਕੇ ਸੱਚ ਦਾ ਫੜ ਪੱਲਾ।
ਆਪਣੇ ਪਾਪਾਂ ਦਾ ਹੋਲਾ ਕੁਝ ਭਾਰ ਕਰ ਲੈ,
ਚੋਜ਼ੀ ਪਾਤਸ਼ਾਹ ਖਾਨ ਨੂੰ ਪਾ ਰਾਹੇ,
ਇਥੋਂ ਹੋਰ ਅੱਗੇ ਚਾਲੇ ਪਾਂਵਦੇ ਨੇ।
'ਗੁਰਮੋਹਣ' ਵਰਗੇ ਲੱਖਾਂ ਗੁਨਹਾਗਾਰ ਪਾਪੀ,
ਤਾਈਉਂ ਚਰਨਾਂ ਤੇ ਸੀਸ ਝੁਕਾਂਵਦੇ ਨੇ।

ਦਾਣੇ-ਦਾਣੇ ਤੇ ਮੋਹਰ

ਤਾਰੇ ਗਿਣਨੇ ਚਾਹਵਾਂ ਤਾਂ ਸ਼ਾਇਦ ਗਿਣ ਲਵਾਂ,
ਬਾਬੇ ਨਾਨਕ ਦੇ ਚੋਜ਼ ਨਹੀਂ ਗਿਣੇ ਜਾਂਦੇ।
ਚਰਚੇ ਤੇਰੇ ਉਪਕਾਰ ਦੇ ਬੜੇ ਲੰਮੇ,
ਮੈਥੋਂ ਸ਼ਾਇਰਾਂ ਦੇ ਨਾਲ ਨਹੀਂ ਮਿਣੇ ਜਾਂਦੇ।
ਜਿੰਨੇ ਸਾਜਿਆ ਖਾਣ ਨੂੰ ਦੇਵਾਂਦਾ ਏ,
ਉਹਦੇ ਚਰਨਾਂ ਤੇ ਸੀਸ ਝੁਕਾਈਦਾ ਏ।
ਰੋਜ਼ੀ ਪਥਰਾਂ ਵਿਚ ਵੀ ਦੇਵਾਂਦਾ ਏ,
ਉਸ ਦਾਤੇ ਦਾ ਸ਼ੁਕਰ ਮਨਾਈਦਾ ਏ।
ਜੰਗਲਾਂ ਵਿਚ ਬੈਠੇ ਤਾਰਨਹਾਰ ਸਤਿਗੁਰੂ,
ਭਾਈ ਮਰਦਾਨਾ ਰਬਾਬ ਵਜਾਵਾਂਦਾ ਨੇ।
ਦਾਣੇ-ਦਾਣੇ ਤੇ ਲੱਗੀ ਹੈ ਮੋਹਰ ਸਭ ਦੀ,
ਗੁਰੂ ਨਾਨਕ ਜੀ ਮੁਖੋਂ ਫੁਰਮਾਂਵਦੇ ਨੇ।
ਸੁਣ ਮਰਦਾਨ ਸੋਚਾਂ ਵਿਚ ਡੁੱਬਾ,
ਕਿਤੇ ਡੂੰਘੀਆਂ ਸੋਚਾਂ ਵਿਚ ਪੈਗਿਆ ਏ,
ਬਿਨਾਂ ਭੁੱਖ ਤੋਂ ਦਾਤਿਆ ਕੀ ਦਿੱਤਾ।
ਸਾਡੇ ਮੋਹਰਾਂ ਵਾਲੇ ਦਾਣੇ ਕੌਣ ਲੈ ਗਿਆ ਏ,
ਕਹਿੰਦਾ ਦਾਤਿਆ ਜੰਗਲਾਂ ਦੀ ਧੂੜ ਛਾਣੇ,
ਵਸਦੇ ਪਿੰਡ-ਗਰਾਂ ਵਿਚ ਬਹਿ ਚੱਲੇ।
ਜਿਹਨਾਂ ਦਾਣਿਆਂ ਤੇ ਮੇਰੀ ਮੋਹਰ ਲੱਗੀ,
ਉਹਨਾਂ ਦਾਣਿਆਂ ਕੋਲ ਮੈਨੂੰ ਲੈ ਚਲੋ।
ਚਲ ਉਠ ਮਰਦਾਣਿਆਂ ਹੁਕਮ ਹੋਇਆ,
ਨਾਲੇ ਤੇਰਾ ਵੀ ਦਿਲ ਕਾਹਨੂੰ ਤੋੜਨਾ ਏ।
ਕਈ ਦਿਨਾਂ ਦਾ ਭੁੱਖਾ ਤੂੰ ਜਾਪਦਾ ਏ,
ਨਾਲੇ ਤੇਰਾ ਵੀ ਕਿਹਾ ਨਾ ਮੋੜਨਾ ਏ।
ਤੁਰੇ ਜਾਂਦੇ ਮਰਦਾਨੇ ਦੀ ਨਿਗ੍ਹਾ ਪੈ ਗਈ,
ਦਾਣਾ ਮੱਕੀ ਦੀ ਛੱਲੀ ਦਾ ਜਾਪਦਾ ਏ।
ਮੋਹਰ ਲੱਗੀ ਤਾਂ ਕਿਤੇ ਨਾ ਦਿਸੇ ਮੈਨੂੰ,

ਦੇਕੇ ਨਾਨਾਕ ਨੂੰ ਮੀਰ ਜਾਂਦਾ ਆਖਦਾ ਏ।
ਗੁਰਾਂ ਆਖਿਆ ਕੁਕੜ ਦੀ ਮੋਹਰ ਇਸ ਤੇ,
ਔਰ ਕੁਕੜ ਨੇ ਹੀ ਇਹਨੂੰ ਖਾਵਣਾ ਏ।
ਅਗੋਂ ਹੱਸ ਮਰਦਾਨਾ ਕਹਿਣ ਲੱਗਾ,
ਵਿਚ ਜੰਗਲਾਂ ਦੇ ਕੁਕੜ ਕਿਥੋਂ ਆਵਣਾ ਏ।
ਮੋੜ ਫਿਰ ਮਰਦਾਨੇ ਜਵਾਬ ਦਿੱਤਾ
ਗੱਲਾਂ ਝੂਠੀਆਂ ਕਰਕੇ ਵਿਖਾਵਾਂਗਾ ਮੈਂ,
ਤੁਹਾਡੀਆਂ ਅੱਖਾਂ ਦੇ ਸਾਮਣੇ ਖਾ ਦਾਣਾ।
ਤੁਹਾਡੇ ਕੁਕੜ ਦੀ ਮੋਹਰ ਮਿਟਾਵਾਂਗਾ ਮੈਂ,
ਅਗੋਂ ਆਖਦੇ ਮੀਰ ਨੂੰ ਗੁਰੁ ਨਾਨਾਕ,
ਐਵੇਂ ਕਰੀਂ ਦੀ ਕੋਈ ਉਲੰਘਨਾ ਨਹੀਂ।
ਦਾਣੇ ਉਤੇ ਹੈ ਕੁਕੜ ਦੀ ਮੋਹਰ ਲੱਗੀ,
ਤੇਰੇ ਗਲੇ ਤੋਂ ਅੱਗੇ ਇਹਨੇ ਲੰਘਣਾ ਨਹੀਂ।
ਦਾਣਾ ਖਾ ਮਰਦਾਨਾ ਫਿਰ ਮਾਰ ਤਾੜੀ,
ਕਰ ਮਸ਼ਕਰੀ ਗੁਰਾਂ ਤੋਂ ਹੱਸੀ ਜਾਵੇ।
ਐਧਰ ਦਾਣਾ ਨੱਕ ਨਲੀ ਵਿਚ ਫਸਿਆ,
ਹੋਰ ਅੱਗੇ ਤੋਂ ਅੱਗੇ ਜਾ ਧੱਸੀ ਜਾਵੇ।
ਥੋੜੇ ਚਿਰਾਂ ਤਾਈਂ ਘੁਰੜੂ ਵੱਜਣ ਲੱਗਾ,
ਡੇਲੇ ਪੁੱਠੇ ਸਾਹ ਕੋਈ ਆਂਵਦਾ ਨਹੀਂ।
ਫੜ ਕੇ ਚਰਨ ਤਰਲੇ ਜਿਹੇ ਲੈਣ ਲੱਗਾ,
ਦਾਤਾ ਕਿਸੇ ਦਾ ਹੱਕ ਅੱਗੋਂ ਖਾਂਵਦਾ ਨਹੀਂ
ਕਹਿੰਦਾ ਕੱਢੋ ਦਾਣਾ ਮਰ ਚੱਲਿਆ ਮੈਂ,
ਫੜਕੇ ਧੌਣ ਪੈਰਾਂ ਭਾਰ ਬਹਿ ਗਿਆ ਏ।
ਪਿੰਡ ਤੱਕ ਤਾਂ ਪੁੰਜਣਾ ਇਕ ਪਾਸੇ,
ਅਗੋਂ ਪੈਰ ਵੀ ਪੁਟਣੋਂ ਰਹਿ ਗਿਆ ਏ।
ਬਿਨਾਂ ਮੌਤ ਤੋਂ ਮੀਰ ਜਾਂਦਾ ਮਰ ਚੱਲਿਆਂ,
ਕਾਹਦਾ ਗੇੜ ਚੁਰਾਸੀ ਦਾ ਕੱਟਿਆ ਏ।
ਮੀਰਜਾਦੀ ਦੁਹਥੜਾ ਮਾਰ ਆਖੂ,
ਕੀ ਨਾਨਕ ਦੀ ਯਾਰੀ ਚੋਂ ਖੱਟਿਆ ਏ।

ਗੁਰੁ ਫੜਕੇ ਬਾਹੋਂ ਧੂਈ ਜਾਂਵਦੇ ਨੇ,
ਏਥੇ ਕੱਢਣ ਦਾ ਕੋਈ ਪ੍ਰਬੰਧ ਹੈ ਨੀ।
ਵਿਚ ਜੰਗਲਾਂ ਦੇ ਦਾਣਾ ਕਿਵੇਂ ਕੱਢਾਂ,
ਆਪਣੇ ਕੋਲ ਇਥੇ ਕੋਈ ਸੰਦ ਹੈ ਨੀ,
ਪਿੰਡ ਕੋਲ ਪੁੰਜੇ ਲਾਗੇ ਰੁੜੀਆਂ ਦੇ,
ਮੀਰ ਜਾਦੇ ਨੂੰ ਛਿੱਕ ਆਈ ਏ ਜੀ,
ਦਾਣਾ ਬੁੜਕ ਕੇ ਮੂੰਹ ਚੋਂ ਬਾਹਰ ਡਿੱਗਾ।
ਕੁਕੜ ਖਾਕੇ ਖੇਡ ਮੁਕਾਈ ਏ ਜੀ,
ਗੁਰੁ ਆਖਦੇ ਤੱਕ ਲਓ ਚੋਜ਼ ਰੱਬ ਦੇ।
ਦਾਣਾ ਕੁਕੜ ਦਾ ਕੁਕੜ ਨੇ ਖਾਵਣਾਂ ਸੀ,
ਤੇਰੀਆਂ ਜਿੱਦਾਂ ਨੇ ਹੀ ਕੋਈ ਕਰ ਹੀਲਾ,
ਦਾਣਾ ਕੁਕੜ ਦੇ ਕੋਲ ਪੁਹੰਚਾਵਣਾ ਸੀ।
ਨੱਕ-ਨੱਥ ਤੇ ਖਸਮ ਦੇ ਹੱਥ ਡੋਰੀ,
ਦਾਣੇ-ਦਾਣੇ ਦੇ ਕੋਲ ਪਹੁੰਚਾਵਾਂਦਾ ਏ।
ਜਦੋਂ ਮਿਹਰ ਕਰਦਾ ਹੱਥ ਕਲ਼ਮ ਦੇ ਕੇ,
'ਗੁਰਮੋਹਣ' ਕੋਲੋਂ ਕਾਵਿਤਾ ਲਿਖਵਾਂਦਾ ਏ।

ਡੱਲੇ ਦਾ ਸਿਦਕ

ਕਲ਼ਗੀਧਾਰ ਜੰਗਾਂ ਤੋਂ ਹੋ ਵਿਹਲੇ,
ਆਣ ਦਮਦਮਾਂ ਸਾਹਿਬ ਡੇਰੇ ਲਾਂਵਦੇ ਨੇ।
ਭਾਈ ਮਨੀ ਸਿੰਘ ਦੇ ਹੱਥ ਕਲਮ ਦੇ ਕੇ,
ਧੁਰ ਕੀ ਬਾਣੀ ਦਾ ਉਤਾਰਾ ਕਰਾਵਦੇ ਨੇ।
ਡੱਲਾ ਚੌਧਰੀ ਇਥੋਂ ਦਾ ਰਹਿਣ ਵਾਲਾ,
ਗੁਰੂ ਚਰਨਾ ਵਿਚ ਆ ਮੱਥਾ ਟੇਕਦਾ ਏ।
ਚਾਰੇ ਸਾਹਿਬਜ਼ਾਦੇ ਨਹੀਂ ਨਜ਼ਰ ਆਉਂਦੇ,
ਸੱਜੇ-ਖੱਬੇ ਗੁਰਾਂ ਦੇ ਦੇਖਦਾ ਏ।
ਅੱਖਾਂ ਭਰਕੇ ਗੁਰਾਂ ਨੂੰ ਕਹਿਣ ਲੱਗਾ,
ਗੱਲ ਕਹਾਂ ਇਕ ਦਾਤਾਰ ਸਤਿਗੁਰੂ?
ਅੱਖਾਂ ਮੇਰੀਆਂ ਕਿਉਂ ਧੋਖਾਂ ਖਾਈ ਜਾਵਣ,
ਕਿਥੇ ਰਹਿਗੇ ਬਰਖਰਦਾਰ ਸਤਿਗੁਰ।
ਦਸ਼ਮ ਪਾਤਸ਼ਾਹ ਹੌਸਲੇ ਨਾਲ ਬੋਲੇ,
ਕੀਤੇ ਬਚਨ ਮੈਂ ਤੋੜ ਨਿਭਾ ਆਇਆ।
ਖੰਡੇ ਬਾਟੇ ਦੇ ਅਮ੍ਰਿਤ ਦੀ ਤੁਛ ਭੇਟਾਂ,
ਪੰਥ ਖਾਲਸੇ ਦੇ ਲੇਖੇ ਲਾ ਆਇਆ।
ਡੱਲਾ ਆਖਦਾ ਮੇਰੀ ਜੇ ਮਦਦ ਲੈਂਦੇ,
ਨਾਲ ਪੰਜ ਸੌ ਮੇਰੇ ਮੁਰੀਦ ਹੁੰਦੇ।
ਅਸੀਂ ਆਪ ਜਾਨਾ ਤੇ ਖੇਡ ਜਾਂਦੇ,
ਸ਼ਾਹਿਬਜ਼ਾਦੇ ਕਾਹਨੂੰ ਫਿਰ ਸ਼ਹੀਦ ਹੁੰਦੇ।
ਗੁਰਾਂ ਆਖਿਆ ਧੁਰੋਂ ਜੋ ਲਿਖੀਆਂ ਨੇ,
ਉਹਨਾਂ ਲੇਖਾਂ ਨੂੰ ਕੋਈ ਨਾ ਮੋੜ ਸਕਦਾ।
ਧੁਰੋਂ ਲਿਖੀ ਮੁਰਿਆਦਾ ਵਿਧਾਨ ਦੀ ਜੋ
ਉਹਨਾਂ ਲੇਖਾਂ ਨੂੰ ਕਿਵੇਂ ਕੋਈ ਤੋੜ ਸਕਦਾ?
ਅੱਗੋਂ ਜਦ ਵੀ ਜੰਗ ਵਿਚ ਲੋੜ ਪੈ ਸੀ
ਯੋਧੇ ਤੇਰਿਆਂ ਤਾਂਈ ਮੰਗਵਾ ਲਵਾਂਗੇ।
ਕਿੰਨਾਂ ਬਲ ਹੈ ਉਹਨਾਂ ਡੋਲਿਆ ਚ੍ਹ,

ਜ਼ਰਾ ਜੰਗ ਦੇ ਵਿਚ ਅਸੀਂ ਅਜ਼ਮਾ ਲਵਾਂਗੇ।
ਮੈਨੂੰ ਮਾਣ ਹੈ ਮੇਰੇ ਯੋਧਿਆਂ ਤੇ,
ਹਰ ਇਕ ਹੈ ਸਦਾ ਹੁਸ਼ਿਆਰ ਰਹਿੰਦਾ।
ਮੇਰੇ ਇਕੋ ਇਕ ਇਸ਼ਾਰੇ ਉੱਤੇ,
ਹਰ ਕੋਈ ਮਰਨ ਲਈ ਸਦਾ ਤਿਆਰ ਰਹਿੰਦਾ।
ਗੱਲਾਂ ਚੱਲਦੀਆਂ ਤੋਂ ਇਕ ਸਿੰਘ ਆਇਆਂ,
ਹੱਥ ਜੋੜ ਕੇ ਫ਼ਤਿਹ ਬੁਲਾਈ ਆਕੇ।
ਬੁੱਕਲ ਵਿਚੋਂ ਕੱਢ ਕੇ ਰਫ਼ਲ ਪੱਕੀ,
ਗੁਰੁ ਚਰਨਾਂ ਦੇ ਵਿਚ ਟਿਕਾਈ ਆਕੇ।
ਸੱਚੇ ਪਾਤਸ਼ਾਹ ਭੇਟਾ ਪਰਵਾਨ ਕਰਨੀ,
ਪੂਰੀ ਲਗਨ ਦੇ ਨਾਲ ਬਣਾਈ ਏ ਜੀ।
ਸਰਬ ਲੋਹੇ ਤੋਂ ਢਾਲ ਕੇ ਵਿਚ ਭੱਠੀ,
ਸੱਤਾਂ ਧਾਤਾਂ ਦੀ ਪਾਣ ਚੜਾਈ ਏ ਜੀ।
ਫੌਲਾਦ ਪੱਕਾ ਵੀ ਤੋੜਕੇ ਲੰਘਦੀ ਏ,
ਲੱਪ-ਲੱਪ ਬਾਰੂਦ ਦਾ ਫੱਕਦੀ ਏ।
ਧੋਖਾ ਦੇਵੇ ਨਾ ਕਦੇ ਮੈਦਾਨ ਅੰਦਰ,
ਤੇ ਨਿਸ਼ਾਨਿਉ ਮੂਲ ਨਾ ਅੱਕਦੀ ਏ।
ਸਤਿਗੁਰ ਡੱਲੇ ਨੂੰ ਵੇਖਕੇ ਕਹਿਣ ਲੱਗੇ,
ਇਹਨੂੰ ਵੇਖੀਏ ਜ਼ਰਾ ਅਜ਼ਮਾ ਕੇ ਤੇ।
ਮਰ ਜੀਵੜੇ ਤੇਰੇ ਉਹਨਾਂ ਯੋਧਿਆਂ ਚੋਂ,
ਜ਼ਰਾ ਇਕ ਨੂੰ ਲੈ ਆ ਬੁਲਾ ਕੇ ਤੇ।
ਇਕੱਠੇ ਕਰਕੇ ਪੰਜ ਸੌ ਸੂਰਮਿਆ ਨੂੰ,
ਡੱਲਾ ਉਹਨਾਂ ਦੇ ਤਾਈਂ ਸੁਣਾਵਦਾ ਏ।
ਇਕ ਯੋਧਾ ਤਾਣੇ ਛਾਤੀ ਆਣ ਕੇ ਤੇ,
ਰਾਈਫ਼ਲ ਸਤਿਗੁਰ ਪਰਖਣੀ ਚਾਹਵੰਦਾ ਏ।
ਸਿਪਾਹੀਆਂ ਮੋੜ ਕੇ ਅੱਗੋਂ ਜੁਵਾਬ ਦਿੱਤਾ,
ਜਾਨ ਜੰਗੇ ਮੈਦਾਨ ਲਗਾਈ ਦੀ ਏ।
ਬਿੰਨਾਂ ਆਈ ਮੌਤੋਂ ਮਰਿਆ ਜਾਂਵਦਾ ਨਹੀਂ
ਹਾਸੇ ਭਾਣੇ ਨਾ ਜਾਨ ਗਵਾਈ ਦੀ ਏ।

ਸ਼ਰਮਸਾਰ ਹੋਕੇ ਭੱਲਾ ਕਹਿਣ ਲੱਗਾ,
ਐਸੀ ਮੌਤ ਦੀ ਹਾਮੀ ਯੋਧਾ ਭਰੇ ਕੋਈ ਨਾ।
ਕਿਸੇ ਬੱਕਰੇ ਘੋੜੇ ਤੇ ਪਰਖ ਕਰ ਲੋ,
ਬਿਨਾਂ ਮੌਤ ਤੋਂ ਸੂਰਮਾ ਮਰੇ ਕੋਈ ਨਾ।
ਤੂੰ ਆਪਣੀ ਦਸ ਤੂੰ ਕਾਇਮ ਹੈਗਾ ?
ਕਿਤੇ ਤੂੰ ਤਾਂ ਸਿਦਕੋਂ ਡੋਲਿਆ ਨਹੀਂ।
ਸਿਰੋਂ ਪੈਰਾਂ ਤੱਕ ਕੰਬੀ ਜਾਂਵਦਾ ਏ,
ਮੋੜ ਅੱਗੋਂ ਜੁਬਾਨੋਂ ਕੁਝ ਬੋਲਿਆ ਨਹੀਂ।
ਛਾਉਣੀ ਵਿਚੋਂ ਜ਼ਰਾ ਕੁ ਆਵਾਜ਼ ਮਾਰੋ,
ਦਾਤਾ ਰਫ਼ਲ ਪਰਖਣੀ ਚਾਹਵੰਦੇ ਏ।
ਵਾਜ਼ ਸੁਣਦਿਆਂ ਸਿੰਘ ਇਕ ਭੱਜ ਉਠਿਆ,
ਸਦਿਆ ਇਕ ਤਾਂ ਦੋ ਭੱਜੇ ਆਂਵਦੇ ਨੇ।
ਦੋਵੇਂ ਲੜੀ ਜਾਂਦੇ ਰਾਇਫਲ ਪਰਖਣੇ ਨੂੰ,
ਕਹਿੰਦੇ ਮੈਂ ਪਹਿਲਾਂ ਗੋਲੀ ਖਾਵਣੀ ਏ।
ਧੰਨ ਭਾਗ ਨੇ ਅੱਜ ਸਫ਼ਲ ਜਨਮ ਕਰਕੇ,
ਅਸੀਂ ਗੁਰਾਂ ਦੀ ਖ਼ੁਸ਼ੀ ਮਨਾਵਣੀ ਏ।
ਖ਼ਬਰਦਾਰ ਕੀਤਾ ਠਹਿਰ ਜਾਉ ਇਥੇ,
ਗੁਰੂ ਛਾਤੀ ਦੀ ਸ਼ਿਸਤ ਲਗਾਂਵਦੇ ਨੇ।
ਨੀਵੀਂ ਕਰਨ ਨਾਲੀ, ਨੀਵੀਂ ਪਾ ਲੈਦੇ,
ਉੱਚੀ ਕਰਨ ਤਾਂ ਅੱਡੀਆਂ ਚਾਵੰਦੇ ਨੇ।
ਸਿਰੋਂ ਕੱਢ ਉੱਚੀ ਗੋਲੀ ਦਾਗ਼ ਦਿੱਤੀ,
ਗੋਲੀ ਚਲੀ ਸਨਾਂਟਾ ਜਿਹਾ ਪੈ ਗਿਆ ਏ।
ਅਚਰਜ ਵੇਖਕੇ ਗੁਰਾਂ ਦੇ ਕੌਤਕਾਂ ਨੂੰ,
ਭੱਲਾ ਚੌਧਰੀ ਚਰਨਾਂ ਤੇ ਢਹਿ ਗਿਆ ਏ।
ਮਾਣ ਟੁੱਟਿਆ ਹੱਥ ਬੰਨ੍ਹ ਕਹਿਣ ਲੱਗਾ,
ਕਰਾਂ ਸਿਜਦਾ ਮੈਂ ਸਿੱਖਾਂ ਪਿਆਰਿਆ ਨੂੰ।
ਕਿਤੇ ਦਾਸ ਨੂੰ ਪੀੜੀ ਜਿੰਨੀ ਥਾਂ ਬਖ਼ਸ਼ੋ,
ਮੈਂ ਵੀ ਮਾਣ ਲਵਾਂ ਸਿੱਖੀ ਹੁਲਾਰਿਆ ਨੂੰ,
ਸੂਈ ਜਿੰਨੀ ਵੀ ਥਾਂ ਨਾ ਮਿਲੇ ਤੈਨੂੰ,

ਚਾਹੁੰਣਾ ਥਾਂ ਤਾਂ ਗੁਰੁ ਦਾ ਫੜ ਪੱਲਾ।
ਖੰਡੇ ਧਾਰ ਪਾਹੁਲ ਉਹਨੂੰ ਬਖਸ਼ ਕੇ ਤੇ,
ਗੁਰਾਂ ਕੀਤਾ ਚੌਧਰੋਂ ਤੋਂ ਭਾਈ ਡੱਲਾ।
ਭਾਈ ਡੱਲਾ ਫਿਰ ਗੁਰੁ ਦੀ ਕਰ ਸੇਵਾ,
ਉੱਚਾ ਰੁਤਬਾ ਇਤਿਹਾਸ ਵਿਚ ਪਾ ਗਿਆ ਏ।
ਕਥਾ ਵਾਚਕਾਂ ਤੋਂ ਸੁਣ ਕੇ 'ਮੋਹਣ' ਸਾਖੀ,
ਅੱਖਰ ਜੋੜਕੇ ਕਾਵਿਤਾ ਬਣਾ ਗਿਆ ਏ।

ਲੱਸੀ ਅਤੇ ਚਾਹ ਦਾ ਝਗੜਾ

ਇਕ ਦਿਨ ਲੱਸੀ ਤੇ ਚਾਹ ਰਾਣੀ, ਰਾਹ ਦੇ ਵਿਚ ਮਿਲ ਪਈਆਂ।
ਤਾਨੇ-ਮਿਹਣੇ ਦਿੱਤੇ ਦੋਨਾਂ, ਕੁਝ ਸੁਣੀਆਂ ਕੁਝ ਕਹੀਆਂ।
ਚਾਹ ਲੱਸੀ ਆਖਣ ਲੱਗੀ, ਮੇਰੇ ਸਭ ਪੁਜਾਰੀ
ਕਿਉਂ ਨਾ ਕਰੇ ਕਿਨਾਰਾ ਇਥੋਂ, ਕੀ ਤੇਰੀ ਹੁਸ਼ਿਆਰੀ।
ਤੈਨੂੰ ਰੱਖ ਕੇ ਕੋਈ ਨਾ ਰਾਜ਼ੀ, ਨਾਲੀਆਂ ਦੇ ਵਿਚ ਡੋਲਣ।
ਹੱਡ-ਹੱਡ ਤੈਨੂੰ ਪੀ ਕੇ ਦੁੱਖਦਾ, ਲੋਕੀ ਦੁੱਖ ਫਰੋਲਣ।
ਮੈਨੂੰ ਸਿਰ ਦੇ ਉਤੇ ਬਠਾਉਂਦੇ, ਬੈਂਕ ਹੋਵੇ ਜਾਂ ਦਫ਼ਤਰ।
ਜਿਥੇ ਤੈਨੂੰ ਰੋੜ ਕੇ ਜਾਂਦੇ, ਉਥੇ ਸੁੰਦਾ ਮੱਛਰ।
ਰੰਗ-ਬਿਰੰਗੀਆਂ ਮੱਖੀਆਂ ਜੰਮਕੇ, ਐਸਾ ਗੰਦ ਤੂੰ ਪਾਇਆ।
ਹੱਟੇ-ਕੱਟੇ ਬੰਦਿਆਂ ਤਾਂਈ, ਤੇਈਆਂ ਤਾਪ ਚੜਾਇਆ।
ਤੇਰੀ ਪੀੜ ਹਟਾਏ ਰੋਗੀ, ਮੇਰੀ ਚੁਸਕੀ ਲਾਕੇ।
ਮੇਰੇ ਮੱਥੇ ਕਿਥੋਂ ਲੱਗ ਗਈ, ਸੁੱਚੇ ਮੂੰਹ ਤੂੰ ਆਕੇ।
ਪੁੜੀਆਂ ਦੇ ਵਿਚ ਮਹਿੰਗੀ ਵਿਕਦੀ, ਮੁੱਲ ਹੈ ਮੇਰਾ ਪੈਂਦਾ।
ਤੇਰੀ ਕੀ ਔਕਾਤ ਹੈ ਦੱਸਦੇ, ਮੁਫ਼ਤ ਨਾ ਕੋਈ ਲੈਂਦਾ।
ਵੰਨੋਂ ਵੰਨੀ ਨਾਂ ਨੇ ਮੇਰੇ, ਲੋਕ ਵਿਛਾਵਨ ਝੋਲੀ।
ਬਿਨਾਂ ਮੇਰੇ ਤੋਂ ਅਸਰ ਨਾ ਕਰਦੀ, ਪੀੜ ਬੁਖਾਰ ਦੀ ਗੋਲੀ।
ਮੈਨੂੰ ਮੇਜ਼ ਤੇ ਪੀਵਨ ਵਾਲਾ, ਕੁਰਸੀ ਡਾਹਕੇ ਬਹਿੰਦਾ।
ਬਰਫ਼ੀ ਨਾਲ ਸਮੋਸੇ ਘੱਲਦੇ, ਇੰਝ ਬਹਿਰੇ ਨੂੰ ਕਹਿੰਦਾ।
ਤੇਰੀ ਮੇਰੀ ਨਿਭ ਨਹੀਂ ਸਕਦੀ, ਵਖਰੋ ਵੱਖਰਾ ਰਾਹ।
ਬੁੱਢਾ, ਗੱਭਰੂ, ਜੰਮਦਾ ਕਾਕਾ, ਉਠ ਕੇ ਮੰਗਦਾ ਚਾਹ।
ਕੀ-ਕੀ ਮੈਂ ਵਡਿਆਈ ਦੱਸਾਂ, ਮੇਰੀ ਅਜ਼ਬ ਕਹਾਣੀ।
ਕਾਮੇ, ਮਾਲਕ, ਲੇਬਰ, ਨੇਤਾ, ਭਰਦੇ ਮੇਰਾ ਪਾਣੀ।
ਸੁੜਕੇ ਲਾਕੇ ਪੀਂਦੇ ਮੈਨੂੰ, ਜੂਠੀ ਮੈਂ ਨਾ ਬੱਚਦੀ।
ਸੁਬ੍ਹਾ, ਦੁਪਹਿਰ, ਰਾਤ ਦੀ ਰੋਟੀ, ਮੇਰੇ ਬਿਨਾਂ ਨਾ ਪੱਚਦੀ।
ਜਿੱਥੇ ਕੰਮ ਨਾ ਬਣਦਾ ਹੋਵੇ, ਗੱਲ ਜਾਂ ਹੋਵੇ ਮੁਕਾਣੀ।
ਕੋਰਡ-ਵਰਡ ਮੇਰਾ ਹੀ ਵਰਤਨ, ਦੇ ਜਾਵੋ ਚਾਹ-ਪਾਣੀ।
ਸਿਨਮੇ, ਟੇਸ਼ਨ, ਅੱਡਿਆਂ ਉਤੇ, ਮੈਨੂੰ ਹਰ ਕੋਈ ਗਾਉਂਦਾ।

ਵਾਜੋਂ ਮੇਰੇ ਕਿਲ-ਕਿਲ ਮਰ ਜਾਉ, ਜੰਗਲ ਵੀ ਨਾ ਆਉਂਦਾ।
ਠੁਮਕ ਠੁਮਕ ਕੇ ਪੱਬ ਮੈਂ ਧਰਦੀ, ਵੰਨ ਸਵੰਲੀਆਂ ਚਾਲਾਂ।
ਮੈਰਿਜ਼ ਅਤੇ ਛੁਆਰਿਆਂ ਉਤੇ, ਲਗਦੀ ਵਿਚ ਸਟਾਲਾਂ।
ਜੰਮਣ, ਵਿਆਹ, ਤੇ ਭੋਗਾਂ ਤੀਕਰ, ਮੇਰਾ ਹੀ ਨਾ ਚੱਲੇ।
ਤੂੰ ਕਾਹਦੀ ਦੁਨੀਆਂ ਤੇ ਆਈ, ਮੇਰੀ ਬੱਲੇ ਬੱਲੇ।
ਚੱਲ ਹੁਣ ਛੱਡਦੇ ਰਸਤਾ ਮੇਰਾ, ਪਾਸੇ ਹੋਕੇ ਬਹਿਜਾ।
ਮਨ ਦੇ ਵਿਚ ਭੜਾਸ ਨਾ ਰੱਖੀ, ਜੋ ਕਹਿਣਾ ਤੂੰ ਕਹਿਜਾ।

ਲੱਸੀ ਦਾ ਜੁਵਾਬ

ਬਾਹਾਂ ਟੰਗ ਕੇ ਲੱਸੀ ਕਹਿੰਦੀ, ਭੋਰਾ ਸ਼ਰਮ ਨਾ ਖਾਵੇ।
ਜਿਨਾਂ ਤੈਨੂੰ ਝਿੜਕ ਕੇ ਰੱਖਾਂ, ਸਿਰ ਤੇ ਚੜਦੀ ਜਾਵੇ।
ਵਿਚ ਚੁਰਸਤੇ ਪਿੱਟ ਦੁਹੱਥੜੀ, ਕਰਾਂ ਸਿਆਪਾ ਤੇਰਾ।
ਮੇਰੀ ਹੋਂਦ ਮਿਟਾਈ ਜਾਵੇ, ਖਸਮ ਸਾਂਭ ਕੇ ਮੇਰਾ।
ਭੰਗ ਭੁਜਦੀ ਘਰੇ ਉਨ੍ਹਾਂ ਦੇ, ਜੀਹਦੇ ਘਰ ਤੂੰ ਵੜ ਗਈ।
ਲਹੂ ਪੀ ਲਿਆ ਜੋਕਾਂ ਵਾਂਗੂ, ਜੀਹਦੇ ਪਿੰਡੇ ਲੜ ਗਈ।
ਆਵੇ ਤਰਸ ਉਹਨਾਂ ਤੇ ਮੈਨੂੰ, ਕਰਦੇ ਸਖ਼ਤ ਕਮਾਈ।
ਛੱਡਿਆ ਤੂੰ ਨਾਂ ਪਲੇ ਧੇਲਾ, ਕੀ ਤੇਰੀ ਵਡਿਆਈ।
ਕਾਲੀਆਂ ਨੇ ਕਰਤੂਤਾਂ ਤੇਰੀਆਂ, ਆਪ ਵੀ ਰੰਗ ਦੀ ਕਾਲੀ।
ਸ਼ੀਸ਼ੇ ਅੱਗੇ ਖੜ ਜ਼ਰਾ, ਤੇਰੀ ਬੂਥੀ ਵੇਖਣ ਵਾਲੀ।
ਕਰਾਂ ਸਿਆਪਾ ਸੌਕਣੇ ਤੇਰਾ, ਦੇਸ਼ ਤੂੰ ਸਾਡੇ ਆਈ।
ਹਾਰਟ-ਅਟੈਕ, ਸ਼ੂਗਰ, ਬੀਪੀ, ਨਾਲ ਤੂੰ ਚੁਕ ਲਿਆਈ।
ਅਮਲੀਆਂ ਨਾਲ ਯਰਾਨਾ ਤੇਰਾ, ਲੁਚੀਏ ਤੇ ਬਦਕਾਰੇ।
ਗੋਦੀਆਂ ਦੇ ਵਿਚ ਬਾਲ ਖੇਡਦੇ, ਕੀਤੇ ਅੱਜ ਨਕਾਰੇ।
ਸੁਣ ਲਾ ਨੀ ਕਮਜਾਤੇ ਤੈਨੂੰ, ਕੱਪੀਆਂ ਵਿਚ ਮੰਗਾਉਂਦੇ
ਰੱਬ ਦੀ ਬਰਕਤ ਪਾਣੀ ਪਾ ਮੈਨੂੰ, ਖੁਲ੍ਹੇ ਦਿਲ ਵਰਤਾਉਂਦੇ।
ਕੋਰਡ-ਵਰਡ ਮੇਰਾ ਵੀ ਵਰਤਨ, ਸੁਣਦੀ ਸਭ ਲੁਕਾਈ।
ਜਿਨਾਂ ਮਰਜ਼ੀ ਚਾਹੇ ਵਧਾ ਲੋ, ਲੱਸੀ ਅਤੇ ਲੜਾਈ।
ਥੂ ਕੌੜੀ ਤੂੰ ਸਾਡੇ ਤੋਂ ਬਿਨ, ਮੂੰਹ ਤੇ ਵੀ ਨਾ ਖੜਦੀ।
ਜਿੰਨਾਂ ਚਿਰ ਨਾ ਦੋਧੀ ਆਵੇ, ਚੁਲ੍ਹੇ ਉੱਤੇ ਸੜਦੀ।
ਸਾਡੇ ਨਾਲ ਤੂੰ ਮੋਜਾਂ ਮਾਣੇ, ਸਾਡੇ ਨਾਲ ਮੁਕਲਾਵਾ।
ਸਾਡੇ ਨਾਲ ਹੀ ਬਰਕਤ ਤੇਰੀ, ਕੋਈ ਨਾ ਪੀਂਦਾ ਕਾਹਵਾ।
ਲੱਸੀ ਦੇ ਵਿਚ ਬੇਸਣ ਪਾਕੇ, ਲੋਕੀ ਕੜ੍ਹੀ ਬਣਾਉਂਦੇ।
ਕੜ੍ਹੀ ਚੌਲਾਂ ਦੀਆਂ ਰੇਹੜੀਆਂ ਲਾਕੇ, ਰੋਟੀ ਲੋਕੀ ਕਮਾਉਂਦੇ।
ਰਹੁ ਦੇ ਨਾਲ ਮਿਲਾਕੇ ਪੀ ਲੋ, ਹੋ ਜਾਉ ਬੱਲੇ ਬੱਲੇ।
ਹੱਦ ਤੋਂ ਵੱਧ ਜੇ ਪੀ ਕੇ ਦੇਖੋ, ਨਾਲ ਭੂਕਣੀ ਚੱਲੇ।
ਬੇਈ ਲੱਸੀ ਵੀ ਕੰਮ ਮੈਂ ਆਵਾਂ, ਕੇਸਾਂ ਤਾਈਂ ਨਿਖਾਰਾਂ।

ਪੁੰਨਾਂ ਰੱਬੀ ਮਿਲਾਂ ਮੈਂ ਸਭਨੂੰ, ਵਿਕਾਂ ਨਾ ਵਿਚ ਬਜ਼ਾਰਾਂ।
ਧੂਫ ਧੁਖਾਕੇ ਵਿਚ ਕਾੜਨੀ, ਮੇਰਾ ਦਹੀ ਜਮਾਉਂਦੇ।
ਅੰਮ੍ਰਿਤ ਵੇਲੇ ਨਿਰਨ ਕਾਲਜੇ, ਚਾਟੀ ਦੇ ਵਿਚ ਪਾਉਂਦੇ।
ਪੈਰ ਨਾ ਮੇਰੇ ਭੁੰਜੇ ਲਗਦੇ, ਫਿਰਾਂ ਬੋਲੀਆਂ ਪਾਉਂਦੀ।
ਵੱਜੇ ਢੋਲ ਮਧਾਣੀ ਵਾਲਾ, ਵਿਚ ਮੈਂ ਗਿੱਧਾ ਪਾਉਂਦੀ।
ਮੈਨੂੰ ਜਦ ਕੋਈ ਰਿੜਕਣ ਬੈਠੇ, ਪੀੜੀ ਡਾਹ ਸੁਆਣੀ।
ਲੂੰ-ਲੂੰ ਦੇ ਵਿਚ ਰੱਚਦੀ ਜਾਵਾਂ, ਪੜ੍ਹੇ ਨਾਲ ਗੁਰਬਾਣੀ।
ਅੰਮ੍ਰਿਤ ਵੇਲੇ ਪੀ ਕੇ ਲੱਸੀ, ਨਾਲ ਜੋ ਮੱਖਣ ਖਾਵੇ।
ਹੱਡ ਤੋੜਕੇ ਕਰਨ ਕਮਾਈਆਂ, ਠੰਡ ਕਾਲਜੇ ਪਾਵੇ।
ਮੈਂ ਲੋਕਾਂ ਦੀ ਸਿਹਤ ਬਣਾਵਾਂ, ਤੂੰ ਤਾਂ ਸਿਹਤ ਵਿਗਾੜੇ।
ਮੈਂ ਦਿਲ ਤਾਂਈ ਠੰਡਾ ਰੱਖਾਂ, ਤੂੰ ਕਾਲਜਾ ਸਾੜੇ।
ਮਾਣ ਬਖਸ਼ਿਆ ਮਾਤਾ ਗੰਗਾ, ਬਾਬੇ ਬੁੱਢੇ ਕੋਲ ਲਿਜਾਂਦੇ।
ਭੁੱਖ ਪੁੱਤਾਂ ਦੀ ਮਾਵਾਂ ਜਾਨਣ, ਬਾਬੇ ਬੁੱਢੇ ਕਿਹਾ ਸੁਣਾਕੇ।
ਬੁੱਢੇ ਦੇ ਦਰ ਉੱਤੇ ਲੋਕੋ, ਅੱਜ ਵੀ ਪੂਜੀ ਜਾਵਾਂ।
ਮਿੱਸੀਆਂ ਗੰਡਾ ਲੱਸੀ ਧਰ ਕੇ, ਪੁੱਤ ਮੰਗਦੀਆਂ ਮਾਵਾਂ।
ਕ੍ਰਿਸ਼ਨ ਮੁਰਾਰੀ ਨਾਲ ਯਸ਼ੋਦਾ, ਕੱਲ ਦੀ ਅਜੇ ਕਹਾਣੀ।
ਸਾਰੇ ਦੇਸ਼ ਚ੍ਹ ਪੂਜੀ ਜਾਵਾਂ ਤੱਕ ਲੋ ਨਾਲ ਮਧਾਣੀ
ਭਲਾ ਮੰਗਾ ਸਰਬਤ ਜੀਆਂ ਦਾ, ਸਭ ਦੇ ਕੰਮ ਸਵਾਰਾਂ।
ਦੁੱਧ ਪੁੱਤ ਤੋਂ ਖੁੜੇ ਨਾ ਕੋਈ, ਰੱਬ ਦਾ ਸ਼ੁਕਰ ਗੁਜਾਰਾਂ।
ਗੋਰੇ ਦਗਾ ਕਮਾ ਗਏ ਜਾਂਦੇ, ਅੱਜ ਤੱਕ ਸਮਝ ਨਾ ਆਈ।
ਚਾਹ ਦੀ ਗੁੜਤੀ ਦੇਕੇ ਗਲ ਵਿਚ, ਫਿਰ ਗੁਲਾਮੀ ਪਾਈ।
ਜੀ ਕਰਦਾ ਏ ਵਾਂਗ ਫਿਰੰਗੀਆਂ, ਘੁੱਟ ਭਰ ਲਵੇ ਕੋਈ ਤੇਰਾ।
ਜਿਥੋਂ ਆਈ ਉਥੇ ਤੁਰ ਜਾ, ਚਕ ਕੇ ਡੰਡਾ ਡੇਰਾ।
ਚਾਹ ਆਈ ਸੀ ਪੈਲਾਂ ਪਾਉਂਦੀ, ਖ਼ੁਸ਼ੀ ਚ੍ਹ ਹੁਮ ਹੁਮਾਕੇ।
ਜਾਂਦੀ ਲੱਸੀ ਰਾਣੀ ਕੋਲੋਂ, ਤੁਰ ਗਈ ਖੁੰਬ ਠਪਾਕੇ।
ਲੱਸੀ ਦਾ ਨਾ ਕਰਜ਼ਾ ਲਹਿਣਾ, ਸਾਥੋਂ ਜਨਮਾ ਤੀਕਰ।
ਚਾਹ ਹਾਰੀ ਤੇ ਲੱਸੀ ਜਿੱਤ ਗਈ, ਕਹੇ 'ਗੁਰਮੋਹਣ' ਕਵੀਸ਼ਰ

ਬੰਦੇ ਨੂੰ ਨਸੀਹਤ

ਦਿਨ ਦੇ ਪਹਿਰ, ਪਹਿਰ ਤੇ ਘੜੀਆਂ, ਮਹੀਨੇ ਬੀਤੇ, ਬੀਤੇ ਸਾਲ।
ਹਾਸੇ ਖ਼ੁਸ਼ੀਆਂ ਗਮੀਆਂ ਦੇ ਵਿਚ ਵੀ, ਸਮਾਂ ਚੱਲਦਾ ਆਪਣੀ ਚਾਲ।
ਖੇਡਾਂ ਖੇਡਦਿਆਂ ਬਚਪਨ ਲੰਘਿਆ, ਮੁੜ ਨਾ ਲੱਭਣ ਗੁਵਾਚੇ ਲਾਲ।
ਨਸ਼ਿਆਂ ਐਬਾਂ ਦੇ ਵਿਚ ਪੈ ਕੇ, ਆਪਣੀ ਲਈ ਜਵਾਨੀ ਗਾਲ।
ਹੋਇਆ ਬੁੱਢਾ ਫੜਕਣ ਕੈਸੀ, ਘਿਰ ਗਿਆ ਆਪਣੇ ਵਿਚ ਜੰਜ਼ਾਲ।
ਬੀਤੇ ਹੋਏ ਸਮੇਂ ਨੂੰ ਝੂਰੇ, ਸਿਰ ਦੇ ਉੱਪਰ ਕੂਕੇ ਕਾਲ।
ਜੰਗਲ ਬੇਲੇ ਜੂਹਾਂ ਗਾਹ ਲਏ, ਟੱਪਣੇ ਹੋਗੇ ਔਖੇ ਖਾਲ।
ਫਿਟੇ ਮੂੰਹ ਗੋਡਿਆਂ ਨੂੰ ਕਹਿੰਦਾ, ਬੁਰੇ ਦਿਹਾੜੇ ਬੌਂਕੇ ਹਾਲ।
ਕਰਕੇ ਰੀਸ ਹੰਸ ਦੀ ਯਾਰੋ, ਕਊਆ ਭੁਲ ਗਿਆ ਆਪਣੀ ਚਾਲ।
ਰੁਖ ਹਵਾ ਦੇ ਵੇਖ ਕੇ ਤੁਰ ਪਉ, ਤੁਰਨਗੇ ਲੋਕੀ ਤੇਰੇ ਨਾਲ।
ਹੱਕਾਂ ਖ਼ਾਤਿਰ ਫੜ ਲੈ ਸੋਟਾ, ਜੱਟਾ ਆਪਣੀ ਪੱਗ ਸੰਭਾਲ।
ਭੁਬ ਮਾਰਨੀ ਸ਼ੇਰ ਤੋਂ ਸਿੱਖ ਲੈ, ਬਣ ਬੱਕਰਾ ਨਾ ਹੋ ਹਲਾਲ।
ਤਕੜੇ ਅੱਗੇ ਹਿੱਕ ਤਾਣ ਕੇ, ਮਜ਼ਲੂਮਾਂ ਦੀ ਬਣਜਾ ਢਾਲ।
ਨਵੇਂ ਪੂਰਨੇ ਪਾ ਲੋਕਾਂ ਲਈ, ਦੁਨੀਆਂ ਤੇ ਬਣ ਜਾਏ ਮਸਾਲ।
ਖੁਦੀ ਬੁਲੰਦ ਜਿਨਾਂ ਨੇ ਕੀਤੀ, ਖੁਦਾ ਵੀ ਪੁਛਦਾ ਉਸਦਾ ਹਾਲ।
ਤੇਰੇ ਨਾਲ ਤੇ ਅੱਗੇ ਲੰਘ ਗਏ, ਤੂੰ ਵੀ ਉਠਕੇ ਤੁਰ ਪਉ ਨਾਲ।
ਵਿਚ ਸਰੋਵਰ ਮੋਤੀ ਲੱਭਣੇ, ਛੱਪੜੀ ਕਾਹਨੂੰ ਫਿਰੇ ਹੰਗਾਲ।
ਸਵਾਣੀ ਇਕ ਦੋ ਦਾਣੇ ਪਰਖੇ, ਪਤਾ ਲੱਗ ਜਾਏ ਰਿਝ ਗਈ ਦਾਲ।
ਧਰਮ ਦੇ ਨਾਂ ਦੇ ਗੋਗੜਾਂ ਵਾਲੇ, ਲੁਟੀ ਜਾਂਦੇ ਤੇਰਾ ਮਾਲ।
ਮੜ੍ਹੀ ਮਸਾਣੀ ਫਿਰੇ ਭਟਕਦਾ, ਸੱਚੇ ਗੁਰੁ ਦੀ ਕਰ ਲੈ ਭਾਲ।
ਬਾਣੀ ਪੜ੍ਹਕੇ ਸਿੱਧਾ ਜੁੜਜਾ, ਕਾਹਨੂੰ ਪਾਣਾ ਵਿਚ ਦਲਾਲ।
ਉਸਦੀ ਰੀਸ ਕਰੂ ਕੋਈ ਕਿਹੜਾ, ਵਾਰੇ ਜਿਸ ਨੇ ਚਾਰੇ ਲਾਲ।
ਰੱਖ ਭਰੋਸਾ ਗੁਰੁ ਗ੍ਰੰਥ ਤੇ, ਥਾਂ-ਥਾਂ ਤੇ ਨਾ ਪੁੱਛ ਸਵਾਲ।
ਹਿੰਮਤ ਕਰਕੇ ਮਜ਼ਿੰਲ ਮਿਲਦੀ, ਜ਼ਿੰਦਗੀ ਬਣ ਜਾਂਦੀ ਖ਼ੁਸ਼ਹਾਲ।
ਢਹਿੰਦੀਆਂ ਕਲਾ ਤੇ ਮੋੜਾ ਪਾ ਲੈ, ਚੜ੍ਹਦੀ ਕਲਾ ਦੇ ਰੱਖ ਖਿਆਲ।
ਲਿਖ-ਲਿਖ ਗਾਉਂਦਾ 'ਮੋਹਣ' ਰਹਿ ਗਿਆ, ਆਪਣੀ ਕੀਤੀ ਨਾ ਪੜਤਾਲ।
ਬੰਦੇ ਇਕ ਨਸੀਹਤ ਤੈਨੂੰ, ਪਹਿਲਾਂ ਆਪਣੀ ਸਿਹਤ ਸੰਭਾਲ।

ਸੁਪਨਾ ਅਤੇ ਹਕੀਕਤ (ਮਿੱਠੀਆਂ ਯਾਦਾਂ)

ਇਕ ਦਿਨ ਮਨ ਵਿਚ ਫੁਰਨਾ ਫੁਰਿਆ, ਕੋਈ ਐਸੀ ਬਣਤ ਬਣਾਂਵਾ।
ਭਾਨ ਗਿਣਦਿਆ ਕੁਝ ਨਹੀਂ ਬਣਿਆ, ਹੱਥ ਵੱਡੇ ਨੋਟਾਂ ਨੂੰ ਪਾਵਾਂ।
ਚਰਚਾ ਜਿਹੀ ਲੋਕਾਂ ਚ ਛਿੜ ਜਾਵੇ, ਐਸਾ ਆਪਣਾ ਨਾ ਚਮਕਾਵਾਂ।
ਛੋਟੀ ਜਿਹੀ ਕੁਲੀ ਨੂੰ ਢਾਹਕੇ, ਦੋ ਤਿੰਨ ਮੰਜ਼ਿਲੀ ਕੋਠੀ ਪਾਵਾਂ
ਪੱਖੀਆਂ ਝੱਲਦੇ ਹੱਥ ਵੀ ਥੱਕ ਗਏ, ਘਰ ਦੇ ਵਿਚ ਕੋਈ ਏਸੀ ਲਾਵਾਂ।
ਦੋ ਚਾਰ ਨੌਕਰ ਰੱਖ ਕੇ ਆਪਣੇ, ਉਨਾਂ ਉਤੇ ਹੁਕਮ ਚਲਾਵਾਂ।
ਰੰਗ ਬਿਰੰਗੀਆਂ ਲਾਈਟਾਂ ਲਾਕੇ, ਆਪਣੇ ਘਰ ਨੂੰ ਵੀ ਰੁਸ਼ਨਾਵਾਂ।
ਬੁਰਜੀਆਂ ਉੱਤੇ ਛੱਤ ਜਿਹੀ ਪਾਕੇ, ਬਾਰੀ ਵਾਲਾ ਗੇਟ ਲਵਾਵਾਂ।
ਉਸਦੇ ਅੱਗੇ ਲਾਨ ਬਣਾਕੇ, ਰੰਗ ਬਿਰੰਗੇ ਬੂਟੇ ਲਾਵਾਂ।
ਹਾਰਨ ਵਜੇ ਰੌਲਾ ਪਾਕੇ, ਅੱਗੇ ਪਿੱਛੇ ਕਾਰ ਘੁਮਾਵਾਂ।
ਚਿੱਠੀਆਂ ਖ਼ਤ ਹੁਣ ਹੋਏ ਪੁਰਾਣੇ, ਫੇਸਬੁੱਕ ਤੇ ਯਾਰੀਆਂ ਲਾਵਾਂ।
ਮਨ ਦਾ ਸੁਪਨਾ ਮਨ ਦਾ ਰਹਿ ਜਾਏ, ਯੂਰੋ, ਡਾਲਰ, ਪੌਂਡ ਕਮਾਵਾਂ।
ਦਿੱਲੀ ਦੱਖਣ ਗਾਹ ਲਿਆ ਸਾਰਾ, ਬਾਹਰ ਜਾਣ ਦਾ ਕਾਟ ਬਣਾਵਾਂ।
ਪਾਸਪੋਰਟ ਜਾ ਬਣ ਕੇ ਆਗਿਆ, ਢਿਲੋਂ ਏਜੰਟ ਦੇ ਹੱਥ ਫੜਾਇਆ।
ਪੰਝੀ ਲੱਖ ਅਡਵਾਂਸ ਦੇ ਦਿਉ, ਪਹੁੰਚਣ ਤੇ ਲੈ ਲਉ ਬਕਾਇਆ।
ਫਲਾਈਟ ਤੁਹਾਡੀ ਓਕੇ ਹੋ ਗਈ, ਏਜੰਟ ਨੇ ਹੱਥ ਵਿਚ ਟਿਕਟ ਫੜਾਇਆ।
ਇੰਮੀਗਰੇਸ਼ਨ ਬੋਰਡਿੰਗ ਲੰਘਕੇ, ਵੇਟਿੰਗ ਰੂਮ ਵਿਚ ਬੈਠਾਇਆ।
ਪਲੇਨ ਉਡਿਆ ਤਾਂ ਮੈਨੂੰ ਜਾਪੇ, ਸਵਰਗਾਂ ਦਾ ਝੂਟਾ ਜਿਹਾ ਆਇਆ।
ਸੋਹਣੀ ਜਿਹੀ ਮੈਡਮ ਨੇ ਆਕੇ, ਹਊ ਆਰ ਯੂ ਮਿਸਟਰ ਫਰਮਾਇਆ।
ਹੱਦ ਰਹੀ ਨਾ ਖ਼ੁਸ਼ੀ ਦੀ ਮੇਰੀ, ਕਿੰਨਾਂ ਖ਼ੁਸ਼ ਸਾਂ ਨਾ ਜਾਏ ਬਤਾਇਆ।
ਡਰਾਈ ਫ਼ਰੂਟ ਤੇ ਕੈਂਡੀਆਂ ਦੇ ਕੇ, ਕੋਲਡ ਡਰਿੰਕ ਮੇਰੇ ਹੱਥ ਫੜਾਇਆ।
ਸੰਮਥਿੰਗ ਮੋਰ ਤੇ ਸਮਾਇਲ ਕਰਕੇ, ਟਰਾਲੀ ਨੂੰ ਅੱਗੇ ਸਰਕਾਇਆ।
ਮੈਂ ਸੋਚਾਂ ਇਹ ਸੱਚ ਦੀਆਂ ਬਾਤਾਂ, ਜਾਂ ਕੋਈ ਮੈਨੂੰ ਸੁਪਨਾ ਆਇਆ।
ਉਧਰ ਭਿੰਦੇ ਦੀ ਮੰਮੀ ਨੇ, ਫੜਕੇ ਮੇਰਾ ਪੈਰ ਹਿਲਾਇਆ।
ਅੰਬਰਾਂ ਵਿਚ ਮੈਂ ਲਾਵਾਂ ਉਡਾਰੀ, ਸੁੱਟ ਕਿਸੇ ਧਰਤੀ ਪਟਕਾਇਆ।
ਮੈਂ ਆਖਾਂ ਅਜੇ ਸੌਣ ਦੇ ਮੈਨੂੰ, ਕੱਚੀ ਨੀਂਦੇ ਕਿਉਂ ਜਗਾਇਆ।
ਕਹਿੰਦੀ ਉਠਕੇ ਪੱਠੇ ਪਾ ਦਿਉ, ਅਜੇ ਤੱਕ ਭਈਆ ਨਾ ਆਇਆ।

ਮੈਂ ਤਾਂ ਰੱਖਦੀ ਹਾਂ ਕੰਨ ਖਿੱਚਕੇ, ਤੁਸੀ ਹੀ ਉਸ ਨੂੰ ਸਿਰੇ ਚੜਾਇਆ।
ਗੋਹਾ ਸਾਰਾ ਪਾਸੇ ਕਰ ਦਿਉ, ਫੋਹੜਾ ਮੇਰੇ ਹੱਥ ਫੜਾਇਆ
ਮੱਝਾਂ ਉੱਤੇ ਪਾਣੀ ਪਾ ਦਿਉ, ਕੱਲ ਦਾ ਕਿਸੇ ਨੇ ਨਾ ਵੱਗ ਨਹਾਇਆ।
ਪਰਸੋ ਤੋਂ ਮੈਂ ਰੋਲਾ ਪਾਉਂਦੀ, ਤੇਲ ਤੁਸਾਂ ਕੰਨਾਂ ਵਿਚ ਪਾਇਆ।
ਪੀਹਣੇ ਦਾ ਮੈਂ ਬੋਰਾ ਭਰਿਆ, ਚੱਕੀ ਤੇ ਨਹੀਂ ਕਿਸੇ ਪਹੁੰਚਾਇਆ।
ਆ ਜਾਉ ਸਭ ਦੀ ਮੱਤ ਟਿਕਾਣੇ, ਜਦ ਨਾ ਕੋਈ ਮੱਨ ਪਕਾਇਆ।
ਬੜੇ ਚਿਰਾਂ ਤੋਂ ਚੁੱਪ ਸੀ ਬੈਠੀ, ਮੈਂ ਸੀ ਮੂੰਹ ਨੂੰ ਜਿੰਦਰਾ ਲਾਇਆ।
ਸਿਰ ਤੋਂ ਲੰਘਿਆ ਪਾਣੀ ਤੱਕ ਕੇ, ਤੁਸਾਂ ਹੀ ਮੇਰਾ ਮੂੰਹ ਖਲਾਇਆ।
ਬੱਦਲ ਵਾਂਗੂ ਜਾਵੇ ਗੱਜੀ, ਜਿਨਾਂ ਤੈਨੂੰ ਚੁੱਪ ਕਰਾਇਆ।
ਸੁੱਚੇ ਮੂੰਹ ਤਾਂ ਰੱਬ ਰੱਬ ਕਰ ਲੈ, ਕਾਹਨੂੰ ਜਾਨੀ ਰੱਬ ਭੁਲਾਇਆ।
ਦਿਨ ਚੜ੍ਹਦੇ ਨਾਲ ਹੋ ਗਈ ਚਾਲੂ, ਬਖਸ਼ੀ-ਬਖਸ਼ਣ ਹਾਰ ਖੁਦਾਇਆ।
ਉੱਠਿਆ ਉਠ ਕੇ ਆਕੜਾਂ ਭੰਨੀਆਂ, ਫਿਰ ਜ਼ਰਾ ਮੈਂ ਮੂੰਹ ਧੋ ਆਇਆ।
ਢੱਠਾ ਪਰਨਾ ਸਿਰ ਤੇ ਬੰਨ ਕੇ, ਲੈ ਪਲੀ ਟੋਕੇ ਤੇ ਆਇਆ।
ਕੁਤਰੇ ਹੋਏ ਪੱਠਿਆਂ ਦਾ ਮਗਰਾਂ, ਚੁਕ ਕੇ ਖੁਰਲੀ ਵਿਚ ਵਗਾਇਆ।
ਪੱਠੇ ਪਾਕੇ ਨੁਕਰੇ ਬਹਿ ਕੇ, ਫਿਰ ਜ਼ਰਾ ਮਨ ਨੂੰ ਸਮਝਾਇਆ।
ਹੰਬਲਾਂ ਮਾਰ ਤੇ ਦਿਲ ਨਾ ਛੱਡੀ, ਐਵੇਂ ਕਾਹਤੋਂ ਜਾਏ ਭੁਲਾਇਆ।
ਵਾਹਿਗੁਰੂ ਨੂੰ ਚੇਤੇ ਕਰਕੇ, ਚਰਨਾ ਤੇ ਮੈਂ ਸ਼ਸਿ ਝੁਕਾਇਆ।
ਸੁਪਨੇ ਸਾਰੇ ਸੱਚੇ ਕਰਤੇ, ਗੁਰਾਂ ਨੇ ਸਿਰ ਤੇ ਹੱਥ ਟਿਕਾਇਆ।
'ਗੁਰਮੋਹਣ' ਵਿਚਾਰਾ ਕਾਹਦੇ ਜੋਗਾ, ਲਿਖਦਾ ਜੋ ਉਹਨੇ ਲਿਖਵਾਇਆ।

ਮੋਤੀ ਕੁੱਤਾ

ਆਕੇ ਰਾਜੂ ਨੇ ਮਾਲਕ ਨੂੰ ਖ਼ਬਰ ਦਿੱਤੀ, ਸਾਡਾ ਮੋਤੀ ਅੱਜ ਚੜਾਈ ਕਰ ਗਿਆ ਏ ।
ਬਾਰਾਂ ਸਾਲ ਜੀਹਦੀ ਪੂਛ ਨਾ ਹੋਈ ਸਿੱਧੀ, ਆਪਣੇ ਆਪ ਸਿੱਧੀ ਕਰ ਗਿਆ ਏ ।
ਪਿੰਡੇ ਹੱਥ ਲਾਕੇ ਜਦੋਂ ਤੱਕਿਆ ਮੈਂ, ਠੰਡਾ ਠਾਰ ਹੋਇਆ ਮੂਲ ਨਾ ਤੜਫਦਾ ਏ।
ਪਹਿਲਾਂ ਵਾਂਗਰ ਹੁਣ ਨਾ ਲੱਤ ਚੁੱਕੇ, ਨਾਲੇ ਅੱਗੇ ਵਾਂਗੂ ਨਾ ਕੰਨ ਫੜਕਦਾ ਏ।
ਸਾਰਾ ਟੱਬਰ ਸਣੇ ਮਾਲਕ ਗਿਆ ਭੱਜਾ, ਮਾਲਕ ਨੇ ਚੁੱਕ ਸੀਨੇ ਨਾਲ ਲਾ ਲਿਆ ਸੀ।
ਉਹਦੀਆਂ ਅੱਖਾਂ ਵਿਚ ਕਿਰ ਗਏ ਸੀ ਹੰਝੂ, ਨਿੱਕੇ ਹੁੰਦੇ ਨੂੰ ਲਾਡਾਂ ਨਾਕ ਪਾਲਿਆ ਸੀ।
ਉਹਦੇ ਨਾਲ ਰਾਜੂ ਵੀ ਰੌਣ ਲੱਗਾ, ਨਾਲੇ ਉਹਨਾਂ ਤਾਈਂ ਰੁਵਾਈ ਜਾਵੇ।
ਨਾਲੇ ਮੋਤੀ ਦੇ ਪਿਛਲੇ ਗੁਣ ਦੱਸ ਕੇ ਤੇ, ਸਾਰੇ ਟੱਬਰ ਨੂੰ ਚੇਤੇ ਕਰਾਈ ਜਾਵੇ।
ਕਹਿੰਦਾ ਐਸਾ ਵਫ਼ਾਦਾਰ ਨਾ ਲੱਭਣਾ ਏ, ਮੂੰਹ ਭਾਂਡੇ ਵਿੱਚ ਮੂਲ ਨਾ ਪਾਂਵਦਾ ਸੀ।
ਬੁਰਕੀ ਮਾਲਕ ਦੀ ਪਾਈ ਤੇ ਸਬਰ ਕਰਦਾ, ਰਾਖੀ ਕਰਕੇ ਰਾਤ ਲੰਘਾਵਾਂਦਾ ਸੀ।
ਕਿਤੇ ਗੁਆਂਡੀ ਦੇ ਘਰੇ ਵੀ ਚੋਰ ਪੈ ਜਾਏ, ਚੜ੍ਹ ਬਨੇਰਿਆਂ ਤੇ ਖੋਰੂ ਪਾਂਵਦਾ ਸੀ।
ਲਾਗੇ ਗਲੀ ਚੋਂ ਕੋਈ ਜਵਾਕ ਲੰਘੇ, ਸਾਰੇ ਟੱਬਰ ਨੂੰ ਭੌਂਕ ਜਗਾਂਵਦਾ ਸੀ।
ਹੋਈਆਂ ਬੀਤੀਆਂ ਗੱਲਾਂ ਨੂੰ ਕਰ ਚੇਤੇ, ਸਾਰੇ ਟੱਬਰ ਨੂੰ ਫਿਰ ਰੁਲਾਈ ਜਾਵੇ।
ਨਾਲੇ ਆਪ ਵੀ ਨਾਲ ਰੌਣ ਬਹਿ ਜਾਏ, ਨਿੱਕੇ ਨਿੱਕੇ ਵੈਣ ਜਿਹੇ ਪਾਈ ਜਾਵੇ।
ਰੋ-ਰੋ ਕੀਤਾ ਜਦ ਮਨ ਹੋਲਾ, ਟੱਬਰ ਕੁੱਤੇ ਦੇ ਲਾਗੋਂ ਜਾ ਉਠਿਆ ਏ।
ਰਾਜੂ ਘੁੱਟ ਕੇ ਮੋਤੀ ਨੂੰ ਪਾਈ ਜੱਫੀ, ਕਹਿੰਦਾ ਮੇਰਾ ਤਾਂ ਦਿਲ ਜਾਂਦਾ ਖੁਸਿਆ ਏ।
ਦੇ ਰਾਜੂ ਨੂੰ ਹੌਸਲਾ ਕਿਹਾ ਉਹਨਾਂ, ਕੁੱਤਾ ਨਵਾਂ ਇਕ ਹੋਰ ਲਿਆ ਦਿਆਂਗੇ।
ਨਾਲੇ ਇਸੇ ਦਾ ਪੱਟਾ ਗਲ੍ਹ ਪਾ ਉਹਦੇ ਉਹਦਾ ਨਾਮ ਵੀ ਮੋਤੀ ਰੱਖ ਦਿਆਂਗੇ।
ਚੱਲ ਛੱਡ ਰਾਜੂ ਡੁਸਕੇ ਕਿਉਂ ਲਾਈ ਜਾਨਾਂ, ਐਵੇਂ ਦਿਲ ਤੇ ਗੱਲ ਨਾ ਲਾਈ ਦੀ ਏ।
ਇਹ ਤਾਂ ਕੁੱਤਾ ਸੀ ਕੁੱਤਾ ਕੋਈ ਹੋਰ ਆ ਜਾਉ, ਹੋਈਆਂ ਬੀਤੀਆਂ ਦੀ ਯਾਦ ਭੁਲਾਈ ਦੀ ਏ।
ਰਾਜੂ ਮਾਲਕ ਦੇ ਮੋਢੇ ਨਾਲ ਲੱਗ ਕੇ, ਮੋਤੀ ਕੁੱਤੇ ਦੀ ਯਾਦ ਕਰਾਵਦਾ ਸੀ।
ਮੋਤੀ ਕੁੱਤਾ ਸੀ ਪੱਕਾ ਉਹ ਯਾਰ ਮੇਰਾ, ਮੇਰੇ ਕੰਮਾਂ ਵਿਚ ਹੱਥ ਵਡਾਂਵਦਾ ਸੀ।

ਜਦ ਰੋਟੀ ਪਾਣੀ ਖਾ ਤੁਸੀਂ ਸੌ ਜਾਂਦੇ, ਭਾਂਡੇ ਮਾਂਜਣ ਦੀ ਮੇਰੀ ਵਾਰੀ ਆਂਵਦੀ ਏ ।
ਢੇਰ ਭਾਂਡੇ ਦਾ ਇਕੱਲੇ ਨੂੰ ਮਾਂਜਣਾ ਪਊ, ਤਾਈਉ ਕੁੱਤੇ ਦੀ ਯਾਦ ਸਤਾਵਦੀ ਏ।
ਭਾਂਡੇ ਟੂਟੀ ਦੇ ਲਾਗੇ ਮੈਂ ਕਰ ਕੱਠੇ, ਫੇਰ ਮੋਤੀ ਦੀ ਗਲੋਂ ਰੱਸੀ ਲਾਵਦਾ ਸੀ।
ਲਾਡਾਂ ਨਾਲ ਪਿੰਡੇ ਹੱਥ ਫੇਰ ਕੇ ਤੇ, ਪੁਚ-ਪੁਚ ਕਰ ਕੋਲ ਬੁਲਾਂਵਦਾ ਸੀ।
ਵਿਚ ਭਾਂਡਿਆਂ ਦੇ ਭੋਰਾ ਨਾ ਜੂਠ ਛੱਡੇ, ਨਾਲੇ ਖ਼ੁਸ਼ ਹੋ ਪੂਛ ਹਿਲਾਵਦਾ ਸੀ।
ਖੁਲ੍ਹੇ ਪਾਣੀ ਦੇ ਵਿਚੋਂ ਦੀ ਕੱਢ ਕੇ ਮੈਂ, ਪਰਛੱਤੀ ਦੇ ਉਤੇ ਟਿਕਾਵਦਾ ਸੀ।
ਗੋਰੀ ਕੁੱਤੇ ਨੂੰ ਇਕ ਲੈ ਜਾਏ ਭੱਜੀ, ਉਹਨੇ ਕੁੱਤੇ ਦੀ ਯਾਦ ਕਰਾ ਦਿੱਤੀ।
ਤਾਈਉ 'ਮੋਹਣ' ਨੇ ਹੱਥ ਵਿਚ ਕਲਮ ਫੜਕੇ, ਮੋਤੀ ਕੁੱਤੇ ਤੇ ਕਵਿਤਾ ਬਣਾ ਦਿੱਤੀ।

ਪੁਰਾਣਾ ਵਿਰਸਾ(ਸਭਿਆਚਾਰ)

ਕਿੱਥੇ ਰਹਿਗੇ ਬੋਹੜ ਤੇ ਪਿੱਪਲ, ਕਿੱਥੇ ਨੇ ਹੁਣ ਪਿੰਡ ਦੀਆਂ ਗਲੀਆਂ।
ਭੁਲ ਗਏ ਹੀਰ ਤੇ ਮਿਰਜ਼ੇ ਸਾਹਿਬਾ, ਸੋਹਣੀਆਂ ਕਿਤੇ ਦਰਿਆ ਵਿਚ ਠੱਲੀਆਂ।
ਇਸ਼ਕ ਦੇ ਪਿੱਛੇ ਮੱਝੀਆਂ ਚਾਰੇ, ਕਿਥੇ ਰਾਂਝੇ ਦੀਆਂ ਵੰਝਲੀਆਂ।
ਨਾ ਯਮਲੇ ਤੂੰਬੀ ਨਾਲ ਗਾਉਂਦੇ, ਨਾ ਲੱਭਣ ਮਾਣਕ ਦੀਆਂ ਕਲੀਆਂ।
ਘਰਾਟ ਤੇ ਕੋਹਲੂ ਹੋਏ ਪੁਰਾਣੇ, ਨਾ ਵੱਜਣ ਬਲਦਾਂ ਦੀਆਂ ਟੱਲੀਆਂ।
ਅਟਕ ਦਰਿਆ ਨੂੰ ਰੋਕਣਾ ਕਿਥੇ, ਜੰਗ ਵਿਚ ਪਾਉਂਦੇ ਯੋਧੇ ਜਲੀਆਂ।
ਤਾਰਾ ਮੀਰਾ ਸਰੋਂ ਨਾ ਲੱਭਦੀ, ਡਾਂਗਾਂ ਨਾਲ ਨਾਲ ਕੁਟਦੇ ਛੱਲੀਆਂ।
ਮੀਂਹ ਪੈਂਦੇ ਤੇ ਪਿੱਤ ਮਾਰਨੀ, ਘੁੰਮ ਘੁੰਮ ਖਾਂਦੇ ਸੀ ਭੌਂ ਬਲੀਆਂ।
ਟਾਂਗੇ ਯੱਕੇ ਹੋਏ ਪੁਰਾਣੇ, ਪਲੰਗ ਨਵਾਰੀ ਨਾ ਕਿਤੇ ਝਲੀਆਂ।
ਚਾਟੀ ਅਤੇ ਮਧਾਣੀ ਕਿਥੋਂ, ਕਿਥੇ ਨੇ ਮੱਖਣ ਦੀਆਂ ਡਲੀਆਂ।
ਦਰੀਆਂ, ਨਾਲੇ, ਪੱਖੀਆਂ, ਉਣਨੇ, ਪਾਉਣੇ ਮੋਰ, ਸਹੇ, ਅਠਕਲੀਆਂ।
ਚਰਖੇ ਦੀ ਨਾ ਘੁਕਰ ਸੁਣਦੀ, ਮੋੜੋ ਡੰਗਰ ਦੁਪਹਿਰਾਂ ਢਲੀਆਂ।
ਕੁਕੜ ਬਾਂਗੇ ਜੋਤੇ ਲਾਈਏ, ਜੋਗਾਂ ਨੇ ਖੇਤਾਂ ਨੂੰ ਚੱਲੀਆਂ।
ਸੋਨਾ ਵੇਚ ਖਰੀਦਿਆ ਲੋਹਾ, ਭਾਂਡੇ ਕੌਣ ਕਰਾਵੇ ਕਲੀਆਂ।
ਮੀਰ ਮਰਾਸੀ ਵਿਆਹਾਂ ਦੇ ਵਿਚ, ਦਿਲ ਪਰਚਾਉਂਦੇ ਮਾਰ ਜੱਬਲੀਆਂ।
ਮੁੱਛਾਂ ਤੇ ਨਾ ਨਿੰਬੂ ਟਿਕਦੇ, ਕਿਥੇ ਦੇਹਾਂ ਮੱਖਣਾਂ ਪਲੀਆਂ।
ਵਾੜਿਆਂ ਦੇ ਵਿਚ ਗਹੂਰੇ ਲਾਉਣੇ, ਕੁਪਾਂ ਉਤੇ ਚੜਾਉਣੀਆਂ ਫਲ੍ਹੀਆਂ।
ਆਈ ਵਿਸਾਖੀ ਹਾੜੀ ਪੱਕ ਗਈ, ਭੁੰਨ ਕੇ ਖਾਣੀਆਂ ਹੋਲਾਂ ਬਲੀਆਂ।
ਸਬਕ ਤੇ ਪਹਾੜੇ ਯਾਦ ਨਾ ਕਰਨੇ, ਡੰਡੇ ਖਾਣੇ ਕਰਕੇ ਤਲੀਆਂ।
ਚਿੱਠੀਆਂ ਰੁੱਕੇ ਪਾਸੇ ਕਰਕੇ, ਮਲਾਂ ਫੇਸਬੁੱਕ ਨੇ ਮਲੀਆਂ।
ਸੀਪ ਦੀ ਬਾਜ਼ੀ ਕਿਥੇ ਲਾਉਣੀ, ਸੱਥਾਂ ਤਾਂ ਖਾਲੀ ਹੋ ਚੱਲੀਆਂ।
ਪੁਰਾਣਾ ਵਿਰਸਾ ਕੋਈ ਨਾ ਸੁਣਦਾ, ਸੁਣਦੇ ਮਿਸ ਪੂਜਾ ਦੀਆਂ ਝੱਲੀਆਂ।
ਯੂ ਐਸ ਏ ਤੋਂ ਕਵਿਤਾ ਗਾ ਤੀ, 'ਮੋਹਣ' ਨੇ ਲਿਖ ਕੇ ਝੱਲ ਬਲੱਲੀਆਂ।

ਮਾਂ

ਸਭ ਤੋਂ ਪਹਿਲਾਂ ਸਿਜਦਾ ਕਰਦਾ, ਜੱਗ ਵਿਚ ਹੈ ਜੋ ਮਾਂ ਕਹਾਉਂਦੀ।
ਲੱਖ ਚੁਰਾਸੀ ਜੂਨ ਸਬਾਈ, ਦੁਨੀਆਂ ਉਤੇ ਮਾਂ ਲਿਆਉਂਦੀ।
ਫਿਲਮ ਤਮਾਸ਼ਾ ਰੰਗਲਾ ਜੱਗ ਜੋ, ਸਭ ਕੁਝ ਹੈ ਇਕ ਮਾਂ ਵਖਾਉਂਦੀ।
ਮਮਤਾ ਮਾਰੀ ਭੁੰਜੇ ਸੌਂ ਕੇ, ਸੁੱਕੇ ਥਾਂ ਤੇ ਮਾਂ ਹੈ ਪਾਉਂਦੀ।
ਧੁੱਪਾਂ ਦੇ ਵਿਚ ਲੂ ਨਾ ਲੱਗ ਜਾਏ, ਠੰਡੇ ਪਾਣੀ ਮਾਂ ਨਵਾਉਂਦੀ।
ਸਰਦੀਆਂ ਪਾਲੇ ਕੱਕਰ ਕੋਲੋਂ, ਬੁੱਕਲ ਦੇ ਵਿਚ ਮਾਂ ਲਕਾਉਂਦੀ।
ਕੁਕੁ ਰਾਣਾ ਰੁਸਿਆ ਸਾਡਾ, ਕੁਤ ਕੁਤ ਕਰ ਕੇ ਮਾਂ ਹਸਾਉਂਦੀ।
ਹਿਰਖਾਂ ਨਾਲ ਜੋ ਰੋਂਦਾ ਬੱਚਾ, ਛਾਤੀ ਲਾਕੇ ਮਾਂ ਵਰਾਉਂਦੀ।
ਗੁੜੀ ਨੀਂਦਰ ਆ ਜਾਏ ਤੈਨੂੰ, ਬਾਤਾਂ ਲੋਰੀਆਂ ਮਾਂ ਹੈ ਗਾਉਂਦੀ।
ਪੁਤਰਾ ਸ਼ੇਰ ਬਣ ਕੇ ਉਠ ਜਾ, ਇਹਦਾ ਕਹਿਕੇ ਮਾਂ ਜਗਾਉਂਦੀ।
ਰਿੜ ਕੇ ਉੱਠਣਾ ਉਠ ਕੇ ਤੁਰਨਾ, ਉਂਗਲ ਫੜ ਕੇ ਮਾਂ ਸਿਖਾਉਂਦੀ।
ਬੱਚਾ ਜਦ ਵੀ ਬੋਲਣ ਲਗਦਾ, ਜਿਹਬਾ ਪਹਿਲਾਂ ਮਾਂ ਬਲਾਉਂਦੀ।
ਪੁੱਤਰ ਮੇਰਾ ਪੜ੍ਹਨੇ ਚੱਲਿਆ, ਫੱਟੀ ਬਸਤਾ ਮਾਂ ਫੜਾਉਂਦੀ।
ਪੁਰਨਿਆਂ ਉੱਤੇ ਲਿਖਣਾ ਕਿਵੇਂ, ਹੱਥ ਵਿੱਚ ਹੱਥ ਫੜ ਮਾਂ ਸਿਖਾਉਂਦੀ।
ਬੱਚਿਆ ਤੇਰੀ ਦੂਰ ਬਲਾਈ, ਵਾਰ ਕੇ ਮਿਰਚਾਂ ਚੁਲ੍ਹੇ ਪਾਉਂਦੀ।
ਚੰਨ ਮੇਰੇ ਨੂੰ ਨਜ਼ਰ ਨਾ ਲੱਗ ਜਾਏ, ਕਾਲਾ ਟਿੱਕਾ ਮੱਥੇ ਲਾਉਂਦੀ।
ਬਾਪ ਦੇ ਚੰਦਰੇ ਗੁੱਸੇ ਕੋਲੋਂ, ਅੱਗੇ ਹੋ ਕੇ ਮਾਂ ਬਚਾਉਂਦੀ।
ਪੁੱਤਰ ਮੇਰਾ ਗੱਭਰੂ ਹੋਇਆ, ਵਿਆਹ ਦੀਆਂ ਘੋੜੀਆਂ ਮਾਂ ਹੈ ਗਾਉਂਦੀ।
ਨੂੰਹ ਤੋਂ ਵਾਰਕੇ ਪਾਣੀ ਪੀਣਾ, ਗੜਵੀ ਤਾਰਿਆਂ ਨਾਲ ਸਜਾਉਂਦੀ।
ਘਰ ਆਪਣੇ ਸਾਂਭ ਕੇ ਰੱਖੀ, ਨੂੰਹ ਨੂੰ ਕੁੰਜੀਆਂ ਮਾਂ ਫੜਾਉਂਦੀ।
ਫਰਜ਼ ਆਪਣੇ ਪੂਰੇ ਕਰਕੇ, ਸੱਚੇ ਗੁਰਾਂ ਨੂੰ ਮਾਂ ਧਿਆਉਂਦੀ।
ਪੁੱਤਰ ਹੋ ਜਾਏ ਪੋਤਿਆਂ ਵਾਲਾ, ਕਾਕਾ ਕਹਿਕੇ ਮਾਂ ਬੁਲਾਉਂਦੀ।
ਪੁੱਤ-ਕਪੁੱਤ ਹੋ ਜਾਏ ਭਾਂਵੇ, ਮੁਖੜਾ ਕਦੇ ਨਾ ਮਾਂ ਭਵੋਂਦੀ।
ਆਪਣੇ ਦੁੱਖੜੇ ਝੱਲ ਲਏ ਸਾਰੇ, ਬੱਚਿਆਂ ਦਾ ਦੁੱਖ ਮਾਂ ਨਾ ਚਾਹੁੰਦੀ।
ਵਿਹੜਾ ਚੌਂਕਾ ਵੰਡ ਲੋ ਭਾਂਵੇ, ਵੰਡੀਆਂ ਦੇ ਵਿਚ ਮਾਂ ਨਾ ਆਉਂਦੀ।
ਮਾਂ ਦੀ ਸੇਵਾ ਰੱਬ ਦੀ ਸੇਵਾ, ਇਹੋ ਸੇਵਾ ਰੱਬ ਨੂੰ ਭਾਉਂਦੀ।
ਮਾਂ ਮਿਟਰ ਨਾ ਹੋ ਜਾਏ ਕੋਈ, 'ਮੋਹਣ'ਨਾ ਮੁੜਕੇ ਮਾਂ ਥਿਆਉਂਦੀ।

ਬੱਚਿਤਰ ਸਿੰਘ ਦਾ ਹਾਥੀ ਨਾਲ ਮੁਕਾਬਲਾ

ਮੇਰੇ ਸ਼ਹਿਨਸ਼ਾਨ ਚੋਜ਼ੀਧਾਰ ਸਤਿਗੁਰ ਨੇ,
ਇਕ ਵਸਾਈ ਜੋ ਪੂਰੀ ਅਨੰਦ ਦੀ ਏ।
ਆਣ ਸੰਗਤਾਂ ਇਕੱਠੀਆਂ ਹੋਣ ਲੱਗੀਆਂ,
ਹਾਸੇ ਖ਼ੁਸ਼ੀਆਂ ਤੇ ਰਹਿਮਤਾਂ ਵੰਡਦੀ ਏ।
ਕਿਲ੍ਹਾ ਉਸਰਿਆ ਉੱਚਾ ਟਿੱਬਾ ਵੇਖਕੇ ਤੇ,
ਝੰਡਾ ਕੇਸਰੀ ਫਰਾਰੇ ਮਾਰਦਾ ਏ।
ਆਉਂਦਾ ਜਾਂਦਾ ਰਾਹੀ ਰਾਤ ਕੱਟ ਜਾਂਦਾ
ਛੱਕ ਪ੍ਰਸ਼ਾਦਾ ਸ਼ੁਕਰ ਗੁਜਾਰਦਾ ਏ।
ਗੱਤਕੇ ਖੇਡ ਦੇ ਸਿਪਾਹ ਸਲਾਰ ਇਥੇ,
ਤੇ ਨਗਾਰਿਆਂ ਦੀ ਚੋਟ ਗੂੰਜਦੀ ਏ।
ਹੱਕ ਸੱਚ ਦਾ ਹੋਕਾ ਦਿੱਤਾ ਜਾਂਵਦਾ ਏ,
ਮਨੋਂ ਦੂਈ ਦਵੈਤ ਨੂੰ ਹੂੰਜਦੀ ਏ।
ਨਾਈ, ਛੀਂਬੇ, ਚਮਾਰ ਸਭ ਕਰ ਇਕੱਠੇ,
ਉੂਚ ਨੀਚ ਦਾ ਭੇਦ ਮਿਟਾਵਾਂਦੇ ਨੇ।
ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈ,
ਸਤਿਗੁਰੂ ਜੀ ਮੁੱਖੋਂ ਫੁਰਮਾਂਵਦੇ ਨੇ।
ਬਾਈਧਾਰ ਤੇ ਰਾਜਿਆਂ ਹੋ ਇਕੱਠੇ,
ਇਕ ਗੁਪਤ ਪੰਚਾਇਤ ਬੁਲਾਈ ਏ ਜੀ।
ਨੌਵੇ ਨਾਨਕ ਤਕ ਮਾਲਾ ਫੇਰਦੇ ਰਹੇ,
ਦਸਵੇਂ ਆਣ ਕੇ ਅਤ ਕਿਉਂ ਚਾਈ ਏ ਜੀ।
ਇਹ ਤਾਂ ਜ਼ਾਤ-ਕੁਜ਼ਾਤ ਵੀ ਵੇਖਦਾ ਨਹੀਂ,
ਸਭ ਨੂੰ ਇਕੋ ਬਾਟੇ ਛਕਾਈ ਜਾਂਦਾ।
ਜਿਹਨੂੰ ਅਸੀਂ ਦੁਰਕਾਰਕੇ ਰੱਖਦੇ ਸਾਂ,
ਉਹਨਾਂ ਨੀਚਾਂ ਨੂੰ ਭੂਏ ਚੜਾਈ ਜਾਂਦਾ ।
ਜਿਹੜੇ ਸਹਿਮ ਕੇ ਅੰਦਈ ਵੜੇ ਰਹਿੰਦੇ,
ਅੱਜ ਸਾਹਮਣੇ ਆ ਲਲਕਾਰ ਦੇ ਨੇ।
ਅੱਜ ਅਸੀਂ ਹਾਂ ਅੰਦਰੀ ਤੜੇ ਬੈਠੇ,

ਇਹ ਨਗਾਰਿਆਂ ਤੇ ਚੋਟਾਂ ਮਾਰਦੇ ਨੇ,
ਦਿੱਲੀ ਜਾ ਦਰਬਾਰ ਵਿਚ ਹੋ ਇਕੱਠੇ,
ਔਰੰਗਜ਼ੇਬ ਦੇ ਤਾਈਂ ਸੁਣਾਂਵਦੇ ਨੇ।
ਤੰਗ ਆ ਗਏ ਅਸੀਂ ਵਧੀਕੀਆਂ ਤੋਂ,
ਝੂਠ-ਸੱਚ ਦੀਆਂ ਲੂਤੀਆਂ ਲਾਂਵਦੇ ਨੇ।
ਸਾਡੀ ਕਰੋ ਇਮਦਾਦ ਸ਼ਾਹੀ ਹੁਕਮ ਦੇ ਕੇ,
ਬੂਹਾ ਤੋੜਨਾ ਕਿਲ੍ਹੇ ਦੇ ਗੇਟਾਂ ਦਾ ਏ।
ਸਿਰ ਫੇਹ ਦਈਏ ਫਨੀਅਰ ਨਾਗ ਦਾ ਜੋ,
ਨਿੱਤ ਆਣ ਸਾਡੇ ਕਾਲਜੇ ਤੇ ਲੇਟਦਾ ਏ।
ਔਰੰਗਜ਼ੇਬ ਨੇ ਅਗੋਂ ਜੁਵਾਬ ਦਿੱਤਾ,
ਇਹਦੀ ਆਵਾਜ਼ ਨੂੰ ਸਦਾ ਲਈ ਬੰਦ ਕਰਦੋ।
ਢਾਹ ਕੇ ਕਿਲ੍ਹਾ ਜੋ ਪੁਰੀ ਅਨੰਦ ਦੀ ਏ,
ਇਥੇ ਹੈਦਰੀ ਦਾ ਝੰਡਾ ਬੁਲੰਦ ਕਰ ਦੋ।
ਰਾਜੇ ਬਾਈਧਾਰ ਦੇ ਹੋ ਇਕੱਠੇ,
ਘੇਰਾ ਪੁਰੀ ਅਨੰਦ ਨੂੰ ਪਾਉਣ ਲੱਗੇ।
ਬੂਹਾ ਤੋੜਕੇ ਵਾਹੋ ਦਾਹੀ ਜਾ ਵੜੀਏ,
ਹੁਣ ਨਵੀਆਂ ਸਕੀਮਾਂ ਬਣਾਉਣ ਲੱਗੇ।
ਬਿਉਂਤ ਬਣੀ ਹਾਥੀ ਸ਼ਿੰਗਾਰ ਕੇ ਤੇ,
ਭਰੀ ਮਸ਼ਕ ਸ਼ਰਾਬ ਪਿਲਾਈ ਜਾਵੇ।
ਮੱਥੇ ਢਾਲਾਂ ਫੌਲਾਦੀ ਬੰਨ੍ਹ ਕੇ ਤੇ,
ਸਿੱਧੀ ਬੂਹੇ ਨੂੰ ਟੱਕਰ ਮਰਵਾਈ ਜਾਵੇ।
ਬੂਹਾ ਟੁੱਟਿਆ ਸਾਰ ਹੀ ਜਾ ਅੰਦਰ,
ਅਚਨਚੇਤ ਜਾ ਕੇ ਹਲਾ ਬੋਲ ਦਈਏ।
ਕੁਝ ਮੌਤ ਦੇ ਘਾਟ ਉਤਾਰ ਦੇਈਏ,
ਕੁਝ ਹਾਥੀ ਦੇ ਪੈਰਾਂ ਹੇਠ ਰੋਲ ਦੇਈਏ।
ਆਣ ਸੂਹੀਏ ਨੇ ਗੁਰਾਂ ਨੂੰ ਖ਼ਬਰ ਦਿੱਤੀ,
ਮਸਤ ਹਾਥੀ ਤੋਂ ਬੂਹਾ ਤੜਵਾਉਣਾ ਏ ਜੀ।
ਅੱਗੇ ਤੁਸੀਂ ਵੀ ਸੋਚ ਵਿਚਾਰ ਕਰ ਲੋ,

ਮਸਤ ਹਾਥੀ ਤੇ ਕਿਵੇਂ ਕਾਬੂ ਪਾਉਣਾ ਏ ਜੀ।
ਗੁਰਾਂ ਕਿਹਾ ਅਸੀਂ ਮਾਲੀ ਪਾਲਿਆ ਏ,
ਨਾਲ ਕੁਣਕਿਆਂ ਦੇ ਸਾਡੇ ਸੱਤ ਮਣ ਪੱਕਾ।
ਬੁਹਾ ਤੋੜਣ ਤੋਂ ਪਹਿਲਾਂ ਹੀ ਖੋਲ ਦੇਣਾ,
ਸਾਡਾ ਹਾਥੀ ਦੁਨੀ ਚੰਦ ਪਾਉ ਡੱਕਾ।
ਦੁਨੀਆਂ ਗੁਰਾਂ ਮੂਹਰੇ ਤਾਂ ਬੋਲਿਆ ਨਾ,
ਰਾਤੀ ਸਾਥੀਆਂ ਤਾਈਂ ਸੁਣਾਉਣ ਲੱਗਾ।
ਪਹਿਲਾਂ ਵਾਂਗ ਭਲਵਾਨਾ ਦੇ ਪਾਲ ਕੇ ਤੇ,
ਅੱਜ ਬਲੀ ਦਾ ਬੱਕਰਾ ਬਨਾਉਣ ਲੱਗਾ।
ਮਸਤ ਹਾਥੀ ਨੇ ਅਸਾਂ ਨੂੰ ਬਖਸ਼ਣਾਂ ਨਾ ਨਹੀਂ,
ਮੇਰੇ ਪਿੱਛੋਂ ਤੁਹਾਡੀ ਵਾਰੀ ਆਵਣੀ ਏ।
ਪਿੱਛਲੀ ਕੰਧ ਕਿਲ੍ਹੇ ਤੋਂ ਲਮਕ ਜਾਈਏ,
ਚਲੋ ਜਿਹਨੇ ਵੀ ਜਾਨ ਬਚਾਉਣੀ ਏ।
ਕੁਝ ਟੋਲਾ ਡਰਪੋਕਾਂ ਦਾ ਹੋਇਆ ਇਕੱਠਾ,
ਉਚੇ ਬੁਰਜ਼ ਨੂੰ ਜਾ ਰੱਸਾ ਪਾਂਵਦੇ ਨੇ।
ਇਕੱਲਾ-ਇਕੱਲਾ ਰੱਸਾ ਫੜ੍ਹ ਲਮਕੀ ਜਾਂਦਾ,
ਪਿਛਲੇ ਪਾਸੇ ਦੀ ਛਾਲਾਂ ਲਗਾਵਦੇ ਨੇ।
ਵਾਰੀ ਆਈ ਮੋਟੇ ਦੁਨੀ ਚੰਦ ਦੀ ਏ,
ਭਾਰ ਰੱਸੇ ਤੋਂ ਨਾ ਝੱਲਿਆ ਜਾਵਾਂਦਾ ਏ।
ਰੱਸਾ ਟੁੱਟਿਆ ਡਿੱਗਾ ਧੜ੍ਹਮ ਕਰਦਾ,
ਡਿੱਗ ਮੋਟੇ ਪੱਟੋਂ ਲੱਤਾਂ ਤੁੜਾਵਦਾ ਏ।
ਇਕੱਠੇ ਹੋ ਕੇ ਚੁਕਿਆ ਸਾਥੀਆਂ ਨੇ,
ਹਾਲ ਪਾਰਿਆਂ ਮਰ ਗਿਆਂ ਸੁਣਾਈ ਜਾਵੇ।
ਸਿਦਕੋਂ ਡੋਲਿਆ ਮਿਲੇ ਨਾ ਕਿਤੇ ਢੋਈ,
ਸਤਿਗੁਰੂ ਬਾਣੀ ਦੇ ਵਿਚ ਫੁਰਮਾਈ ਜਾਵੇ।
ਰਾਤੋ-ਰਾਤ ਭੱਜਾ ਦੁਨੀ ਚੰਦ ਹਾਥੀ,
ਸਿੱਖਾਂ ਰਾਤ ਦੀ ਖ਼ਬਰ ਸੁਣਾਈ ਏ ਜੀ।
ਉਧਰ ਸਿੰਘ ਬੰਚਿਤਰ ਨੇ ਆਣਕੇ ਤੇ,
ਗੁਰੂ ਚਰਨਾਂ ਦੇ ਵਿਚ ਫ਼ਤਿਹ ਬੁਲਾਈ ਏ ਜੀ।

ਛੋਟਾ ਕਦ ਤੇ ਗੁੰਦਵਾਂ ਸਰੀਰ ਉਹਦਾ,
ਡੋਲੇ ਫਰਕਦੇ ਫੁਰਤੀਲਾ ਦਲੇਰ ਯੋਧਾ।
ਗੁਰਾਂ ਥਾਪੀ ਦੇ ਕੇ ਕਿਹਾ ਅੱਗੋਂ,
ਕਰੂ ਮੁਕਾਬਲਾ ਸਾਡਾ ਬਬਰ ਸ਼ੇਰ ਯੋਧਾ।
ਸੀਸ ਚਰਨਾਂ ਤੇ ਧਰਕੇ ਕਿਹਾ ਯੋਧੇ,
ਹੋਵੇ ਜਿਹਦੇ ਤੇ ਹੱਥ ਤੇਰੀ ਮਿਹਰ ਦਾ ਜੀ,
ਤੂੰ ਤਾਂ ਕੀੜੀ ਤੋਂ ਹਾਥੀ ਮਰਵਾ ਦਿੰਦਾ।
ਬੰਦਾ ਡਾਂਗ ਨਾਲ ਮੁਖ ਮੋੜੇ ਸ਼ੇਰ ਦਾ ਜੀ,
ਤੁਹਾਡੀ ਮਿਹਰ ਨੇ ਸੱਚੇ ਸਤਿਗੁਰੂ ਜੀ।
ਪਿੰਗਲੇ ਪਰਬਤਾਂ ਉੱਤੇ ਚੜਾ ਦਿੱਤੇ।
ਜਿਹੜੇ ਗੂੰਗੇ ਜਬਾਨੋ ਨਾ ਬੋਲਦੇ ਸੀ,
ਤੁਸੀਂ ਗੀਤਾ ਦੇ ਅਰਥ ਕਢਾ ਦਿੱਤੇ।
ਸਚੇ ਪਾਤਸ਼ਾਹ ਕਰਾਂ ਕੀ ਸਿਫਤ ਤੇਰੀ,
ਤੂੰ ਤਾਂ ਚਿੜੀਆਂ ਤੋਂ ਬਾਜ਼ ਤੁੜਾ ਦਿਨਾਂ।
ਨਿਗਾਹ ਮਿਹਰ ਦੀ ਜਿਹਦੇ ਤੇ ਹੋਵੇ ਤੇਰੀ,
ਸਵਾ ਲੱਖ ਨਾਲ ਇਕੱਲਾ ਲੜਵਾ ਦੇਣਾ।
ਗੁਰਾਂ ਕੰਢ ਦੇ ਉੱਤੇ ਲਾ ਥਾਪੀ,
ਟਾਕਰਾ ਹਾਥੀ ਨਾਲ ਕਰਨ ਨੂੰ ਤੋਰ ਦਿੱਤਾ।
ਮਸਤ ਹਾਥੀ ਦੇ ਨਾਲ ਉਹਨਾਂ ਲੜਨ ਦੇ ਲਈ,
ਸੈਂਕੜੇ ਹਾਥੀਆਂ ਜਿਨਾਂ ਬਲ ਹੋਰ ਦਿੱਤਾ।
ਦਿਨ ਚੜ੍ਹਦੇ ਨਾਲ ਬੂਹਾ ਖੋਲਿਆ ਜਦ,
ਅੱਗੋਂ ਹਾਥੀ ਮਸਤਿਆ ਚਿਲਕਾਰਦਾ ਏ,
ਉਤੇ ਚੜ੍ਹੇ ਮਹਾਵਤ ਤੋਂ ਨਾ ਆਏ ਕਾਬੂ।
ਮਿੱਟੀ ਪੁੱਟ ਕੇ ਪਿਛਾਂਹ ਨੂੰ ਮਾਰਦਾ ਏ।
ਟਿੱਡੀ ਦਲ ਪਿੱਛੇ ਆਵੇ ਲਾਂਵ-ਲਸ਼ਕਰ,
ਹੈਦਰ ਅਲੀ ਦੇ ਨਾਰੇ ਪਏ ਗਜਦੇ ਨੇ।
ਇਧਰ ਧਰਮ ਦਾ ਮੋਰਚਾ ਲੱਗਿਆ ਏ,
ਸੋ ਨਿਹਾਲ ਦੇ ਜ਼ੈਕਾਰੇ ਪਏ ਛੱਡਦੇ ਨੇ।
ਬਚਿੱਤਰ ਸਿੰਘ ਘੋੜੇ ਅਸਵਾਰ ਹੋਕੇ,

ਨਾਗਣੀ ਹਾਥੀ ਦੇ ਮੱਥੇ ਵਿਚ ਮਾਰੀ ਏ ਜੀ।
ਢਾਲਾਂ ਬਿਨ੍ਹਕੇ ਮੱਥੇ ਅੰਦਰ ਜਾ ਧੱਸੀ,
ਅੱਗੋਂ ਲਹੂ ਦੀ ਛੁਟੀ ਫੁਹਾਰ ਏ ਜੀ।
ਚੀਕਾਂ ਮਾਰਦਾ ਪਿਛਾਂਹ ਹਾਥੀ ਮੋੜ ਭੱਜਾ,
ਜਾਂਦਾ ਖੂਨ ਮੈਦਾਨ ਵਿਚ ਡੋਲਦਾ ਏ।
ਸੁੰਡ ਨਾਲ ਉਹ ਕਈ ਲਪੇਟਦਾ ਏ,
ਕਈ ਪੈਰਾਂ ਦੇ ਹੇਠਾਂ ਮਧੋਲਦਾ ਏ।
ਰਹਿੰਦੀ ਕਸਰ ਕੱਢੀ ਸਿੰਘਾਂ ਬੋਲ ਹੱਲਾ।
ਫ਼ਤਿਹ ਖ਼ਾਲਸੇ ਦੇ ਹੱਥ ਵਿਚ ਆਈਏ ਜੀ,
ਆਪਣੇ ਆਪ ਨਾ 'ਮੋਹਣ' ਕੁਛ ਲਿਖਣ ਜੋਗਾ,
ਕਰਕੇ ਮਿਹਰ ਤੇ ਕਵਿਤਾ ਲਿਖਾਈ ਏ ਜੀ।

ਕਲਗੀਧਰ ਪਾਤਸ਼ਾਹ ਦੇ ਦਰਬਾਰ ਵਿਚ ਰਿਛ ਦੀ ਖੇਡ

ਸੰਗਤਾਂ ਸਜ਼ੀਆਂ ਭਰੇ ਦਰਬਾਰ ਅੰਦਰ, ਰਿਛ ਲੈ ਕੇ ਮਦਾਰੀ ਤੁਰਿਆ ਜਾਵਦਾ ਏ।
ਸੰਗਤਾਂ ਹੋ ਉਤਾਵਲੀਆਂ ਤੱਕਦੀਆਂ ਨੇ, ਨਾਲ ਡੁਗ-ਡੁਗੀ ਰਿਛ ਖਿਡਾਵਾਂਦਾ ਏ।
ਗੁਰਾਂ ਇਕ ਸੇਵਾਦਾਰ ਨੂੰ ਕਿਹਾ ਮੁਖੋਂ, ਰਿਛ ਵਾਲੇ ਨੂੰ ਅੰਦਰ ਬੁਲਾਇਆਂ ਜਾਵੇ।
ਅੱਜ ਰਿਛ ਦਾ ਤਮਾਸ਼ਾ ਦਿਖਾ ਕੇ ਤੇ, ਸਾਰੀ ਸੰਗਤ ਦਾ ਮਨ ਪਰਚਾਇਆ ਜਾਵੇ।
ਨਵਾਂ ਰਿਛ ਦਾ ਖੇਲ ਜੋ ਦੇਖਣੇ ਲਈ, ਇਕੱਠੀ ਹੋਈ ਏ ਸਾਰੀ ਲੋਕਾਈ ਜੀ।
ਉੱਚੇ ਖੜ ਡੁਗ-ਡੁਗੀ ਤੇ ਮਾਰ ਧੱਫਾ, ਸਾਰੀ ਸੰਗਤ ਤੋਂ ਤਾੜੀ ਲਵਾਈ ਏ ਜੀ।
ਰਿਛ ਵਾਲਾ ਗੁਰਾਂ ਨੂੰ ਟੇਕ ਮੱਥਾ, ਆਪਣੇ ਰਿਛ ਦੇ ਤਾਈਂ ਸੁਣਾਂਵਦਾ ਏ।
ਤੂੰ ਵੀ ਬਾਜ਼ਾਂ ਵਾਲੇ ਗੁਰਾਂ ਨੂੰ ਟੇਕ ਮੱਥਾ, ਤੇਰਾ ਖੇਲ ਗੁਰੂ ਵੇਖਣਾ ਚਾਹਵਦਾ ਏ।
ਸੰਗਤਾਂ ਗੋਲ-ਘਤਾਰੇ ਕਰ ਖੜ੍ਹੀਆਂ, ਆ ਮਦਾਰੀ ਨੇ ਡੁਗ ਡੁਗੀ ਵਜਾਈ ਏ ਜੀ।
ਪਹਿਲਾਂ ਰਿਛ ਨੇ ਦੋਵੇਂ ਹੱਥ ਜੋੜ ਕੇ ਤੇ, ਗੁਰ ਚਰਨਾਂ ਵਿਚ ਧੌਣ ਝੁਕਾਈ ਏ ਜੀ।
ਫਿਰ ਕੀਤਾ ਨਾਚ ਛਾਲਾਂ ਮਾਰ ਉੱਚੀਆਂ, ਸਾਰੀ ਸੰਗਤ ਦਾ ਮਨ ਪਰਚਾਵਦਾ ਏ।
ਜਿਹੜੀ ਤਾਲ ਤੇ ਡੁਗ ਡੁਗ ਵਜਦੀ ਏ ਰਿਛ ਤਾਲ ਨਾਲ ਤਾਲ ਮਿਲਾਵਦਾ ਏ।
ਦਿਲ ਖੋਲ ਕੇ ਨੱਚ ਜਮੂਰਿਆ ਤੂੰ, ਰੋਜ਼ ਗੁਰੂ ਦੀ ਖ਼ੁਸ਼ੀ ਨਾ ਲੱਭਦੀ ਏ।
ਅੱਜ ਨੱਚ ਕੇ ਕਰ ਲੈ ਤੂੰ ਜਨਮ ਸਫਲਾ, ਰਹਿਮਤ ਤੇਰੇ ਤੇ ਹੋਈ ਰੱਬ ਦੀ ਏ।
ਲੰਮੇਂ ਸਮੇਂ ਲਾਈਆਂ ਰਿਛ ਛਾਲਾਂ, ਸਿੱਧੀ ਪੁੱਠੀ ਬਾਜ਼ੀ ਲਾਈ ਜਾਵੇ।
ਭਾਈ ਕੀਰਤੀਆ ਗੁਰਾਂ ਨੂੰ ਚੌਰ ਕਰਦਾ, ਹੱਸ-ਹੱਸ ਕੇ ਵੱਖੀਆਂ ਚੜਾਈ ਜਾਵੇ।
ਭਾਈ ਕੀਰਤੀਏ ਨੂੰ ਆਖਦੇ ਗੁਰੂ ਮੇਰੇ, ਤੱਕ ਗੌਹ ਨਾਲ ਤੇਰਾ ਸਕਾ ਬਾਹ ਹੈ ਇਹ।
ਨੱਲ ਨਕੇਲ ਤੇ ਪਿੰਡੇ ਤੇ ਖਾਵੇ ਡੰਡੇ, ਪਿਛਲੇ ਜਨਮ ਦਾ ਭੁਗਤੇ ਸ਼ਰਾਪ ਹੈ ਇਹ।
ਸੁਣ ਕੇ ਗੁਰੂ ਤੋਂ ਸਾਰੇ ਸੀ ਸੁੰਝ ਪੈ ਗਈ, ਜਿਥੇ ਰੌਣਕਾਂ ਸਨਾਟਾ ਜਿਹਾ ਪੈ ਗਿਆ ਸੀ।
ਹਾਸੇ ਭੁੱਲ ਗਏ ਸੋਗ ਦੀ ਲਹਿਰ ਚੱਲੀ, ਭਾਈ ਕੀਰਤੀਆ ਚਰਨਾਂ ਤੇ ਢਹਿ ਗਿਆ ਸੀ।
ਮੇਰਾ ਬਾਪ ਤਾਂ ਸੇਵਾਦਾਰ ਰਿਹਾ ਗੁਰਾਂ ਦਾ, ਬੁਹੇ ਬੁਹੇ ਤੇ ਦੁੱਖ ਕਿਉਂ ਪਾਵਦਾ ਏ
ਮੇਰੇ ਸਤਿਗੁਰੂ ਬਖਸ਼ ਦਿਉ ਭੁਲ ਇਸਦੀ, ਦੁੱਖ ਮੈਥੋ ਨਾ ਝੱਲਿਆ ਜਾਵਾਂਦਾ ਏ।
ਉਸ ਮਨ ਈਰਖਾ ਰੱਖ ਕੇ ਕਰੀਂ ਸੇਵਾ, ਮਨ ਹੰਕਾਰ ਨਾ ਗੁਰੂ ਨੂੰ ਭਾਂਵਦਾ ਏ।
ਹੋਈ ਬੀਤੀ ਜੋ ਪਿਛਲੀ ਵਾਰਤਾ ਸੀ, ਗੁਰੂ ਸੰਗਤਾ ਦੇ ਵਿਚ ਸੁਣਾਂਵਦਾ ਏ।
ਸ਼ੋਭਾ ਸਿੰਘ ਸੀ ਸੇਵਾਦਾਰ ਪੱਕਾ, ਰੋਜ਼ ਲੰਗਰ ਤੇ ਦੇਗ਼ ਵਰਤਾਂਵਦਾ ਸੀ।
ਕਾਫੀ ਚਿਰਾਂ ਤੋਂ ਕਰੀ ਇਕ ਮਨ ਸੇਵਾ, ਪੂਰੇ ਫ਼ਰਜ਼ਾਂ ਦੇ ਨਾਲ ਨਿਭਾਂਵਦਾ ਸੀ।
ਇਕ ਦਿਨ ਪਿਆ ਭੋਗ ਆਸਾ ਦੀ ਵਾਰ ਜਾਂ, ਅੰਦਰ ਭੋਗ ਦੀ ਦੇਗ਼ ਵਰਤਾਈ ਜਾਵੇ।

ਇਕ ਸਿੱਖ ਸਿਦਕੀ ਰੂੜੀ ਭਰੀ ਗੱਡਾ, ਜੋੜੀ ਬਲਦਾ ਦੀ ਨਾਲ ਹਕਾਈ ਜਾਵੇ,
ਸਤਿਨਾਮ ਦਾ ਵਾਜਾ ਜਦ ਪਿਆ ਕੰਨੀ, ਗੱਡਾ ਤੁਰਿਆ ਜਾਂਦਾ ਛੱਡ ਚਲ ਆਂਵਦਾ ਜੇ।
ਕਾਹਲੀ-ਕਾਹਲੀ ਦੇ ਵਿਚ ਹੀ ਲਾਹ ਜੋੜਾ, ਆਕੇ ਗੁਰਾਂ ਨੂੰ ਸੀਸ ਝੁਕਾਂਵਦਾ ਏ।
ਗੱਫਾ ਦੇਗ਼ ਦਾ ਭਾਈ ਜੀ ਦਿਉ ਮੈਨੂੰ, ਗੱਡਾ ਦੂਰ ਮੇਰਾ ਤੁਰਿਆ ਜਾਂਵਦਾ ਏ।
ਪਿਛੇ ਹਟਕੇ ਬੈਠ ਜਾ ਮਾਰ ਝਿੜਕਾਂ, ਕਿਰਤੀ ਸਿੰਘ ਨੂੰ ਪਿੱਛੇ ਹਟਾਂਵਦਾ ਏ।
ਦੂਜੀ ਵਾਰ ਕਰ ਮਿੰਨਤਾਂ ਕਿਹਾ ਸਿੱਖ ਨੇ, ਤੁਰਦੇ ਬਲਦਾਂ ਦਾ ਵਾਸਤਾ ਪਾਇਆ ਉਹਨੇ।
ਖ਼ਾਲੀ ਮੁੜਾ ਨਾ ਲੈ ਲਵਾਂ ਦੇਗ ਗੁਰਾਂ ਦੀ, ਹੱਥ ਜੋੜ ਕੇ ਬੁਕ ਵਧਾਇਆ ਉਹਨੇ।
ਕਹਿੰਦਾ ਪਿਛਾਂਹ ਹਟ ਕੇ ਤੂੰ ਕਿਉਂ ਬੈਠਦਾ ਨਹੀਂ, ਰਿਛ ਵਾਂਗ ਐਵੇਂ ਭੜਥੂ ਪਾਈ ਜਾਨਾਂ।
ਮਿੱਟੀ ਘਟੇ ਦੇ ਨਾਲ ਲਿਬੜਿਆ ਮੂੰਹ ਦਾੜਾ, ਵਾਰੀ ਆਈ ਨਾ ਤੇਰੀ ਸੁਣਾਈ ਜਾਨਾਂ।
ਭੋਰਾ ਡਿੱਗਿਆ ਭੁੰਜਿਉਂ ਚੁੱਕ ਕੇ ਤੇ, ਜਦੋਂ ਰਸਨਾ ਦੇ ਨਾਲ ਛੁਹਾਇਆ ਉਹਨੇ।
ਉਹਦੀ ਰਸਨਾ ਤੇ ਨਾਨਕ ਦਾ ਵਾਸ ਹੋਇਆ, ਜਾਂਦੀ ਵਾਰ ਜਦ ਮੁਖੋਂ ਫੁਰਮਾਇਆ ਉਹਨੇ।
ਕਰਦਾ ਸੇਵਾ ਹੰਕਾਰ ਨਾ ਛੱਡਿਆ ਤੂੰ, ਉਂਜ ਗੁਰੁ ਦੀ ਦੇਗ਼ ਵਰਤਾਵਨਾਂ ਏ।
ਕਿਉਂ ਨਾ ਰਿਛ ਦੀ ਜੂਨ ਤੂੰ ਪਵੇਂ ਆਪੇ, ਜਿਹੜਾ ਸਿੱਖਾਂ ਨੂੰ ਰਿਛ ਸੁਣਾਵਨਾਂ ਏ।
ਸਮਾਂ ਪਾਕੇ ਬੋਲ ਜਦ ਹੋਏ ਪੂਰੇ, ਤਾਈਉਂ ਰਿਛ ਦੀ ਜੂਨ ਹੈ ਪਾਈ ਇਹਨੇ।
ਅੱਜ ਖੇਡ ਵਿਖਾ ਕੀਤਾ ਜਨਮ ਸਫ਼ਲਾ, ਜਿਹੜੀ ਰਿਛ ਦੀ ਜੂਨ ਹੰਡਾਈ ਇਹਨੇ।
ਸਤਿਗੁਰਾਂ ਨਦਰ ਮਿਹਰ ਦੀ ਕਰੀ ਰਿਛ ਤੇ, ਕੱਟ ਕੇ ਜੂਨ ਤੇ ਉਹਦਾ ਉਧਾਰ ਕੀਤਾ।
ਜਦੋ ਮਿਹਰ ਹੋਈ ਸੱਚੇ ਪਾਤਸ਼ਾਹ ਦੀ, ਉਦੋਂ 'ਮੋਹਣ' ਨੇ ਬੈਂਤ ਤਿਆਰ ਕੀਤਾ।
ਮੋਹਣ ਵਾਰਗੇ ਲੱਖਾਂ ਪਾਪੀਆਂ ਨੂੰ, ਕਰਕੇ ਨਦਰ ਭਵਸਾਗਰੋਂ ਪਾਰ ਕੀਤਾ।

ਜੁੱਤੀ ਦੀ ਕਰਾਮਾਤ

ਕਦੀ ਸਜਦੀ ਵਿਚ ਦਰਬਾਰ ਜੁੱਤੀ, ਕਦੀ ਲੱਥਦੀ ਬੂਹੋਂ ਬਾਹਰ ਜੁੱਤੀ।
ਕਦੀ ਬਣਦੀ ਗਲੇ ਦਾ ਹਾਰ ਜੁੱਤੀ, ਕਦੀ ਟੰਗੀ ਦੀ ਫ਼ਸਲ ਵਿਚਕਾਰ ਜੁੱਤੀ।
ਉਂਝ ਕਹਿਣ ਨੂੰ ਜੁੱਤੀ ਦਾ ਨਾਮ ਮਾੜਾ, ਐਪਰ ਪੈਰਾਂ ਦਾ ਬਣੇ ਸ਼ਿੰਗਾਰ ਜੁੱਤੀ।
ਕੋਈ ਪਾਈ ਜਾਵੇ ਕੋਈ ਖਾਈ ਜਾਵੇ, ਜਦੋਂ ਲੜਨ ਤੇ ਕਹਿਣ ਮੂੰਹ ਤੇ ਮਾਰ ਜੁੱਤੀ।
ਜੁੱਤੀ ਪੂੰਝ ਕੇ ਪਾਲਸ਼ ਤੇ ਬੁਰਸ਼ ਮਾਰੋ, ਬਣ ਜਾਂਦੀ ਉਦੋਂ ਚਮਕਦਾਰ ਜੁੱਤੀ।
ਜੁੱਤੀ ਜੁੱਤੀ ਕਹਿਕੇ ਐਵੇ ਨਿੰਦੀ ਜਾਵੋ, ਕਈ ਵੇਹਲੜਾ ਨੂੰ ਦੇਵੇ ਰੁਜ਼ਗਾਰ ਜੁੱਤੀ।
ਮਰੇ ਡੰਗਰ ਦਾ ਚੰਮ ਨਾ ਸਮਝ ਛੱਡੋ, ਮਹਿੰਗੇ ਮੁੱਲ ਨੂੰ ਵਿਕੇ ਬਜ਼ਾਰ ਜੁੱਤੀ।
ਜੁੱਤੀ ਪੈਰਾਂ ਨੂੰ ਸੁੱਖ ਅਰਾਮ ਦੇਵੇ, ਉਦੋਂ ਕਹਿੰਦੇ ਨੇ ਸ਼ਾਨਦਾਰ ਜੁੱਤੀ।
ਜੁੱਤੀ ਜਦੋਂ ਪੈਰਾਂ ਵਿਚ ਪਾਏ ਛਾਲੇ, ਪਾਉਣ ਵਾਲਾ ਵੀ ਤੁਰੇ ਉਤਾਰ ਜੁੱਤੀ।
ਬੋਝੇ ਹੋਣ ਪੈਸੇ ਉਦੋਂ ਲਿਸ਼ਕਦੀ ਏ, ਪੈਰ ਘਸੀਟਕੇ ਤੁਰੇ ਕਰਜ਼ਦਾਰ ਜੁੱਤੀ।
ਚੜੀ ਜਵਾਨੀ ਤੇ ਭੰਬਾਂ ਭਾਰ ਉੱਡਦੀ ਏ, ਵਿਚ ਬੁਢਾਪੇ ਦੇ ਚੁੱਕੇ ਨਾ ਭਾਰ ਜੁੱਤੀ।
ਜਿਹੜੇ ਲੈਣ ਵਿਦਿਆਰਥੀ ਨੰਬਰ ਚੰਗੇ, ਉਹਨਾਂ ਟੀਚਰਾਂ ਦੀ ਹੁੰਦੀ ਅਸਰਦਾਰ ਜੁੱਤੀ।
ਜੁੱਤੀ ਵੱਡਿਆਂ ਦੀ ਖਿੜੇ ਮੱਥੇ ਝੱਲੀਏ, ਹੁੰਦੀ ਬਜ਼ੁਰਗਾਂ ਦੀ ਤਜ਼ਰਬੇਕਾਰ ਜੁੱਤੀ।
ਟਾਟ ਝਾੜਕੇ ਚੌਕੜੀ ਮਾਰ ਬਹਿਣਾ, ਪਹਿਲਾਂ ਲਾਕੇ ਵਿਚ ਕਤਾਰ ਜੁੱਤੀ।
ਘੋਟਾ ਲਾ ਪਹਾੜੇ ਸੀ ਯਾਦ ਆਉਂਦੇ, ਕੰਨ ਫੜੀ ਦੇ ਪਿਛੋਂ ਠਾਹ ਮਾਰ ਜੁੱਤੀ।
ਜਦੋਂ ਬੰਦੇ ਦੇ ਦਿਨ ਕਿਤੇ ਹੋਣ ਸਿਧੇ, ਛਿੱਤਰ ਨਾਲ ਸਿਹਾ ਲੇਂਦੀ ਮਾਰ ਜੁੱਤੀ।
ਦਿਨ ਹੋਣ ਮਾੜੇ ਕਰਜ਼ਾ ਚੜੀ ਜਾਵੇ, ਟੁੱਟੇ ਛਿੱਤਰ ਵਾਂਗ ਕਰਦੀ ਨੁਹਾਰ ਜੁੱਤੀ।
ਕੁੰਡੀ ਝੋਟੀ ਦੇ ਗਲੇ ਵਿਚ ਬਝਦੀ, ਬਣੇ ਡੰਗਰ ਦੀ ਚੰਮ ਉਤਾਰ ਜੁੱਤੀ।
ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ, ਨਵੇਂ ਵਹੀਕਲ ਦਾ ਬਣੇ ਸ਼ਿੰਗਾਰ ਜੁੱਤੀ।
ਦਸ ਨੰਬਰੀ ਚੋਰ ਵੀ ਸੱਚ ਬੋਲਣ, ਜਦੋਂ ਹੱਥ ਆਉਂਦੀ ਥਾਣੇਦਾਰ ਜੁੱਤੀ।
ਜੇਕਰ ਅਜੇ ਵੀ ਹੋਈ ਨਾ ਕਸਰ ਪੂਰੀ, ਫਿਰ ਕਹਿੰਦੇ ਅਜੇ ਹੋਰ ਮਾਰ ਜੁੱਤੀ।
ਜਦ ਸਰਕਾਰੇ ਦਰਬਾਰੇ ਕੋਈ ਕੰਮ ਅੜ ਜਾਵੇ, ਉਹਦੇ ਕਹਿੰਦੇ ਚਾਂਦੀ ਦੀ ਮਾਰ ਜੁੱਤੀ।

ਜੁੱਤੀ ਚਾਂਦੀ ਦੀ ਖਿੜੇ ਮੱਥੇ ਝੱਲ ਲੈਂਦੇ, ਦੇਵੇ ਮਿੰਟਾਂ ਵਿਚ ਕੰਮ ਸਵਾਰ ਜੁੱਤੀ।

(ਇਤਿਹਾਸਕ ਪੱਖ)

ਲੱਖੀ ਜੁੱਤੀ ਤੋਂ ਤਾਰਾ ਰਾਣੀ ਦਾ ਭੇਦ ਲਗਾ, ਪਾ ਕੇ ਕਿਧਰ ਜਾਂਦੀ ਮੇਰੀ ਨਾਰ ਜੁੱਤੀ।
ਜੋੜੀ ਜੁੜੀ ਵੇਖ ਕੇ ਹਰੀਚੰਦ ਦੇ ਨੈਣ ਖੁਲ੍ਹੇ, ਐਸਾ ਰੱਖਦੀ ਏ ਚਮਤਕਾਰ ਜੁੱਤੀ।
ਰਾਮ ਚੰਦਰ ਬਨਵਾਸ ਲਈ ਜਦੋਂ ਤੁਰਿਆ, ਭਰਤ ਮੰਗੀ ਸੀ ਪੈਰੋਂ ਉਤਾਰ ਜੁੱਤੀ।
14 ਸਾਲ ਹੱਥ ਜੋੜ ਕੇ ਕਰੀ ਪੂਜਾ, ਉਹਨੂੰ ਜਾਣਕੇ ਰਾਮ ਅਵਤਾਰ ਜੁੱਤੀ।
ਬੁੱਢੇ ਮਾਪਿਆਂ ਦੀ ਚੁੱਕ ਕੇ ਕਰੀ ਸੇਵਾ, ਸਰਵਣ ਪੁੱਤਰ ਨੇ ਪੈਰੋਂ ਉਤਾਰ ਜੁੱਤੀ।
ਨਾਨਕ ਪਾਤਸ਼ਾਹ ਔਰਤ ਨੂੰ ਮਾਣ ਦਿੱਤਾ, ਪਹਿਲਾਂ ਕਹਿੰਦੇ ਸੀ ਮਰਦ ਦੀ ਨਾਰ ਜੁੱਤੀ।
ਗੁਰੂ ਘਰਾਂ ਵਿਚ ਜੋੜਿਆ ਦੀ ਕਰਨ ਸੇਵਾ, ਦਿੰਦੀ ਉਹਨਾਂ ਦਾ ਜਨਮ ਸਵਾਰ ਜੁੱਤੀ।
ਪਤਾ ਸੋਗ ਤੇ ਭੋਗ ਦਾ ਦੱਸ ਦੀ ਏ, ਜਦੋਂ ਲੱਥ ਦੀ ਏ ਬੂਹਿਉਂ ਬਾਹਰ ਜੁੱਤੀ।
ਜਦੋਂ ਚੰਦੂ ਸੀ ਸਿੱਖਾਂ ਦੇ ਹੱਥ ਆਇਆ, ਨੱਕ ਨਕੇਲ ਤੇ ਪਾਇਆ ਗਲ ਹਾਰ ਜੁੱਤੀ।
ਫਿਰ ਦਿੱਲੀਉਂ ਤੁਰਿਆ ਲਾਹੌਰ ਤੀਕਰ, ਖਾਂਦਾ ਆਇਆ ਦੀ ਸਰੇ ਬਜ਼ਾਰਬ ਜੁੱਤੀ।
ਵੇਖ ਸੰਗਤਾਂ ਨੂੰ ਚੜ੍ਹ ਗਿਆ ਸੀ ਚਾਅ ਢਾਡਾ, ਕੀਤਾ ਸਿਰ ਗੰਜਾਂ ਮਾਰ ਮਾਰ ਜੁੱਤੀ।
ਹੱਥ ਜੋੜਕੇ ਤਰਲੇ ਤੇ ਕਰੇ ਮਿੰਨਤਾਂ, ਹਾੜਾ ਵਾਸਤਾ ਹੋਰ ਨਾ ਮਾਰ ਜੁੱਤੀ।
ਜਦੋਂ ਪੁੱਜਾ ਭੜਭੂੰਜੇ ਦੇ ਦਰ ਉੱਤੇ, ਉਹਨੇ ਫੜੀ ਫਿਰ ਹੱਥ ਸਵਾਰ ਜੁੱਤੀ।
ਚੰਦੂ ਪਾਪੀ ਦਾ ਕਰਿਆ ਸੀ ਅੰਤ ਉਹਨੇ, ਪੱਬਾਂ ਭਾਰ ਹੋਕੇ ਮਾਰ-ਮਾਰ ਜੁੱਤੀ।
ਸਹਿਬਜ਼ਾਦਿਆਂ ਬੁਲਾਈ ਸੀ ਫ਼ਹਿਤੇ ਜਾਕੇ, ਸੂਬੇਦਾਰ ਵੱਲ ਕੀਤੀ ਤੀਲੇਦਾਰ ਜੁੱਤੀ।
ਸਤੀ ਕੱਪੜੀ ਵਜ਼ੀਦੇ ਨੂੰ ਅੱਗ ਲੱਗੀ, ਹੋਇਆ ਵੇਖਕੇ ਬੜਾ ਸ਼ਰਮਸਾਰ ਜੁੱਤੀ।
ਪੇਹਵੇ ਵਿਚ ਜੋੜਾ ਸਾਹਿਵ ਗੁਰੂ ਦਾ, ਪੈਰੋਂ ਲਾਈ ਸੀ ਉੱਬੇ ਕਲ਼ਗੀਧਾਰ ਜੁੱਤੀ।
ਰੋਜ਼ ਸੰਗਤਾਂ ਦਰਸ਼ਨ ਕਰਨ ਜਾਂਦੀਆ ਨੇ, ਮੱਥਾ ਟੇਕਦੀਆਂ ਨੇ ਸਰਧਾਸਾਰ ਜੁੱਤੀ।
ਤਾਰੂ ਸਿੰਘ ਦੀ ਖੋਪਰੀ ਜਦੋਂ ਲਾਈ, ਉਹਨੇ ਰੱਖੀ ਸੀ ਲਾਗੇ ਉਤਾਰ ਜੁੱਤੀ।
ਖਾਨ ਜ਼ਕਰੀਏ ਨੂੰ ਪਿਸ਼ਾਬ ਦਾ ਬੰਨ ਪੈ ਗਿਆ, ਉਹਨੇ ਮੰਗਵਾਈ ਸੀ ਵਿਚ ਦਰਬਾਰ ਜੁੱਤੀ
ਜੁੱਤੀ ਲਪੇਟਕੇ ਰੇਸ਼ਮੀ ਦੁਸ਼ਾਲਿਆਂ ਦੇ, ਲੈ ਕੇ ਆਏ ਸੀ ਨਾਲ ਸਤਿਕਾਰ ਜੁੱਤੀ
ਸਿਦਕੀ ਸਿੱਖ ਦੀ ਜੁੱਤੀ ਸੂਬੇ ਸਿਰ ਵੱਜੀ, ਤੁਬਕਾ ਤੁਬਕਾ ਦਿੱਤਾ ਉਤਾਰ ਜੁੱਤੀ

ਪੈਣ ਜੁੱਤੀਆਂ ਤੇ ਉਹਨੂੰ ਅਰਾਮ ਆਵੇ, ਆਪੇ ਆਖੇ ਹੋਰ ਜ਼ੋਰ ਨਾਲ ਮਾਰ ਜੁੱਤੀ
ਵੱਜ ਕੇ ਜੁੱਤੀਆਂ ਤੇ ਪਾਪੀ ਦਾ ਅੰਤ ਹੋਇਆ, ਸਾਰਾ ਮੋੜਿਆ ਆਪਣਾ ਉਧਾਰ ਜੁੱਤੀ
ਉਦੋਂ ਜੁੱਤੀ ਦੀ ਭਾਸ਼ਾ ਕੁਛ ਹੋਰ ਹੁੰਦੀ, ਜਦੋਂ ਮੰਚ ਤੇ ਡਿੱਗੇ ਉਲਾਰ ਜੁੱਤੀ।
ਢੀਠ ਕੁਰਸੀ ਤੋਂ ਫਿਰ ਵੀ ਲੱਥਦੇ ਨਾ, ਹੱਥ ਜੋੜਕੇ ਕਹਿਣ ਨਮਸਕਾਰ ਜੁੱਤੀ।
ਕਹਿੰਦੀ ਵਜ-ਵਜ ਕੇ ਮੇਰੇ ਲੰਗਾਰ ਗਏ, ਉੱਚੀ-ਉੱਚੀ ਰੋਵੇ ਭੁੰਬਾਂ ਮਾਰ ਜੁੱਤੀ।
ਕਿਤੇ ਮੈਨੂੰ ਵੀ ਸੁੱਖ ਦਾ ਸਾਹ ਮਿਲ ਜੇ, ਥੱਕ ਟੱਟ ਕੇ ਤਾਂ ਗਈ ਹਾਰ ਜੁੱਤੀ।
ਤੇਲ ਲਾਕੇ ਧੁੱਪੇ ਤੈਨੂੰ ਦਿਆਂ ਸੇਕਾ, ਵੱਜਣ ਲਈ ਫਿਰ ਹੋ ਜਾ ਤਿਆਰ ਜੁੱਤੀ।
ਜ਼ਿਮੇਵਾਰੀਆਂ ਤੇਰੇ ਸਿਰ ਭਾਰੀਆਂ ਨੇ, ਅਜੇ ਹੁਣੇ ਨਾ ਹੋਸਲਾ ਹਾਰ ਜੁੱਤੀ।
ਵਾਰੀ ਆਉਣੀ ਅਜੇ ਲਚਰ ਸ਼ਿੰਗਰਾਂ ਦੀ, ਮੀਂਹ ਵਾਂਗਰ ਵਰੂ ਮੋਹਲੇਧਾਰ ਜੁੱਤੀ।
ਬਹਾ ਕੇ ਖੋਤੇ ਤੇ ਕਰਨਾ ਹੈ ਮੂੰਹ ਕਾਲਾ, ਨਾਲ ਪਾਣਾ ਗਲ ਛਿੱਤਰਾਂ ਦਾ ਹਾਰ ਜੁੱਤੀ
ਰੱਖ ਕੇ ਜੁੱਤੀ ਨੂੰ ਉਚੇ ਥਾਂ ਕਹਾਂ ਲੋਕੋ, ਐਵੇ ਭੰਡੀ ਨਾ ਜਾਵੋ ਦਰਕਾਰ ਜੁੱਤੀ।
ਭੁਲੇ ਭਟਕਿਆਂ ਨੂੰ ਰਾਹੇ ਪਾਉਣ ਲਈ, ਪੂਰਾ ਦੇਵੋ ਜੀ ਮਾਣ ਸਤਿਕਾਰ ਜੁੱਤੀ।
ਜ਼ਿੰਦਗੀ ਵਿਚ ਨਾ ਖਾਂਦਾ ਹੈ ਕਦੇ ਧੋਖਾ, ਜਿਹਨੇ ਖਾਦੀ ਉਸਤਾਦਾਂ ਦੀ ਮਾਰ ਜੁੱਤੀ।
ਨਲਾਇਕ 'ਮੋਹਣ' ਸੀ ਕਿਥੇ ਕੁਝ ਲਿਖਣ ਜੋਗਾ, ਖਾ ਕੇ ਵੱਡਿਆਂ ਦੀ ਹੋਇਆ ਹੁਸ਼ਿਆਰ ਜੁੱਤੀ।

ਕੱਦੂ ਅਤੇ ਮਿਸਤਰੀ

ਚਾਰ ਕਿਲੇ ਸੀ ਲਾਏ ਕੱਦੂਆਂ ਦੇ ਜੱਟ ਨੇ, ਹੱਥ ਨੋਟਾਂ ਨਾਲ ਰੰਗੇ ਸਜ਼ੀਨ ਲੱਗਿਆ ਏ।
ਤੀਵੀਂ ਆਪਣੀ ਨਾਲ ਸਲਾਹ ਕੀਤੀ, ਕੋਠਾ ਪੱਕਾ ਪਾਉਣ ਲਈ ਮਿਸਤਰੀ ਸੱਦਿਆ ਏ।
ਇਟਾਂ, ਬਜ਼ਰੀ, ਸੀਮੇਂਟ ਤੇ ਨਾਲ ਸਰੀਆ, ਟਰਾਲੀ ਰੇਤੇ ਦੀ ਭਰਕੇ ਸੁਟਾਈ ਉਨਹਾਂ।
ਪੱਕੀਆਂ ਇੱਟਾਂ ਦੇ ਦੋ-ਤਿੰਨ ਟਰੱਕ ਆ ਗਏ, ਛੱਤ ਵਾਸਤੇ ਟਾਇਲ ਮੰਗਵਾਈ ਉਹਨਾਂ।
ਸਦਕੇ ਬਾਬੇ ਤੋਂ ਨੀਹਾਂ ਦਾ ਟੱਕ ਲਵਾਇਆ, ਕੜਾਹ ਪ੍ਰਸ਼ਾਦ ਦੀ ਦੇਗ਼ ਵਰਤਾਂਵਦੇ ਨੇ।
ਬੜੇ ਸ਼ੌਕ ਨਾਲ ਮਿਸਤਰੀ ਘਰੇ ਲਾਇਆ, ਲੰਗਰ ਵਿਚ ਸਬਜ਼ੀ ਕੱਦੂ ਖਵਾਂਵਦੇ ਨੇ।
ਕੱਦੂ ਵਿਹੜੇ ਵਿਚ ਸੁਕਣੇ ਪਾਏ ਹੋਏ ਨੇ, ਪੱਕੇ ਬਿਆੜ ਕੋਠੇ ਤੇ ਚੜਾਈ ਜਾਂਦੇ।
ਜਿਹੜੇ ਸੁੱਕ ਜਾਣ ਉਹਨਾਂ ਦਾ ਬਣੇ ਬਾਲਣ, ਲੰਗਰ ਪਕਾਉਣ ਲਈ ਚੁੱਲ੍ਹੇ ਵਿਚ ਡਾਈ ਜਾਂਦੇ।
ਸੁਬ੍ਹਾ ਸਵੇਰ, ਦੁਪਿਹਰ, ਸ਼ਾਮੀ ਕੱਦੂ ਖਾ ਖਾ ਕੇ, ਮਿਸਤਰੀ ਕੱਦੂਆਂ ਵੱਲੋਂ ਮੂੰਹ ਮੋੜਦਾ ਏ।
ਵਾਸਤਾ ਰੱਬ ਦਾ ਕਦੇ ਕੁਝ ਹੋਰ ਧਰ ਲੋ, ਮਿਸਤਰੀ ਬੀਬੀ ਅੱਗੇ ਹੱਥ ਜੋੜਦਾ ਏ।
ਕਹਿੰਦੀ ਅਸੀਂ ਵੀ ਨਾਲ ਤੇਰੇ ਖਾਂਵਦੇ ਹਾਂ, ਤੈਨੂੰ ਇਕੱਲੇ ਨੂੰ ਨਹੀਂ ਖਵਾਈ ਜਾਂਦੇ।
ਹੱਥ ਜੋੜਨ ਦਾ ਭੋਰਾ ਨਾ ਅਸਰ ਹੋਇਆ, ਡਕਾਰ ਕੁੱਦਆਂ ਦੇ ਮਿਸਤਰੀ ਨੂੰ ਆਈ ਜਾਂਦੇ।
ਸੋਚੇ ਕਿਧਰ ਕੱਦੂਆਂ ਵਿਚ ਮੈਂ ਆਣ ਫੱਸਿਆ, ਮਿਸਤਰੀ ਹੱਥ ਮੱਥੇ ਉੱਤੇ ਮਾਰਦਾ ਏ।
ਕੱਦੂਆਂ ਨਾਲ ਕਾਲਜਾ ਉਹਦਾ ਡਿਕ ਰਹਿੰਦਾ, ਸਾਰਾ ਦਿਨ ਕੱਦੂਆਂ ਦੇ ਪੱਦ ਮਾਰਦਾ ਏ।
ਆਖ਼ਰ ਅੱਕ ਕੇ ਮਿਸਤਰੀ ਨੇ ਕੱਦੂਆਂ ਤੋਂ, ਕੰਮ ਲੰਮਾਂ ਸੀ ਪਰ ਛੇਤੀ ਮੁਕਾ ਦਿੱਤਾ।
ਕੰਧਾਂ ਕੀਤੀਆਂ ਬਾਲੇ ਟਾਇਲਾਂ ਬੀੜੀ ਨੇ, ਪੰਜ ਸੱਤ ਦਿਨ ਲਾਕੇ ਫਸਕਾ ਪਾ ਦਿੱਤਾ।
ਹੱਥ ਜੋੜ ਉਸ ਰੱਬ ਦਾ ਸ਼ੁਕਰ ਕੀਤਾ, ਉਹ ਕੱਦੂਆਂ ਤੋਂ ਖਹਿੜਾ ਛੁਡਾਂਵਦਾ ਏ।
ਕਰਕੇ ਹਿਸਾਬ ਉਸ ਦਿਹਾੜੀਆਂ ਦੇ ਲਏ ਪੈਸੇ, ਨਵੇਂ ਥਾਂ ਦਿਹਾੜੀ ਜਾ ਲਾਂਵਦਾ ਏ।
ਤੀਜੇ ਚੌਥੇ ਦਿਨ ਮੀਂਹ ਮੋਹਲੇਧਾਰ ਵਰਿਆ, ਨਵੇਂ ਕੋਠੇ ਦੀ ਛੱਤ ਸਾਰੀ ਚੋਵਦੀ ਏ।
ਤਿਪ-ਤਿਪ ਕਰਕੇ ਕੋਠਾ ਚੋਈ ਜਾਂਦਾ, ਬੀਬੀ ਮਿਸਤਰੀ ਦੀ ਜਾਨ ਨੂੰ ਰੋਵਦੀ ਏ।
ਬੀਬੀ ਹਾਰ ਕੇ ਮਿਸਤਰੀ ਨੂੰ ਫੋਨ ਲਾਇਆ, ਢਾਲ ਛੱਤ ਦੀ ਕਿਧਰ ਬਣਾ ਗਿਆ ਏ।
ਸਾਰੀ ਰਾਤ ਦਾ ਕੋਠਾ ਸਾਡਾ ਚੋਈ ਜਾਂਦਾ, ਜਾਪੇ ਪਰਨਾਲ ਤੂੰ ਪੁੱਠੇ ਪਾਸੇ ਲਾ ਗਿਆ ਏ।
ਮੋੜ ਮਿਸਤਰੀ ਅੱਗੋਂ ਜੁਵਾਬ ਦਿੱਤਾ, ਅੱਧੀ ਰਾਤ ਮੈਨੂੰ ਫੋਨ ਕਾਹਤੋਂ ਲਾਈ ਜਾਂਦੇ।
ਵਿਚ ਪਰਨਾਲੇ ਦੇ ਕੱਦੂ ਫਸਿਆ ਹੋਵਣਾ ਏ, ਐਵੇ 'ਮੋਹਣ ਨੂੰ ਕਾਹਤੋਂ ਸਤਾਈ ਜਾਂਦੇ।

ਮਰਾਸੀ ਸ਼ੇਰੇ ਪੰਜਾਬ ਰਣਜੀਤ ਸਿੰਘ ਦੇ ਦਰਬਾਰ ਵਿਚ

ਸ਼ੇਰੇ ਪੰਜਾਬ ਦੇ ਭਰੇ ਦਰਬਾਰ ਅੰਦਰ, ਪੰਡਤ, ਗਿਆਨੀ, ਮਰਾਸੀ, ਕਵੀ ਆਂਵਦੇ ਨੇ।
ਕਈ ਗਲ੍ਹਾਂ ਤੇ ਵਾਦ ਵਿਵਾਦ ਚੱਲਦਾ, ਆਪੋ ਆਪਣੀ ਅਕਲ ਦੁੜਾਂਵਦੇ ਨੇ।
ਇਕ ਦਿਨ ਮੰਤਰੀ ਬੈਠਾ ਬੈਠਾ ਸੋਚਦਾ ਏ, ਮਰਾਸੀ ਮੁਫ਼ਤ ਦੀ ਤਨਖ਼ਾਹ ਬਣਾਈ ਜਾਂਦਾ।
ਕਿਸੇ ਬਹਾਨੇ ਇਹਨੂੰ ਚਲਦਾ ਕਰ ਦਈਏ, ਆਪਣੇ ਮਨ ਵਿਚ ਸੋਚ ਦੋੜਾਈ ਜਾਂਦਾ।
ਸਦ ਕੇ ਕੋਲ ਮਰਾਸੀ ਨੂੰ ਕਹਿਣ ਲੱਗਾ, ਤੁਸੀ ਗੱਲ੍ਹਾਂ ਦਾ ਖੱਟਿਆ ਖਾਂਵਦੇ ਹੋ।
ਤੁਹਾਡੀ ਅਕਲ ਨੂੰ ਮੈਂ ਸਲਾਮ ਕਰਦਾ, ਤੁਰੇ ਜਾਂਦੇ ਤੁਸੀਂ ਗੱਲ ਬਣਾਂਵਦੇ ਹੋ।
ਮੂੰਹ ਤੇ ਸ਼ੇਰੇ ਪੰਜਾਬ ਦੇ ਕਹੋ ਕਾਣਾ, ਮੋਹਰ ਸੋਨੇ ਦੀ ਇਨਾਮ ਚ੍ਹ ਦਿਆਂਗਾ ਮੈਂ।
ਮਰਾਸੀ ਮੋੜ ਕੇ ਅੱਗੋਂ ਜੁਵਾਬ ਦਿੱਤਾ, ਇਕ ਛੱਡ ਕਈ ਵਾਰ ਕਹਾਂਗਾ ਮੈਂ।
ਜਿੰਨੀ ਵਾਰ ਆਖੇ ਉਹਨੀਆਂ ਦਿਉਂ ਮੂਹਰਾਂ, ਸ਼ਰਤ ਪੱਕੀ ਮਰਾਸੀ ਨਾਲ ਲਾ ਲਈ ਏ।
ਅੱਗੋਂ ਮਰਾਸੀ ਵੀ ਸੋਚਾਂ ਵਿਚ ਡੁੱਬਾ, ਬੈਠੇ ਬੈਠੇ ਨੇ ਬਣਤ ਬਣਾ ਲਈ ਏ।
ਕਈ ਦਿਨ ਪੁੱਜਿਆ ਨਾ ਮੀਰ ਦਰਬਾਰ ਅੰਦਰ, ਸਤਵੇਂ ਦਿਨ ਆ ਉਸ ਸਲਾਮ ਕੀਤੀ।
ਰਾਜਾ ਪੁੱਛੇ ਮਰਾਸੀ ਹਫ਼ਤਾ ਰਿਹਾ ਕਿੱਥੇ, ਹੱਥ ਜੋੜ ਉਸ ਵਾਰਤਾ ਬਿਆਨ ਕੀਤੀ।
ਆਇਅ ਮਿਲ ਕੇ ਸੋਹਰੇ ਪਰਿਵਾਰ ਨੂੰ ਮੈਂ, ਨਾਲੇ ਮੰਤਰੀ ਵੱਲ ਵਿੰਗਾ ਜਿਹਾ ਝਾਕਦਾ ਏ।
ਰਾਜਾ ਜੀ ਤੁਹਾਡੇ ਵੀ ਸੋਹਰੀ ਗੇੜਾ ਲਾ ਆਇਆ, ਮੀਰਜਾਦਾ ਹੱਥ ਜੋੜ ਕੇ ਆਖਦਾ ਏ।
ਮੇਰੇ ਸੋਹਰਿਆ ਦੀ ਗੱਲ ਸੁਣਾ ਮੈਨੂੰ, ਸੁਣ ਕੇ ਮਰਾਸੀ ਨੂੰ ਹਾਸੀ ਬੜੀ ਆਂਵਦੀ ਏ।
ਮੂੰਹ ਛੋਟਾ ਗੱਲ ਹੈ ਬਹੁਤ ਵੱਡੀ, ਸੱਚੀ ਪੁਛੋਂ ਤੇ ਦੱਸੀ ਨਾ ਜਾਂਵਦੀ ਏ।
ਐਵੇ ਬੁਝਰਾਤਾਂ ਕਾਹਤੋਂ ਪਾਈ ਜਾਨਾ, ਖੁੱਲ੍ਹ ਕੇ ਦੱਸ ਗੱਲ ਜਿਹੜੀ ਦੱਸਣੀ ਏ।
ਮੀਰ ਆਖਿਆ ਤੁਹਾਡੀ ਸਾਲੀ ਜੋ ਆਖਿਆ ਏ, ਸੁਣ ਕੇ ਗੱਲ ਸਾਰੀ ਮਹਿਫ਼ਲ ਹੱਸਣੀ ਏ।
ਉਏ ਜੀਜੇ ਸਾਲੀ ਦਾ ਰਿਸ਼ਤਾ ਅਜ਼ੀਬ ਹੁੰਦਾ, ਐਵੇ ਬੁਰਾ ਨਾ ਕੋਈ ਮਨਾਈ ਦਾ ਏ।
ਕਹਿਣੀ ਹੈ ਜਿਹੜੀ ਗੱਲ ਨਿਰਸੰਗ ਕਹਿ ਦੇ, ਮਹਿਫ਼ਲ ਸਾਰੀ ਨੂੰ ਹੱਸਣਾ ਚਾਹੀਦਾ ਏ।
ਮੀਰ ਆਖਦਾ ਹੈ ਧਿਆਨ ਨਾਲ ਸੁਣ ਰਾਜਾ, ਤੁਹਾਡੀ ਸਾਲੀ ਛੋਟੀ ਕਮਲੀ ਮੈਨੂੰ ਜਾਪਦੀ ਏ।
ਮੈਨੂੰ ਪੁੱਛੇ ਕਾਣੇ ਜੀਜੇ ਦਾ ਹਾਲ ਕਿਦਾਂ, ਗਲ ਗਲ ਨਾਲ ਕਾਣਾ ਕਾਣਾ ਆਖਦੀ ਏ।

ਮੈਂ ਅਖਿਆ ਕਾਣਾ ਜਿਸਨੂੰ ਆਖਦੀ ਏ, ਉਹ ਤਾਂ ਕੰਮਲੀਏ ਰਾਜਾ ਸਾਰੇ ਜੱਗ ਦਾ ਏ।
ਕਹਿੰਦੀ ਕਾਣਾ-ਕਾਣਾ ਆਖੂ ਮੈਂ ਵੀਹ ਵਾਰੀ, ਮੈਂ ਸਾਲੀ ਜੀਜਾ ਉਹ ਮੇਰਾ ਲਗਦਾ ਏ।
ਰਾਜਾ ਤਾੜੀਆਂ ਮਾਰ ਕੇ ਜਾਵੇ ਹੱਸੀ, ਮਰਾਸੀ ਮੂੰਹ ਤੋਂ ਕਾਣਾ-ਕਾਣਾ ਕਈ ਜਾਵੇ।
ਮੰਤਰੀ ਬੋਝੇ ਦੇ ਵਿਚ ਮੋਹਰਾਂ ਗਿਣੀ ਜਾਵੇ, ਗਿਣ ਕੇ ਮੰਤਰੀ ਨੂੰ ਗਸ਼ੀ ਜਿਹੀ ਪਈ ਜਾਵੇ।
ਉਹ ਤੂੰ ਰਾਜੇ ਦੇ ਮੂੰਹ ਤੇ ਕਾਣਾ ਕਈ ਜਾਨਾ, ਮੰਤਰੀ ਮਰਾਸੀ ਦੇ ਮੂੰਹ ਤੇ ਹੱਥ ਰੱਖਦਾ ਏ।
ਰਾਜਾ ਆਖੇ ਕਹਿ ਲੈਣ ਦੇ ਜੋ ਕਹਿੰਦਾ, ਵਿਚਾਰਾ ਸਾਲੀ ਦੀਆਂ ਗੱਲਾਂ ਮੈਨੂੰ ਦੱਸਦਾ ਏ।
ਕਈ ਵਾਰੀ ਕਾਣਾ ਰਾਜੇ ਨੂੰ ਆਖ ਦਿੱਤਾ, ਰਾਜਾ ਗੁੱਸਾ ਨਾ ਅੱਗੋਂ ਮਨਾਂਵਦਾ ਏ।
ਪਿਛੇ ਹੱਥ ਤੇ ਮੋਹਰ ਰਖਾਈ ਜਾਵੇ, ਬੜੇ ਢੰਗ ਨਾਲ ਮੋਹਰਾਂ ਕਢਾਂਵਦਾ ਏ।
ਮੰਤਰੀ ਮੋਹਰਾਂ ਵੀ ਜਿੰਨੀਆਂ ਮੁਕਾ ਬੈਠਾ, ਅੰਤ ਮਰਾਸੀ ਨੂੰ ਬੁਹੇ ਵੱਲੇ ਮੋੜਦਾ ਏ।
'ਮੋਹਣ' ਆਖੇ ਖਾਹਮਖਾਹ ਕਿਉਂ ਛੇੜ ਬੈਠਾ, ਮੰਤਰੀ ਮਰਾਸੀ ਅੱਗੇ ਹੱਥ ਜੋੜਦਾ ਏ।

ਨਿਹੰਗ ਸਿੰਘ ਅਤੇ ਭਈਏ

ਰੋਡਵੇਜ਼ ਦੀ ਬੱਸ ਪੰਜਾਬ ਦੀ ਜੋ, ਜ਼ਿਲ੍ਹਾ ਪਟਿਆਲਾ ਤੋਂ ਆਨੰਦਪੁਰ ਚੱਲੀ ਏ ਜੀ।
ਪਹਿਲੀ ਸੀਟ ਉਤੇ ਨਿਹੰਗ ਸਿੰਘ ਬੈਠਾ, ਸੀਟ ਤਿੰਨਾਂ ਵਾਲੀ ਭਈਆਂ ਮੱਲੀ ਏ ਜੀ।
ਅੱਖਾਂ ਤਾੜ ਕੇ ਸਿੰਘ ਉਹਨਾਂ ਵੱਲ ਤੱਕੇ, ਡਰਦੇ ਜ਼ਰਦਾ ਵੀ ਮੂੰਹ ਨਾ ਪਾਂਵਦੇ ਨੇ।
ਜਾਨ ਉਹਨਾਂ ਦੀ ਮੁੱਠੀ ਵਿਚ ਆਈ ਹੋਈ ਏ, ਤਿੰਨੇ ਬੀੜੀ ਦਾ ਸੁੱਟਾ ਨਾ ਲਾਂਵਦੇ ਨੇ।
ਟਿਕਟਾਂ ਕਟਦਾ ਕੰਡਕਟਰ ਉਹਨਾਂ ਕੋਲ ਆਇਆ, ਭਈਆ ਖੁਲ੍ਹੇ ਪੈਸੇ ਜ਼ਰਾ ਪਕੜਾਉ ਹਮਕੋ।
ਚੜੇ ਕਹਾਂ ਸੇ, ਕਹਾਂ ਕਾ ਟਿਕਟ ਲਓਗੇ, ਕਹਾਂ ਜਾਣਾ ਹੈ ਤੁਮਕੋ ਬਤਲਾਓ ਹਮਕੋ,
ਇਕ ਕਹਿੰਦਾ ਆਨੰਦਪੁਰ ਦੀ ਟਿਕਟ ਦੇ ਦੋ, ਖੁਲ੍ਹੇ ਪੈਸੇ ਕੱਢਕੇ ਉਹਨੂੰ ਫੜਾਂਵਦਾ ਏ।
ਨਿਹੰਗ ਸਿੰਘ ਆਪਣੀ ਸੀਟ ਤੋਂ ਉਠ ਖੜਿਆ, ਥੱਪੜ ਭਈਏ ਦੇ ਮੂੰਹ ਤੇ ਲਗਾਂਵਦਾ ਏ।
ਭੂਖੇ ਮਰਤੇ ਤੇ ਵਹਾਂ ਪੰਜਾਬ ਆ ਗਏ, ਤੁਮਕੋ ਬੋਲਣੇ ਕਾ ਨਹੀਂ ਹਿਸਾਬ ਹੈਗਾ।
ਤੁਮ ਜਾਨਤੇ ਗੁਰੁ ਕੀ ਨਗਰੀ ਹੈ, ਯੇ ਇਕੱਲਾ 'ਆਨੰਦਰਪੁਰ' ਨਹੀਂ ਆਨੰਦਪੁਰ ਸਾਹਿਬ ਹੈਗਾ।
ਹੱਥ ਜੋੜ ਕੇ ਭਈਆ ਅੱਗੋਂ ਕਹਿਣ ਲੱਗਾ, ਥੱਪੜ ਖਾਕੇ ਸਮਝ ਹਮਕੋ ਆ ਗਈ ਏ।
ਹਮ ਤੋ ਆਪਣਾ ਬਿਹਾਰ ਹੀ ਸਮਝ ਬੈਠੇ, ਹਮਾਰੀ ਅਕਲ ਥੋੜਾ ਚੱਕਰ ਖਾ ਗਈ ਏ।
ਦੂਜਾ ਸੋਚਦਾ ਰੋਪੜ ਦਾ ਮੈਂ ਟਿਕਟ ਲੈਣਾ, ਉਹਦੇ ਨਾਲ ਵੀ ਸਾਹਿਬ ਲਗਾਉਂਦਾ ਮੈਂ।
ਥੱਪੜ ਖਾ ਕੇ ਗਲਤੀ ਸੁਧਾਰ ਲਈ ਏ, ਖਾਮ ਖਾਹ ਐਵੇਂ ਥੱਪੜ ਨਾ ਖਾਊਂਗਾ ਮੈਂ
ਭਈਏ ਆਖਿਆ +ਰੋਪੜ+ ਸਾਹਿਬ ਦਾ ਟਿਕਟ ਦੇਦੇ,
ਨਿਹੰਗ ਸਿੰਘ ਉਹਦੇ ਮੂੰਹ ਤੇ ਥੱਪੜ ਛੱਡਿਆ ਏ।
ਰੋਪੜ ਨਾਲ ਸਾਹਿਬ ਤੇਰੇ ਕਿਵੇਂ ਲਗੂ, ਕੀ ਤੇਰੇ ਪਿਉ ਨੇ ਉਥੇ ਝੰਡਾ ਗੱਡਿਆ ਏ।
ਕਹਿੰਦਾ ਬਾਬਾ ਜੀ ਹਮੇ ਮਾਫ ਕਰ ਦੋ, ਗਲ੍ਹ ਮੱਲਦਾ ਮੱਲਦਾ ਨਿਹੰਗ ਨੂੰ ਕਹੀ ਜਾਂਦਾ।
ਤੀਜਾ ਸੋਚੇ ਸਾਹਿਬ ਲਾਵਾਂ ਕੇ ਨਾ ਲਾਵਾਂ, ਵਾਰੀ ਮੇਰੀ ਵੀ ਆ ਗਈ ਸੋਚੀਂ ਪਈ ਜਾਂਦਾ।
ਗੱਠੜੀ ਚੁੱਕ ਕੇ ਕੰਡਕਟਰ ਨੂੰ ਕਹਿਣ ਲਗਾ, ਬੇ ਕਸੂਰ ਐਵੇ ਨਾ ਥੱਪੜ ਖਾਊਂਗਾ ਮੈਂ।
ਬਿਸਲ ਮਾਰ ਕੇ 'ਮੋਹਣ' ਜ਼ਰਾ ਬੱਸ ਰੋਕ, ਤੁਰਕੇ ਪੈਦਲ ਹੀ ਚਲਾ ਜਾਊਂਗਾ ਮੈਂ।

ਅੱਖਾਂ

ਕਈ ਪਲਕਾਂ ਉੱਤੇ ਬਿਠਾਉਣ ਅੱਖਾਂ, ਕਈ ਪੈਰਾਂ ਦੇ ਥੱਲੇ ਵਿਛਾਉਣ ਅੱਖਾਂ।
ਕਈ ਅੱਖੀਆਂ ਤੋਂ ਅੱਖੀਆਂ ਚਰਾਉਣ ਅੱਖਾਂ, ਕਈ ਤਿਰਲੋਕੀ ਦਾ ਚਾਨਣਾ ਦਿਖਾਉਣ ਅੱਖਾਂ
ਧੰਨ-ਧੰਨ ਜੋ ਦਰਸ਼ਨਾਂ ਨੂੰ ਜਾਂਦੀਆਂ ਨੇ, ਧੰਨ-ਧੰਨ ਨੇ ਉਹ ਬਲਹਾਰ ਅੱਖਾਂ।
ਮੱਥਾ ਟੇਕ ਅੱਖਾਂ ਤੇ ਚਰਨਾ ਦੀ ਧੂੜ ਲਾਈਏ, ਲੈ ਲੈਂਦੀਆਂ ਗੁਰੂ ਦਾ ਪਿਆਰ ਅੱਖਾਂ।
ਖ਼ੁਸ਼ੀ ਵਿਚ ਅੱਖਾਂ ਦਾ ਰੰਗ ਵੱਖਰਾ, ਰੋਵੇ ਅੱਖ ਤਾਂ ਅੱਖ ਹੰਝੂ ਕੇਰ ਜਾਂਦੀ।
ਪਿਆਰ ਵਫਾ ਮੋਹਬਤ ਦੀ ਆਸ ਕਿੱਥੇ, ਜਦੋਂ ਦੋਸਤੀ ਵੀ ਅੱਖਾਂ ਫੇਰ ਜਾਂਦੀ।
ਲਾਲ ਅੱਖਾਂ ਤੇ ਬਿੱਲੀਆਂ ਕਾਲੀਆਂ ਨੇ, ਕਈ ਸ਼ਰਾਰਤੀ ਤੇ ਕਈ ਮਕਾਰ ਅੱਖਾਂ।
ਉਦੋਂ ਜ਼ਿੰਦਗੀ ਨਵਾਂ ਇਕ ਮੋੜ ਲੈਂਦੀ, ਜਦੋਂ ਹੁੰਦੀਆਂ ਦੋ ਤੇ ਦੋ ਚਾਰ ਅੱਖਾਂ।
ਕਦੀ ਕਵੀ ਦੀ ਕਲਪਨਾ ਦੱਸਦੀ ਏ, ਕਦੀ ਸਾਗਰ ਤੇ ਕਦੀ ਨੇ ਝੀਲ ਅੱਖਾਂ।
ਜਦੋਂ ਅੱਖਾਂ ਨੂੰ ਅੱਖਾਂ ਦੀ ਮਾਰ ਵਗ ਜਾਏ, ਵਾਂਗ ਜੋਗੀਆਂ ਦੇ ਲੈਂਦੀਆਂ ਕੀਲ ਅੱਖਾਂ।
ਉਦੋਂ ਅੱਖਾਂ ਦੀ ਭਾਸ਼ਾ ਕੁਝ ਹੋਰ ਹੋ ਜਾਏ, ਜਦੋਂ ਪਾਉਂਦੀਆਂ ਕੱਜਲੇ ਦੀ ਧਾਰ ਅੱਖਾਂ।
ਅਗੋਂ ਪਾਰਖੂ ਵੀ ਰਮਜ਼ ਨੂੰ ਤਾੜ ਲੈਂਦੇ, ਬੁਝ ਲੈਂਦੀਆਂ ਅੱਗੋਂ ਸਮਝਦਾਰ ਅੱਖਾਂ।
ਜਦੋਂ ਅੱਖ ਨੂੰ ਦੁਨੀਆਂ ਦੀ ਸਮਝ ਪੈ ਜਾਏ, ਅੱਖ ਦੁਨੀਆਂ ਨੂੰ ਵੇਖਣਾ ਚਾਵਦੀ ਏ।
ਇਹਨਾਂ ਅੱਖਾਂ ਨੂੰ ਜਦੋਂ ਕੋਈ ਰੋਗ ਲੱਗ ਜਾਏ, ਹਰੇ ਰੰਗ ਦੀ ਪੱਟੀ ਬਨਾਂਵਦੀ ਏ।
ਨੂੰਹ, ਧੀ ਦੀ ਅੱਖਾਂ ਪਛਾਣ ਦੱਸਣ, ਜਦੋਂ ਹੁੰਦੀਆਂ ਸੀ ਘੁੰਡ ਵਿਚਕਾਰ ਅੱਖਾਂ।
ਸਦਾ ਵੱਡਿਆਂ ਦੀ ਅੱਖਾਂ ਨਾਲ ਕਦਰ ਹੁੰਦੀ, ਅਗੋਂ ਪਾਉਣ ਨੀਵੀਂ ਸ਼ਰਮਸਾਰ ਅੱਖਾਂ।
ਭਾਬੀ ਆਖਦੀ ਹੱਥ ਸਿਲਾਈ ਫੜਕੇ, ਮੇਰੇ ਵੱਲ ਨੂੰ ਦਿਉਰ ਸੰਵਾਰ ਅੱਖਾਂ।
ਮੂੰਹ ਮੰਗਿਆ ਲਾਗ ਮੈਂ ਨਗਦ ਲੈਣਾ, ਕਰਕੇ ਤੇਰੀਆਂ ਅੱਜ ਚਮਕਦਾਰ ਅੱਖਾਂ।
ਹੁੰਦੀ ਮਾਰ ਡਾਢੀ ਬੁਰੀ ਅੱਖੀਆਂ ਦੀ, ਵੱਡੇ-ਵੱਡੇ ਵੀ ਸੁੱਟ ਹਥਿਆਰ ਜਾਂਦੇ।
ਤਪੇ ਤਪੀਸਰ ਇੰਦਰ ਜਿਹੇ ਦੇਵਤੇ ਵੀ, ਇਹਨਾਂ ਅੱਖਾਂ ਅੱਗੇ ਸਿਦਕੋਂ ਹਾਰ ਹਾਂਦੇ।
ਕੋਈ ਬਚੇ ਨਾ ਇਹਨਾਂ ਦੀ ਮਾਰ ਕੋਲੋਂ, ਖੱਬੀ-ਖਾਨਾਂ ਨੂੰ ਆਪਣਾ ਦਾਸ ਕੀਤਾ।
ਇਹਨਾਂ ਅੱਖਾਂ ਨੇ ਅੱਖਾਂ ਦੀ ਮਾਰ ਬੋਲੀ, ਕੋਰਵ ਪਾਂਡਵਾਂ ਦਾ ਸਤਿਆਨਾਸ ਕੀਤਾ।
ਰਾਜੇ ਦਰਯੋਦਨ ਪੁੱਤਰ ਨੂੰ ਮਾਂ ਆਖੇ, ਅੱਜ ਖੋਲ੍ਹਣੀਆਂ ਮੈਂ ਪੱਟੀ ਉਤਾਰ ਅੱਖਾਂ।
ਤਕ ਕੇ ਤੇਰਾ ਸਰੀਰ ਮੈਂ ਵਜ਼ਰ ਕਰਨਾ, ਅੱਜ ਕਰਨਗੀਆਂ ਕੋਈ ਚਮਤਕਾਰ ਅੱਖਾਂ।
ਸ਼ਰਮ ਮਾਰ ਗਈ ਮਾਂ ਦੀਆਂ ਅੱਖੀਆਂ ਦੀਆਂ, ਝੱਲ ਸਕਿਆ ਨਾ ਤੇਜ਼ ਤਰਾਰ ਅੱਖਾਂ।
ਨਗਨ ਹੋ ਕੇ ਨਾ ਅੱਗੋਂ ਲੰਘ ਸਕਿਆ, ਉਹਦਾ ਕੁਝ ਵੀ ਨਾ ਸਕੀਆਂ ਸੰਵਾਰ ਅੱਖਾਂ।
ਨਾਨਕ ਪਾਤਸ਼ਾਹ ਦੀ ਹੱਥ ਵਿਚ ਨਬਜ਼ ਫੜਕੇ, ਵੈਦ ਅੱਖਾਂ ਵਿਚੋਂ ਰੋਗ ਲੱਭਦਾ ਏ।

ਗੁਰਾਂ ਆਖਿਆ ਵੈਦਾ ਤੂੰ ਕੀ ਰੋਗ ਜਾਣੇ, ਇਹਨਾਂ ਅੱਖਾਂ ਵਿਚ ਦੁੱਖ ਸਾਰੇ ਜੱਗਦਾ ਏ।
ਰਾਜੇ ਆਖਿਆ ਸਲਾਈਆਂ ਮਾਰ ਕੇ ਤੇ, ਦੇਵੀ ਚੰਦ ਦੀਆਂ ਕਰੋ ਬੇਕਾਰ ਅੱਖਾਂ।
ਬਾਜਾਂ ਵਾਲੇ ਦੇ ਚਰਨਾਂ ਦਾ ਧਿਆਨ ਧਰਿਆ, ਰਹਿ ਗਈਆਂ ਸਿੱਖ ਦੀਆਂ ਬਰਕਰਾਰ ਅੱਖਾਂ।
ਦੋ ਅੱਖਾਂ ਤੋਂ ਨਿਸ਼ਾਨਾਂ ਉਕ ਜਾਂਦਾ, ਸ਼ਿਸ਼ਤ ਲੈਣ ਲਈ ਇਕ ਅੱਖ ਬੰਦ ਹੁੰਦੀ।
ਇਕੋ ਅੱਖ ਸੀ ਰਾਜੇ ਰਣਜੀਤ ਦੀ, ਸਿੱਖ ਰਾਜ ਦਾ ਕਦੇ ਪ੍ਰਬੰਧ ਹੁੰਦੀ।
ਅੱਖਾਂ ਨਾਲ ਨੇ ਕੁਦਰਤ ਦੇ ਰੰਗ ਦਿੱਸਦੇ, ਦੁਨੀਆਂ ਵੇਂਹਦਿਆਂ ਜਨਮ ਬੀਤ ਜਾਂਦਾ।
ਇਹਨਾਂ ਅੱਖਾਂ ਲਈ ਉਦੋਂ ਹਨੇਰ ਪੈ ਜਾਏ, ਜਦੋਂ ਜੀਵ ਦੋਵੇਂ ਅੱਖ ਮੀਟ ਜਾਂਦਾ।
'ਮੋਹਣ' ਆਖਦਾ ਕਰਨ ਜੋ ਦਾਨ ਅੱਖਾਂ, ਹੱਥ ਜੋੜਕੇ ਕਹਾਂ ਧੰਨਵਾਦ ਅੱਖਾਂ।
ਉਹਨਾਂ ਅੱਖਾਂ ਨਾਲ ਅੰਨਿਆਂ ਨੂੰ ਦਿਸੇ ਦੁਨੀਆਂ, ਤੱਕਦੀਆਂ ਰਹਿਣ ਮੌਤ ਤੋਂ ਵੀ ਬਾਦ ਅੱਖਾਂ।

ਜਾਮਨੂਆ ਤੇ ਲੂਣ

ਪੱਕੇ ਰੰਗ ਦੀ ਸੱਬਬ ਨਾਲ ਨਾਰ ਮਿਲ ਗਈ, ਜਿਦਾਂ ਕਿਦਾਂ ਗੁਜ਼ਾਰਾ ਜਿਹਾ ਕਰੀ ਜਾਂਦਾ।
ਗ੍ਰਹਿਸਥ ਮੰਜ਼ਿਲ ਬੈਅ ਤਰਨੀ ਨਦੀ ਔਖੀ, ਗੋਤੇ ਆਉਣ ਪਰ ਫੇਰ ਵੀ ਤਰੀ ਜਾਂਦਾ।
ਸੋਮ, ਮੰਗਲ, ਬੁੱਧ ਤੇ ਵੀਰ, ਸ਼ੁਕਰ, ਸ਼ਨੀਵਾਰ ਨੂੰ ਵੀ ਦਫਤਰ ਬਤੀਤ ਹੁੰਦਾ।
ਐਤਵਾਰ ਨੂੰ ਘਰ ਵਿਚ ਘਟਾ ਕਾਲੀ, ਔਖਾ ਸਮਾਂ ਨਾ ਲੱਗੇ ਘਸੀਟ ਹੁੰਦਾ।
ਦਿਨ ਛੁੱਟੀ ਦੇ ਆਣ ਅਖ਼ਬਾਰ ਫੜ੍ਹ ਲਈ, ਭਾਗਵਾਨ ਮੂੰਹ ਤੇ ਪਾਉਡਰ ਲਾਈ ਜਾਂਦੀ।
ਸ਼ੀਸ਼ੇ ਮੂਹਰੇ ਸਾਂਵਲੀ ਜਿਹੀ ਵੇਖ ਬੂਥੀ, ਮਿੱਠ-ਮਿੱਠੇ ਜਿਹੇ ਗੀਤ ਗਾਈ ਜਾਂਦੀ।
ਥੋੜੇ ਚਿਰਾਂ ਤਾਂਈਂ ਮੇਕਅੱਪ ਜਿਹਾ ਕਰ ਪੂਰਾ, ਸਾਹਮਣੇ ਮੇਰੇ ਸੋਫੇ ਆਣ ਬੈਠੀ।
ਕਹਿੰਦੀ ਮੇਰੀਆਂ ਅੱਖਾਂ ਵਿਚ ਪਾਉ ਅੱਖਾਂ, ਬਾਹਵਾਂ ਆਪਣੀਆਂ ਮੇਰੇ ਤੇ ਤਾਣ ਬੈਠੀ।
ਕਹਿੰਦੀ ਸ਼ੀਸ਼ੇ ਵਿਚ ਮੂੰਹ ਮੈਂ ਤੱਕਿਆ ਏ, ਸੌਂ ਰੱਬ ਦੀ ਬੜੀ ਫੱਬਦੀ ਹਾਂ।
ਮੇਰੇ ਚਿਹਰੇ ਵੱਲ ਤੱਕ ਕੇ ਦੱਸਿਉ ਜੇ, ਸੱਚੀ ਦੱਸਣਾ ਮੈਂ ਕਿਹੋ ਜਹੀ ਲੱਗਦੀ ਹਾਂ।
ਉਹਦੀਆਂ ਅੱਖਾਂ ਵਿਚ ਅੱਖਾਂ ਪਾਉਣ ਦੇ ਲਈ, ਮੂੰਹ ਆਪਣਾ ਜ਼ਰਾ ਉੱਪਰ ਚੱਕਿਆ ਏ।
ਸੱਚ ਦੱਸਾਂ 'ਮੋਹਣ' ਨੂੰ ਤਾਂ ਇੰਝ ਜਾਪੇ, ਜਿਵੇਂ ਜਾਮਨੂੰਆਂ ਤੇ ਲੂਣ ਭੁਕਿਆ ਏ।

ਤੂੰ ਤੂੰ ਮੈਂ ਮੈਂ

ਕਹਿੰਦੀ ਨਾਲ ਸਯੋਗਾਂ ਦੇ ਮੇਲ ਹੁੰਦਾ, ਰੱਬ ਆਪ ਮਿਲਾਉਂਦਾ ਜੋੜੀਆਂ ਨੇ।
ਆਗਿਆ ਕਾਰ ਇਕ ਦੂਜੇ ਦੇ ਹੋਣ ਵਿਰਲੇ, ਰਲ਼ਕੇ ਬਹਿੰਦੀਆਂ ਵਿਰਲੀਆਂ ਤੇ ਥੋੜੀਆਂ ਨੇ।
ਇਕ ਬੰਦੇ ਨੂੰ ਲੜਾਕੀ ਜਿਹੀ ਨਾਰ ਮਿਲ ਗਈ, ਨਿੱਤ ਲਹੂ ਵਿਚਾਰੇ ਦਾ ਪੀਣ ਹੁੰਦਾ।
ਕਹਿੰਦਾ ਜਿਉਂਦਾ ਹੀ ਨਰਕ ਮੈਂ ਭੋਗਦਾ ਹਾਂ, ਐਸਾ ਜੀਣ ਦਾ ਵੀ ਕਾਹਦਾ ਜੀਣ ਹੁੰਦਾ।
ਤੂੰ ਤੂੰ ਮੈਂ ਮੈਂ ਸੁਬ੍ਹਾ ਤੇ ਸ਼ਾਮ ਹੁੰਦੀ ਏ, ਦਿਨ ਸ਼ਾਂਤੀ ਨਾਲ ਨਾ ਕੋਈ ਲੰਘਦਾ ਸੀ।
ਘਰ ਵਿਚ ਤੂੰ ਸਾਡੇ ਸ਼ਾਂਤੀ ਦੇ ਰੱਬਾ, ਹਰ ਵੇਲੇ ਉਹ ਮਾਲਕ ਤੋਂ ਮੰਗਦਾ ਸੀ।
ਖੱਪ-ਖਪਾ ਕੇ ਸ਼ਾਮਾਂ ਨੂੰ ਘਰੇ ਵੜਦਾ, ਘਰਵਾਲੀ ਪਿਟਾਰਾ ਜਿਹਾ ਖੋਲ੍ਹ ਬਹਿੰਦੀ।
ਹੋਜਾ ਵੱਖਰਾ ਮੇਰਾ ਨਾ ਝੱਟ ਲੰਘੇ, ਹੁਣ ਮੈਂ ਨਾ ਸ਼ਰੀਕਾਂ ਦੇ ਬੋਲ ਸਹਿੰਦੀ।
ਬੜਾ ਤਾੜਿਆ ਘੂਰੀਆਂ ਵੱਟੀਆਂ ਸੀ, ਗੱਲ ਵੱਡਿਆਂ ਦੀ ਨਾ ਦਿਲ ਤੇ ਲਾਈਦੀ ਏ।
ਦੋ ਕੰਨ ਦਿੱਤੇ ਜਿਹੜੇ ਰੱਬ ਤੈਨੂੰ, ਇਕ ਤੋਂ ਸੁਣਕੇ ਦੂਜਿਉਂ ਕਢਾਈ ਦੀ ਏ।
ਕਹਿੰਦੀ ਇਕ ਗੱਡੀ ਦੇ ਦੋ ਪਹੀਏ ਆਪਾਂ, ਸਾਥ ਤੇਰਾ ਮੇਰਾ ਦੁੱਖ ਸੁੱਖ ਫੋਲਣੇ ਨੂੰ।
ਸੁਣਾ ਕੰਨਾਂ ਤੋਂ ਨਾਲ ਦਿਮਾਗ਼ ਦਿੱਤਾ, ਦਿੱਤਾ ਮੂੰਹ ਹੈ ਰੱਬ ਬੋਲਣੇ ਨੂੰ।
ਸੋਚੋ ਐਸੇ ਜਿਉਣ ਨਾਲੋਂ ਮਰਨ ਚੰਗਾ, ਜਿਥੇ ਪਤੀ ਤੇ ਪਤਨੀ ਦਾ ਜੋੜ ਹੈ ਨਹੀਂ।
ਕਹਿਕਾਰ ਇਕ ਦੂਜੇ ਦੇ ਨਾ ਹੋਣ ਜਿਥੇ, ਉਥੇ ਹੋਰ ਕਿਸੇ ਨਰਕ ਦੀ ਲੋੜ ਨਹੀਂ।
ਤੰਗ ਆਕੇ ਇਕ ਦਿਨ ਜ਼ਿੰਦਗੀ ਤੋਂ, ਆਤਮ-ਹੱਤਿਆ ਦਾ ਮਨ ਬਣਾਉਣ ਲੱਗਾ।
ਚੜ੍ਹ ਸਟੂਲ ਤੇ ਪੱਖੇ ਨੂੰ ਪਾ ਰੱਸੀ, ਆਪਣੇ ਗਲੇ ਦੇ ਵਿਚ ਫਾਹੀ ਪਾਉਣ ਲੱਗਾ।
ਭਾਗਵਾਨ ਆਕੇ ਉਹਨੂੰ ਕਹਿਣ ਲੱਗੀ, ਕੀ ਕਰਦੇ ਹੋ ਸਟੂਲ ਮੈਨੂੰ ਚਾਹੀਦਾ ਏ।
ਮੈਂ ਆਖਿਆ ਚੈਨ ਨਾਲ ਮਰਨ ਤਾਂ ਦੇ, ਫੰਦਾ ਪਾਉਣਾ ਆਪਣੇ ਗਲੇ ਫਾਹੀ ਦਾ ਏ।
ਕਹਿੰਦੀ ਚਾਹ ਮੇਰੀ ਚੁੱਲ੍ਹੇ ਤੇ ਜਾਵੇ ਸੜਦੀ, ਡੱਬਾ ਖੰਡ ਦਾ ਸਲੈਬ ਤੋਂ ਲਾਵਣਾ ਏ।
ਨਾਲੇ ਸਕੂਲ ਦੇ ਜਵਾਕਾਂ ਦਾ ਟਾਇਮ ਹੋਇਆ, ਅਜੇ ਉਹਨਾਂ ਦਾ ਲੰਗਰ ਪਕਾਵਣਾਂ ਜੇ।
ਜਾਂ ਛੱਡੋ ਸਟੂਕ ਜਾਂ ਕਰੋ ਛੇਤੀ, ਖਾ-ਮਖਾਹ ਲੜਾਈ ਕਿਉਂ ਪਾਈ ਜਾਨਾ।
ਬਾਬਾ ਜੋ ਵੀ ਕਰਨਾ ਹੈ ਕਰ ਛੇਤੀ, ਕਾਹਲੀ ਮੈਨੂੰ ਵੀ ਦੇਰ ਕਿਉਂ ਲਾਈ ਜਾਨਾ।
ਚੁਕ ਸਟੂਲ ਤੇ ਮਗਰੋਂ ਲਹਿ ਮੇਰੇ, ਮੇਰਾ ਮਰਨ ਦਾ ਮੂਡ ਖ਼ਰਾਬ ਕੀਤਾ।
ਇਹਨਾਂ ਨਾਰਾਂ ਨੂੰ ਰੱਬਾ ਸਮਤ ਬਖਸ਼ੀ, ਜਿਹਨਾਂ ਮਰਦਾਂ ਦਾ ਜਿਉਣਾਂ ਬਰਬਾਦ ਕੀਤਾ।
ਕਹਿੰਦੇ ਬੱਸ ਵਿਚ ਨਾ ਮਿਲੇ ਨਾ ਸੀਟ ਜੇਕਰ, ਫਸਕੇ ਬਹਿਣ ਨਾਲੋਂ ਤਾਂ ਬੰਦਾ ਖੜ੍ਹਾ ਚੰਗਾ।
ਘਰ ਵਿਚ ਕਪਤੀ ਨਾਰ ਨਾਲੋਂ, 'ਮੋਹਣ' ਆਖਦਾ ਵਿਆਹੇ ਨਾਲੋਂ ਛੜਾ ਚੰਗਾ।

ਰੋਡਵੇਜ਼ ਦਾ ਸ਼ਰਾਬੀ ਡਰਾਈਵਰ

ਰੋਡਵੇਜ਼ ਦੀ ਬਸ ਚਲਾਉਣ ਵਾਲਾ, ਮਰਨ ਪਿਛੋਂ ਪ੍ਰਲੋਕ ਸੁਧਾਰਦਾ ਹੈ।
ਦੂਜੇ ਪਾਸੇ ਦੱਸਾਂ ਨੋਂਹਾਂ ਦੀ ਕਿਰਤ ਵਾਲਾ, ਜਿਹੜਾ ਕਈਆਂ ਦੇ ਕਾਰਜ ਸਵਾਰਦਾ ਏ।
ਕੋਈ ਰਾਗੀ, ਢਾਡੀ, ਕਥਾ ਕਰਨ ਵਾਲਾ, ਜਿਹੜਾ ਕਈਆਂ ਨੂੰ ਨਾਮ ਜਪਾਈ ਜਾਂਦਾ ਏ।
ਕੋਈ ਪੰਡਤ, ਜੋਗੀ, ਤੇ ਸਿੱਧ ਤਪੀਆ, ਮਾਲਾ ਫੇਰ ਕੇ ਨਾਮ ਧਿਆਈ ਜਾਂਦਾ ਏ।
ਧਰਮਰਾਜ ਦਰਬਾਰ ਵਿਚ ਹੋਏ ਇਕੱਠੇ, ਧਰਮਰਾਜ ਜੀ ਮੁਖੋਂ ਫਰਮਾਂਵਦਾ ਏ।
ਪੁੰਨ, ਪਾਪ ਗੁਨਾਹਾਂ ਦੀ ਕਰੋ ਗਿਣਤੀ, ਬਹਿਕੇ ਸਭਨਾਂ ਦਾ ਲੇਖਾ ਮਗਾਵਾਂਦਾ ਏ।
ਚਿੱਤਰਗੁਪਤ ਨੇ ਸੱਚ ਬਿਆਨ ਕੀਤਾ, ਹੋਰ ਬੰਦਿਆਂ ਨੇ ਕੋਈ ਨਾ ਪਾਪ ਕੀਤਾ।
ਐਪਰ ਡਰਾਇਵਰ ਵਾਲੀਆਂ ਸਵਾਰੀਆਂ ਨੇ, ਸਭ ਤੋਂ ਵੱਧ ਹੈ ਨਾਮ ਦਾ ਜਾਪ ਕੀਤਾ।
ਚਾਲਕ ਸਾਹਿਬ ਕਟਿਹਰੇ ਵਿਚ ਖੜ੍ਹਾ ਕੀਤਾ ਦੱਸ ਕਿਵੇਂ ਤੂੰ ਨਾਮ ਜਪਾਵਂਦਾ ਸੀ।
ਡਰਾਇਵਰ ਆਖਦਾ ਏ ਜਾਣੇ ਬਲ੍ਹਾ ਮੇਰੀ, ਮੈਂ ਤਾਂ ਪੀ ਕੇ ਗੱਡੀ ਚਲਾਵਂਦਾ ਸੀ।
ਜੁੱਤੀ ਝਾੜ ਕੇ ਬੱਸ ਵਿਚ ਚੜ੍ਹੀ ਦਾ ਸੀ, ਜੁੱਤੀ ਅੱਗੇ -ਪਿੱਛੇ ਬੱਸ ਦੇ ਟੰਗੀ ਦੀ ਸੀ।
ਬੱਸ ਦੀ ਬਾਰੀ ਨੂੰ ਫੇਰ ਹੱਥ ਪਾਈ ਦਾ ਸੀ, ਪਹਿਲਾਂ ਖ਼ੈਰ ਸਵਾਰੀਆਂ ਦੀ ਮੰਗੀ ਦੀ ਸੀ।
ਨਾ ਸਪੀਡ ਮੀਟਰ ਨਾ ਬਰੇਕ ਪੂਰੀ, ਖਟਾਰਾ ਗੱਡੀ ਮੈਂ ਸੜਕੇ ਭਜਾਈ ਜਾਂਦਾ।
ਜਦੋਂ ਸੀਟਾਂ ਆਪੋ ਵਿਚ ਦੀ ਭਿੜਦੀਆਂ ਸੀ, ਉਦੋਂ ਚਾਲੀ ਦਾ ਹਿਸਾਬ ਜਿਹਾ ਲਾਈ ਜਾਂਦਾ।
ਜਿਹਨੇ ਪੀਣੀ ਪੀ ਆਵੋ ਆਗਿਆ ਠੇਕਾ, ਗੱਡੀ ਠੇਕੇ ਦੇ ਲਾਗੇ ਖੜ੍ਹਾਵਂਦਾ ਸੀ।
ਦਾਰੂ ਵਾਲੇ ਦੀ ਚਾਂਦੀ ਜਿਹੀ ਬਣੀ ਰਹਿੰਦੀ, ਮੈਨੂੰ ਮੁਫ਼ਤ ਵਿਚ ਬੋਤਲ ਫੜਾਵਂਦਾ ਸੀ।
ਫਿਰ ਮੁਫ਼ਤ ਵਾਲੀ ਵਿਚੋਂ ਵੱਡਾ ਪੈੱਗ ਲਾਕੇ, ਜਦੋਂ ਰੇਸ ਤੇ ਪੈਰ ਟਿਕਾਂਵਦਾ ਸੀ।
ਕਰਮਾ ਵਾਲੀ ਫੇਰ ਸੜਕ ਤੇ ਜਾਏ ਭੱਜੀ, ਅੱਗੇ ਬੰਦਾ ਨਾ ਕੋਈ ਨਜ਼ਰ ਆਂਵਦਾ ਸੀ।
ਸਾਈਡਾਂ ਆਪਣੇ ਆਪ ਲੋਕੀ ਦਈ ਜਾਂਦੇ, ਗੱਡੀ ਬਰੇਕਾਂ ਦੇ ਨਾਲ ਵੀ ਨਾ ਠੱਲਦੀ ਏ।
ਉਦੋਂ ਆਪੇ ਅੰਦਾਜ਼ਾ ਜਿਹਾ ਲੱਗ ਜਾਂਦਾ, ਗੱਡੀ ਸੱਤਰ-ਅੱਸੀ ਤੇ ਚੱਲਦੀ ਏ।
ਸ਼ਾਮਾਂ ਪੈਂਦੀਆਂ ਨੇਰਾ ਨਾ ਹੋਣ ਦਈ ਦਾ, ਸਭ ਨੂੰ ਟਾਇਮ ਨਾਲ ਘਰੇ ਪਹੁੰਚਾਈ ਦਾ ਸੀ।
ਥੋੜਾ ਨਸ਼ਾ ਸਰੂਰ ਜਦ ਲੱਥਦਾ ਸੀ, ਫਿਰ ਬਾਕੀ ਦਾ ਪੈੱਗ ਲਗਾਈ ਦਾ ਸੀ।
ਆਪਣੇ ਆਪ ਰਫ਼ਤਾਰ ਫਿਰ ਤੇਜ਼ ਹੁੰਦੀ, ਬੂਹੇ ਬਾਰੀਆਂ ਦੀ ਅਵਾਜ਼ ਪੂਰੀ ਖੜਕਦੀ ਸੀ।
ਘੁਟ ਸਵਾਰੀਆਂ ਆਪਣੀਆਂ ਸੀਟਾਂ ਫੜੀ ਰੱਖਣ, ਜਿੰਦ ਉਹਨਾਂ ਦੀ ਮੱਛੀ ਵਾਂਗੂ ਤੜਫਦੀ ਸੀ।
ਸਵਾਰੀ ਆਪਣੀ ਪਿਆਰੀ ਜਿੰਦ ਜਾਨ ਨਾਲੋਂ, ਮੰਜ਼ਲ ਨੇੜੇ ਤੁਹਾਡੀ ਹੁਣ ਆ ਗਈ ਏ।
ਸਮਾਨ ਆਪਣੇ ਦਾ ਆਪੇ ਖਿਆਲ ਰੱਖੋ, ਰੇਸ ਸੌ ਤੋਂ ਸੂਈ ਟੱਪਾ ਗਈ ਏ।
ਉਦੋਂ ਮੈਂ ਤਾਂ ਸਰੂਰ ਵਿਚ ਮਸਤ ਹੁੰਦਾ, ਟੁੰਡੇ-ਲਾਟ ਦੀ ਪ੍ਰਵਾਹ ਨਾ ਕਰੀ ਦੀ ਏ।

ਭਾਂਵੇਂ ਮਾਰਕੇ ਧੂੰਆਂ ਸਾਰਾ ਤੇਲ ਉਡ ਜਾਏ, ਰੋਡਵੇਜ਼ ਤੋਂ ਟੈਂਕੀ ਫੁਲ ਕਰੀ ਦੀ ਏ।
ਜਦੋਂ ਸ਼ੀਸ਼ੇ ਵਿਚ ਪਿਛੋਂ ਮੈਂ ਧਿਆਨ ਮਾਰਾਂ, ਹੱਥ ਜੋੜ ਲੋਕੀ ਰੱਬ ਵੱਲੇ ਤਕਦੇ ਸੀ।
ਖੈਰੀ ਮੇਰੀ ਘਰੇ ਪਹੁੰਚਾਈ ਰੱਬਾ, ਅੱਖਾਂ ਮੀਟ ਕੇ ਨਾਮ ਸਭ ਜਪਦੇ ਸੀ।
ਬਾਰਾਂ ਚੱਕਰ ਮੇਰੇ ਸ਼ਹਿਰੋਂ ਪਿੰਡ ਲੱਗਦੇ ਸੀ, ਅੰਦਰੋਂ ਫੁਲ ਕਰ ਛੱਤ ਤੇ ਚੜਾਈ ਦਾ ਸੀ।
ਮੁੰਡੇ ਪੰਜ-ਸੱਤ ਉਤਰ ਲਾਉ ਧੱਕਾ, ਧੱਕਾ ਲੱਗੇ ਤੋਂ ਗੇਅਰ ਫੇਰ ਪਾਈ ਦਾ ਸੀ।
ਸੱਚ ਕਹਾਂ ਬਿਨ ਪੀਤਿਉਂ ਨਾ ਚੱਲਦੀ ਸੀ, ਐਪਰ ਬੁਰਾ ਨਾ ਕਿਸੇ ਦਾ ਤੱਕਿਆ ਏ।
ਗਿਣਤੀ ਕਰੋ ਤੇ ਆਪੇ ਹਿਸਾਬ ਲਾ ਲੋ, ਕਿੰਨੀ ਸਵਾਰੀ ਤੇ ਕਿੰਨਾਂ ਨਾਮ ਜਪਇਆ ਏ।
ਗਿਣਤੀ ਕਰੀਂ ਸਭਨਾਂ ਨਾਲੋਂ ਅੱਗੇ ਹੈ ਤੂੰ, ਚਿਤਰਗੁਪਤ ਨੇ ਸਾਰਾ ਹਿਸਾਬ ਕੀਤਾ।
ਪਾਪ ਘੱਟ ਤੇ ਪੁੰਨ ਨੇ ਵੱਧ ਤੇਰੇ, ਧਰਮਰਾਜ ਨੇ ਅੱਗੋਂ ਜੁਵਾਬ ਦਿੱਤਾ।
ਪੀਕੇ ਚਲਾਈ ਗੱਡਾ ਗੁਨਾਹਗਾਰ ਹੈ ਤੂੰ, ਨਾਮ ਜਪਾਉਣ ਵਿਚ ਸਭ ਤੋਂ ਉੱਚਾ ਨਾਂ ਤੇਰਾ।
ਜੇ ਤੂੰ ਚਾਹੁੰਣਾ ਤੈਨੂੰ ਸਵਰਗ ਦੇ ਦੇਈਏ, ਜੇਕਰ ਚਾਹੁੰਣਾ ਤਾਂ ਦੁਨੀਆਂ ਤੇ ਪਾ ਫੇਰਾ।
ਧਰਮਰਾਜ ਨੂੰ ਮੋੜ ਉਸ ਜੁਵਾਬ ਦਿੱਤਾ, ਚੰਗਾ ਮਾੜਾ ਹਾਂ ਆਪ ਦਾ ਦਾਸ ਬਖਸ਼ੋ।
ਫਾਨੀ ਦੁਨੀਆਂ ਤੋਂ 'ਮੋਹਣ' ਨੇ ਕੀ ਲੈਣਾ, ਆਪਣੇ ਚਰਨਾਂ ਦੇ ਵਿਚ ਨਿਵਾਸ ਬਖਸ਼ੋ।

ਲਾਲ ਸਿੰਘ ਦੀ ਢਾਲ

ਕਲ਼ਗੀਧਰ ਦੇ ਭਰੇ ਦਰਬਾਰ ਅੰਦਰ, ਪੰਡ ਚੁੱਕ ਕੇ ਇਕ ਸਿੱਖ ਆਂਵਦਾ ਏ।
ਪੰਡ ਮਲਕੜੇ ਚਰਨਾਂ ਕੋਲ ਰੱਖੀ, ਹੱਥ ਜੋੜ ਕੇ ਸ਼ਸਿ ਨਵਾਂਵਦਾ ਏ।
ਗੁਰਾਂ ਸਿੰਘ ਦੇ ਸੀਸ ਤੇ ਹੱਥ ਧਰਿਆ, ਉੱਠ ਕੇ ਫ਼ਤਿਹ ਬੁਲਾਈ ਲਾਲ ਸਿੰਘ ਨੇ ਜੀ।
ਗੰਡਾਂ ਖੋਲ੍ਹੀਆਂ ਤੈਹਾਂ ਕਈ ਦਿੱਤੀਆਂ ਸੀ, ਤੈਹਾਂ ਵਿਚੋਂ ਕੱਢੀ ਢਾਲ ਸਿੰਘ ਨੇ ਜੀ।
ਫਿਰ ਢਾਲ ਦੀਆਂ ਸਿਫ਼ਤਾਂ ਉਹ ਕਰਨ ਲੱਗਾ, ਢਾਲ ਵਾਂਗਰ ਬਿਜਲੀ ਦੇ ਲਿਸ਼ਕਦੀ ਏ।
ਢਾਲ ਮਖ਼ਮਲ ਦੇ ਨਾਲੋਂ ਮੁਲਾਇਮ ਜਾਪੇ, ਬੈਠੀ ਮੱਖੀ ਵੀ ਢਾਲ ਉਤੇ ਤਿਲਕਦੀ ਏ।
ਕਹਿੰਦਾ ਪੱਕਾ ਫੌਲਾਦ ਭੱਠੀ ਵਿਚ ਪਾਇਆ, ਉੱਤੇ ਸੱਟਾਂ ਵਦਾਨਾਂ ਦੀਆਂ ਮਾਰੀਆਂ ਨੇ।
ਲਾਕੇ ਸਾਨ ਤੇ ਰਗੜ ਕੇ ਨਰਮ ਕੀਤਾ, ਤਾਈਉ ਬਿਜਲੀਵਾਂਗ ਲਿਸ਼ਕਾਂ ਮਾਰੀਆਂ ਨੇ।
ਖੰਡੇ, ਬਰਛੇ, ਟਕੂਏ ਦਾ ਨਾ ਟੱਕ ਲੱਗੇ, ਮਾਰ ਜੰਗ ਮੈਦਾਨ ਨਹੀਂ ਖਾ ਸਕਦੀ।
ਨੇਜ਼ਾ, ਨਾਗਣੀ, ਕ੍ਰਿਪਾਨ ਇਕ ਪਾਸੇ, ਗੋਲੀ ਬੰਦੂਕ ਦੀ ਦਾਗ਼ ਵੀ ਨਹੀਂ ਪਾ ਸਕਦੀ।
ਇਸ ਢਾਲ ਦੀ ਕੀ ਕਰਾਂ ਸਿਫ਼ਤ ਦਾਤਾ, ਇਥੇ ਪਏ ਨੇ ਜਿੰਨੇ ਹਥਿਆਰ ਸਾਰੇ।
ਇਸ ਢਾਲ ਦੇ ਤੁਲ ਦਾ ਨਾ ਕੋਈ ਜਾਪੇ, ਇਹਦੇ ਅੱਗੇ ਮੈਨੂੰ ਜਾਪਣ ਬੇਕਾਰ ਸਾਰੇ।
ਲਾਲ ਸਿੰਘ ਮਾਣ-ਮਤਿਆ ਜਾਵੇ ਬੋਲੀ, ਢਾਲ ਆਪਣੀ ਦੀਆਂ ਸਿਫ਼ਤਾਂ ਫਰੋਲਦਾ ਏ।
ਘਟ ਘਟ ਦੀਆਂ ਜਾਣਦਾ ਗੁਰੁ ਮੇਰਾ, ਤਾੜ ਗਏ ਹੰਕਾਰ ਇਹਦਾ ਬੋਲਦਾ ਏ।
ਗੁਰਾਂ ਆਖਿਆ ਬੜੀ ਪੱਕੀ ਢਾਲ ਤੇਰੀ, ਇਹਨੂੰ ਪਰਖ ਕੇ ਵਰਤਣਾ ਚਾਹੀਦਾ ਏ।
ਮੌਕੇ ਉਤੇ ਹਥਿਆਰ ਨਾ ਦੇਵੇ ਧੋਖਾ, ਫਿਰ ਜੰਗੇ ਮੈਦਾਨ ਲਜਾਈ ਦਾ ਏ।
ਮਾਣ ਤੈਨੂੰ ਹੈ ਆਪਣੀ ਢਾਲ ਉੱਤੇ, ਬੰਦੂਕ ਸਾਡੀ ਵੀ ਨਿਰੀ ਹੈ ਕਾਲ ਸਿੰਘਾ।
ਕੱਲ੍ਹ ਨੂੰ ਲਾਉਣਾ ਨਿਸ਼ਾਨਾਂ ਬੰਦੂਕ ਤੋਂ ਮੈਂ, ਢਾਲ ਬੰਨ੍ਹ ਤੇਰੀ ਛਾਤੀ ਦੇ ਨਾਲ ਸਿਆ।
ਸਿੰਘ ਸੋਚੇ ਤੂੰ ਹੋਕੇ ਟਟੈਣੀਆਂ ਉਏ, ਕਿਥੇ ਸੂਰਜ ਨਾਲ ਮੱਥਾ ਲਾ ਲਾਇਆ ਉਏ।
ਉਹ ਤੂੰ ਜ਼ਾਤ ਦੀ ਹੋਕੇ ਕੋਹੜ ਕਿਰਲੀ, ਕਿੱਥੇ ਸ਼ਤੀਰ ਨੂੰ ਜਾ ਜੱਫਾ ਪਾ ਲਿਆ ਏ।
ਘਰ ਨੂੰ ਮੁੜ ਪਿਆ ਉਹ ਸੋਚਾਂ ਵਿਚ ਡੁਬਾ, ਦਿਨ ਛਿੱਪਦੇ ਕੀਤੀ ਰਹਿਰਾਸ ਉਹਨੇ।
ਅੱਖਾਂ ਮੀਟ ਕੇ ਗਲ ਦੇ ਵਿਚ ਪਾ ਪੱਲ੍ਹਾ, ਗੁਰੁ ਚਰਨਾਂ ਵਿਚ ਕੀਤੀ ਅਰਦਾਸ ਉਹਨੇ।
ਸੌਂਣ ਲੱਗਿਆ ਕੀਤਰਨ ਸੋਹਲੇ ਦਾ ਪਾਠ ਕਰਕੇ, ਗੋਦੀ ਗੁਰੁ ਦੀ ਜਾ ਬਿਰਾਜਦਾ ਏ।
ਪਹਿਰ ਰਾਤ ਰਹਿੰਦੀ ਤੇ ਇਸ਼ਨਾਨ ਕੀਤਾ, ਵੇਲਾ ਅੰਮ੍ਰਿਤ ਦਾ ਹੋਇਆ ਗੁਰੁ ਵਾਜਾਂ ਮਾਰਦਾ ਏ।
ਪੰਜਾਂ ਬਾਣੀਆਂ ਦਾ ਸਿੰਘ ਨੇ ਪਾਠ ਕੀਤਾ, ਹਾਜ਼ਰ-ਨਾਜ਼ਰ ਉਹ ਗੁਰੁ ਧਿਆਂਵਦਾ ਏ।
ਨਿੱਤ-ਨੇਮ ਕਰਕੇ ਜਦੋਂ ਦਿਨ ਚੜਿਆ, ਚਾਲੇ ਗੁਰੁ ਦਰਬਾਰ ਵੱਲੇ ਪਾਂਵਦਾ ਏ।
ਮੰਜ਼ਲ ਮਾਰਕੇ ਗੁਰੂ ਦਰਬਾਰ ਪੁੱਜਾ, ਪਿਛਲੇ ਪਾਸੇ ਉਹਲੇ ਹੋ ਕੇ ਬਹਿ ਗਿਆ ਏ।

ਆਪਣੇ ਆਪ ਨੂੰ ਫਿਟਕਾਂ ਮਨ ਵਿਚ ਪਾਈ ਜਾਂਦਾ, ਸਾਰਾ ਰੋਗ ਹੰਕਾਰ ਦਾ ਲਹਿ ਗਿਆ ਏ।
ਅੰਮ੍ਰਿਤ ਬਾਣੀ ਦੀ ਸੁਬ੍ਹਾ ਤੱਕ ਹੋਈ ਵਰਖਾ, ਪਿਆ ਭੋਗ ਆਸਾ ਦੀ ਵਾਰ ਦਾ ਏ।
ਕਿਥੇ ਰਹਿ ਗਿਆ ਸਿੰਘ ਸਾਡੀ ਢਾਲ ਵਾਲਾ, ਗੁਰੂ ਲਾਲ ਸਿੰਘ ਨੂੰ ਵਾਜਾਂ ਮਾਰਦਾ ਏ।
ਲੱਤਾਂ ਕੰਬਦੀਆਂ ਤੋਂ ਲਾਲ ਸਿੰਘ ਉਠਿਆ, ਪੈਰ ਘਸੀਟ ਕੇ ਗੁਰਾਂ ਕੋਲ ਪੁੱਜਦਾ ਏ।
ਹੱਥ ਜੋੜੇ ਤੇ ਸਤਿਨਾਮ ਜੱਪੀ ਜਾਂਦਾ, ਹੋਰ ਕੁਝ ਵੀ ਨਾਂ ਸਿੰਘ ਨੂੰ ਸੁਝਦਾ ਏ।
ਢਾਲ ਬੰਨ ਮੈਦਾਨ ਵਿਚ ਖੜ੍ਹਾ ਕੀਤਾ, ਤਮਾਸ਼ਾ ਵੇਖਣੇ ਨੂੰ ਸਾਰੀ ਸੰਗਤ ਆਈ ਏ ਜੀ।
ਗੁਰਾਂ ਫੜੀ ਬੰਦੂਕ ਛੋਟੀ ਤੋਪ ਜਾਪੇ, ਪਾ ਬਾਰੂਦ ਗੁਰਾਂ ਸਿਸਤ ਲਾਈ ਏ ਜੀ।
ਲਾਲ ਸਿੰਘ ਹੱਥ ਜੋੜ ਗਲ ਪਾਇਆ ਪੱਲ੍ਹਾ, ਸਾਰੀ ਰਾਤ ਅਰਦਾਸਾਂ ਉਹਨੇ ਕੀਤੀਆਂ ਸੀ।
ਸਵਾਸ-ਸਾਵਸ ਉਹ ਵਾਹਿਗੁਰੂ ਜੱਪੀ ਜਾਂਦਾ, ਹੰਝੂ ਕੇਰਦਾ ਉਹਨੇ ਅੱਖਾਂ ਮੀਟੀਆਂ ਸੀ।
ਚਾਰ ਵਾਰ ਗੁਰਾਂ ਢਾਲ ਦੀ ਸਿਸਤ ਲਾਈ, ਐਪਰ ਗੁਰੂ ਨਾ ਗੋਲੀ ਚਲਾਵਦੇ ਨੇ।
ਨੌਂ ਪਾਤਸ਼ਾਹੀਆਂ ਢਾਲ ਦੇ ਪਿਛੇ ਖੜ੍ਹੀਆਂ, ਸਿਦਕੀ ਸਿੱਖ ਨੂੰ ਆਕੇ ਬਚਾਂਵਦੇ ਨੇ।
ਛੱਡ ਹੰਕਾਰ ਜੋ ਗੁਰੂ ਘਰ ਆਣ ਨਿਉਂਦਾ, ਮੇਰੇ ਗੁਰੂ ਨੂੰ ਹਉਮੈਂ ਨਾ ਭਾਂਵਦੀ ਏ।
ਇਕ ਮਨ ਹੋਕੇ ਜਿਹੜਾ ਵੀ ਅਰਜ਼ ਕਰਦਾ, ਕੀਤੀ ਅਰਦਾਸ ਨਾ ਬਿਰਥੀ ਜਾਂਵਦੀ ਏ।
ਕਲ਼ਗੀਧਰ ਨੇ ਮੱਥਾ ਅੱਗੇ ਟੇਕਿਆ ਏ, ਲਾਲ ਸਿੰਘ ਨੂੰ ਛਾਤੀ ਨਾਲ ਲਾ ਲਿਆ ਏ।
ਪੁਠੇ ਕੰਮਾਂ ਵਲੋਂ 'ਮੋਹਣ' ਨੂੰ ਮੋੜਕੇ ਤੇ, ਕੰਨ ਫੜਕੇ ਕਵਿਤਾ ਵੱਲੇ ਲਾ ਲਿਆ ਏ।

ਪਾਇਲਟ

ਜਹਾਜ਼ ਉੱਚੀ ਉਡਾਨ ਵਿਚ ਜਾਵੇ ਉਡਿਆ, ਚਾਣਚੱਕ ਉਹ ਧੂੰਆ ਮਾਰਦਾ ਏ।
ਚਾਲਕ ਸਾਹਿਬ ਨੇ ਮਾਇਕ ਤੇ ਖ਼ਬਰ ਦਿੱਤੀ, ਇੰਜਣ ਭਾਰ ਨਾ ਜਿਆਦਾ ਸਹਾਰਦਾ ਏ।
ਉਵਰ ਲੋਡ ਹੈ ਭਾਰ ਸਵਾਰੀਆਂ ਦਾ, ਇਹਦੇ ਭਾਰ ਨੂੰ ਥੋੜਾ ਘਟਾਵਣਾਂ ਏ।
ਸਵਾਰੀਆਂ ਏਅਰ-ਪੋਰਟ ਤੇ ਪਚਾਉਣ ਲਈ, ਬੰਦਾ ਚੱਲਦੇ ਜ਼ਹਾਜ਼ ਵਿਚੋਂ ਇਕ ਲਾਵਣਾਂ ਏ।
ਪੰਜ ਸੌ ਸਵਾਰੀਆਂ ਦੀ ਜਾਨ ਬਚਾਉਣ ਖ਼ਾਤਿਰ, ਜੇਕਰ ਇਕ ਬੰਦਾ ਕਿਤੇ ਕੁਰਬਾਨ ਹੋ ਜਾਏ।
ਹੱਥ ਜੋੜ ਕੇ ਕਰੋ ਅਰਦਾਸ ਸਾਰੇ, ਉਸ ਬੰਦੇ ਦੀ ਸ਼ਹੀਦੀ ਪਰਵਾਨ ਹੋ ਜਾਏ।
ਤਿੰਨ ਵਾਰ ਪਾਇਲਟ ਸਾਹਿਬ ਨੇ ਅਵਾਜ਼ ਮਾਰੀ, ਖ਼ਤਰਾ ਲਾਲ ਬੱਤੀ ਕਰੇ ਇਸ਼ਾਰਿਆ ਨੂੰ।
ਉਠੇ ਪੰਜ ਸੌ ਵਿਚੋਂ ਦਲੇਰ ਯੋਧਾ, ਜਿਹੜਾ ਮਾਣ ਲਵੇ ਸ਼ਹੀਦੀ ਹੁਲਾਰਿਆ ਨੂੰ।
ਨਿਹੰਗ ਸਿੰਘ ਇਕ ਸੀਟ ਤੋਂ ਉਠ ਖੜ੍ਹਾ, ਪਾਇਲਟ ਵੱਲ ਨੂੰ ਉਹ ਤੁਰਿਆ ਆਂਵਦਾ ਏ।
ਚਾਲਕ ਸਾਹਿਬ ਨੂੰ ਵੇਖ ਚਾਅ ਚੜ੍ਹਿਆ, ਖ਼ੁਸ਼ੀ ਵਿਚ ਨਾ ਫੁਲਿਆ ਸੁਮਾਂਵਦਾ ਏ।
ਉਹ ਮਾਣ ਹੈ ਸਾਨੂੰ ਸਿੱਖਾਂ ਦੀ ਕੌਮ ਉਤੇ, ਜਿਹਨਾਂ ਵਾਰੀਆਂ ਸੋਹਲ ਜਵਾਨੀਆਂ ਨੇ।
ਸਾਡਾ ਦੇਸ਼ ਗੁਲਾਮੀ ਤੋਂ ਮੁਕਤ ਕੀਤਾ, ਸਭ ਤੋਂ ਵੱਧ ਤੁਹਾਡੀਆਂ ਕੁਰਬਾਨੀਆਂ ਨੇ।
ਜਦੋਂ ਜਦੋਂ ਵੀ ਵਤਨ ਨੂੰ ਲੋੜ ਪਈ, ਤੁਸਾਂ ਮੌਤ ਦੀ ਨਹੀ ਪ੍ਰਵਾਹ ਕੀਤੀ।
ਖਿੜੇ ਮੱਥੇ ਚੁੰਮੇ ਰੱਸੇ ਫਾਂਸੀਆਂ ਦੇ, ਹੱਸ-ਹੱਸ ਕੇ ਜਾਨ ਗੁਵਾ ਦਿੱਤੀ।
ਅੱਗੋਂ ਖ਼ਾਲਸਾ ਪੁਛਦਾ ਗੱਲ ਦੱਸ ਪੱਕੀ, ਇਕ ਦੀ ਮੌਤ ਨਾਲ ਬਚਣ ਸਵਾਰੀਆਂ ਜੀ।
ਪਾਇਲਟ ਕਹਿੰਦਾ ਤੁਸੀਂ ਮੇਰਾ ਯਕੀਨ ਮੰਨੋ, ਛਾਲ ਮਾਰਨ ਦੀਆਂ ਕਰੋ ਤਿਆਰੀਆਂ ਜੀ।
ਚਾਲਕ ਆਖਦਾ ਮੇਰੀ ਸੀਟ ਦੇ ਕੋਲ ਆ ਜਾਉ, ਛਾਲ ਮਾਰਨੀ ਖੋਲਾਂ ਜਦੋਂ ਵਾਰੀ ਏ।
ਮੁਖ ਪੰਨੇ ਅਖ਼ਬਾਰ ਦੇ ਖ਼ਬਰ ਛਪਣੀ, ਕਿਸੇ ਦੇਸ਼ ਪ੍ਰੇਮੀ ਨੇ ਜਾਨ ਵਾਰੀ ਏ ਜੀ।
ਸਿੱਖ ਆਖਦਾ ਚਾਲਕਾ ਖੋਲ ਵਾਰੀ, ਅਸਾਂ ਮੌਤ ਨੂੰ ਦੋਹੀ ਹੱਥੀ ਲੁੱਟਿਆ ਏ।
ਸੋ ਨਿਹਾਲ ਦਾ ਜੈਕਾਰਾ ਉਹਨੇ ਛੱਡਿਆ ਏ, ਚਾਲਕ 'ਮੋਹਣ' ਨੂੰ ਚੁੱਕ ਬਾਹਰ ਸੁਟਿਆ ਏ।

ਪੰਜ ਮੂਰਖ

ਅਕਬਰ ਬਾਦਸ਼ਾਹ ਆਪਣੇ ਆਪ ਜਾਵੇ ਹੱਸੀ, ਮੰਤਰੀ ਬੀਰਬਲ ਨੂੰ ਕੋਲ ਬੁਲਾਵਦਾ ਏ।
ਪੰਜ ਮੂਰਖ ਕਿਤੋਂ ਵੀ ਕਰ ਇਕੱਠੇ, ਬੀਰਬਲ ਤਾਂਈ ਉਹ ਹੁਕਮ ਸੁਣਾਵਦਾ ਏ।
ਪੰਡਤ, ਗਿਆਨੀ, ਮਰਾਸੀ, ਇਕੱਠੇ ਰੋਜ਼ ਹੁੰਦੇ, ਗਿਆਨ ਧਿਆਨ ਦੀ ਚਰਚਾ ਚਲਾਵਦੇ ਨੇ।
ਕਈ ਗੱਲਾਂ ਉਤੇ ਵਾਰਤਾ ਚੱਲਦੀ ਏ, ਗੱਲੀ ਬਾਤੀ ਅਸਮਾਨੀ ਟਾਕੀ ਲਾਂਵਦੇ ਨੇ।
ਕਹਿੰਦਾ ਹੁੰਦੀ ਮੂਰਖਾ ਦੀ ਇਕ ਜਮਾਤ ਵੱਖਰੀ, ਕਰਤੂਤ ਇਹਨਾਂ ਦੀ ਵੇਖਣੀ ਚਾਹੀਦੀ ਏ।
ਹਰਕਤ ਮੂਰਖਾਂ ਦੀ ਉਤੇ ਹਾਸਾ ਆਂਵਦਾ ਏ, ਸ਼ੁਗਲ ਕਰਕੇ ਖ਼ੁਸ਼ੀ ਮਨਾਈ ਦੀ ਏ।
ਅੱਠਾਂ ਦਿਨਾਂ ਦਾ ਤੈਨੂੰ ਖੁਲ੍ਹਾ ਸਮਾਂ ਦਿੱਤਾ, ਪੰਜ ਮੂਰਖ ਲੈਕੇ ਵਾਪਸ ਪਰਤਣਾ ਏ।
ਲੱਛਣ ਮੂਰਖਾ ਵਾਲੇ ਸਾਰੇ ਹੋਣ ਪੱਕੇ, ਆਪਣੇ ਆਪ ਮੈਂ ਕਸਵੱਟੀ ਤੇ ਪਰਖਣਾ ਏ।
ਬੀਰਬਲ ਤੁਰ ਪਿਆ ਮੂਰਖਾਂ ਨੂੰ ਲੱਭਣੇ, ਔਖਾ ਬਾਦਸ਼ਾਹ ਪਰਚਾ ਪਾ ਦਿੱਤਾ।
ਮੂਰਖਾਂ ਵਾਜੋਂ ਦੱਸ ਤੇਰਾ ਕੀ ਕੰਮ ਅੜਿਆ, ਮੈਨੂੰ ਚਾਤਰ ਨੂੰ ਵੀ ਮੂਰਖ ਬਣਾ ਦਿੱਤਾ।
ਤੁਰੇ ਜਾਂਦੇ ਦੀ ਰੁੱਖ ਤੇ ਨਜ਼ਰ ਜਾ ਪਈ, ਇਕ ਲੱਕੜਹਾਰਾ ਲੱਕੜ ਕੱਟਦਾ ਏ।
ਜਿਹੜੇ ਟਾਹਣੇ ਤੇ ਬੈਠਾ ਉਸੇ ਨੂੰ ਜਾਏ ਵੱਢੀ, ਬੀਰਬਲ ਗੌਰ ਨਾਲ ਉਹਦੇ ਵੱਲ ਤੱਕਦਾ ਏ।
ਲੱਤ, ਬਾਂਹ ਡਿੱਗ ਕੇ ਆਪਣੀ ਤੁੜਾ ਲਏਂਗਾ, ਬੀਰਬਲ ਆਖਦਾ ਦੰਦ ਕਿਵੇਂ ਕੱਢੀ ਜਾਨਾ।
ਤੇਰੀ ਅਕਲ ਤੇ ਮੂਰਖਾ ਪਿਆ ਪਰਦਾ, ਜਿਸ ਤੇ ਬੈਠਾ ਉਸੇ ਨੂੰ ਵੱਢੀ ਜਾਨਾ।
ਗੱਲ ਸੁਣਕੇ ਬੀਰਬਲ ਦੀ ਹੱਸ ਦਾ ਏ, ਆਰੀ ਅੱਗੋਂ ਨਾਲੋਂ ਤੇਜ਼ ਚਲਾਵਦਾ ਏ।
ਕਹਿੰਦਾ ਭਾਰ ਤੇ ਡਾਣਾ ਲਿਫ ਜਾਂਦਾ, ਨਾਲੇ ਹੋਰ ਛੇਤੀ ਵੱਢਿਆ ਜਾਂਵਦਾ ਏ।
ਇਕ ਤਾਂ ਲੱਭ ਗਿਆ ਮਨ ਵਿਚ ਖ਼ੁਸ਼ ਹੋਇਆ, ਦੂਜਾ ਲੱਭਣ ਲਈ ਮਨ ਵਿਚ ਸੋਚਦਾ ਏ।
ਬੰਦਾ ਗਲੀ ਵਿਚ ਲੱਡੂ ਵੰਡਦਾ ਏ, ਆਕੇ ਬੀਰਬਲ ਦਾ ਰਸਤਾ ਅੱਗੋਂ ਰੋਕਦਾ ਏ।
ਬੀਰਬਲ ਪੁਛਦਾ ਤੇਰੇ ਘਰ ਬਾਲ ਹੋਇਆ, ਕਾਹਦੀ ਖ਼ੁਸ਼ੀ ਦੇ ਲੱਡੂ ਵਰਤਾਈ ਜਾਨਾ।
ਕਹਿੰਦਾ ਮੇਰੀ ਘਰਵਾਲੀ ਦੂਜਾ ਵਿਆਹ ਕਰਿਆ, ਲੱਡੂ ਵੰਡ ਕੇ ਖ਼ੁਸ਼ੀ ਮਨਾਈ ਜਾਨਾ।
ਦੋ ਹੋ ਗਏ ਬਾਕੀ ਇਕ ਰਹਿ ਗਿਆ ਏ, ਤੀਜਾ ਲੱਭਣੇ ਦੀ ਗੱਲ ਵਿਚਾਰੀ ਉਹਨੇ।
ਬੰਦਾ ਘੋੜੀ ਉਤੇ ਚੜਿਆ ਆਂਵਦਾ ਏ, ਸਿਰ ਉਤੇ ਪੰਡ ਚੁੱਕੀ ਹੋਈ ਭਾਰੀ ਉਹਨੇ।
ਬੀਰਬਲ ਆਖਦਾ ਘੋੜੀ ਉਤੇ ਪੰਡ ਧਰਲੇ, ਐਵੇ ਸਿਰ ਉਤੇ ਕਾਹਨੂੰ ਚੁੱਕੀ ਜਾਵਣਾਂ ਏ।
ਘੋੜੀ ਸੁਣ ਵਾਲੀ ਮੇਰੀ ਜੁਵਾਬ ਦਿੱਤਾ, ਭਾਰ ਬਹੁਤਾ ਨਾ ਇਸ ਤੇ ਪਾਵਣਾਂ ਏ।
ਤਿੰਨਾਂ ਮੂਰਖਾਂ ਨੂੰ ਸੁਬ੍ਹਾ ਦਾ ਟਾਇਮ ਦਿੱਤਾ, ਆਦਰ ਨਾਲ ਦਰਬਾਰ ਬੁਲਾਵਦਾ ਏ।
ਜੋ ਕਰਤੂਤਾਂ ਸੀ ਕੀਤੀ ਮੂਰਖਾਂ ਨੇ, ਦੱਸਕੇ ਰਾਜੇ ਦੀ ਤਸੱਲੀ ਕਰਾਵਦਾ ਏ।
ਤਿੰਨ ਲੱਭ ਗਏ ਬਾਕੀ ਦੇ ਦੋ ਕਿਥੇ, ਰਾਜਾ ਮੂਰਖਾਂ ਦੇ ਲੱਛਣਾਂ ਤੇ ਹੱਸਦਾ ਏ।

ਦੋ ਬਾਕੀ ਦੇ ਇਥੇ ਦਰਬਾਰ ਅੰਦਰ, ਬੀਰਬਲ ਅਕਬਰ ਤਾਂਈ ਦੱਸਦਾ ਏ।
ਦੋ ਬਾਕੀ ਦੇ ਕਿੱਥੇ ਨਾ ਦਿਸਣ ਮੈਨੂੰ, ਰਾਜਾ ਆਪਣੇ ਸੱਜੇ ਖੱਬੇ ਝਾਕਦਾ ਏ।
ਆਪਾਂ ਦੋਵੇਂ ਵੀ ਮੂਰਖਾਂ ਤੋਂ ਘੱਟ ਕੋਈ ਨਾ, ਚੌਥਾਂ ਤੂੰ ਪੰਜਵਾਂ ਮੈਂ ਬੀਰਬਲ ਆਖਦਾ ਏ।
ਚੰਗੇ ਭਲੇ ਨੂੰ ਮੂਰਖ ਬਣਾ ਦਿੱਤਾ, ਤੇਰੇ ਆਖੇ ਜੋ ਮੂਰਖ ਲੱਭਣ ਚੱਲਿਆ ਸੀ।
ਮੈਨੂੰ ਜਾਪੇ ਤੂੰ ਵੀ ਮੂਰਖਾਂ ਤੋਂ ਘੱਟ ਕੋਈ ਨਾ,
ਜਿਹਨੇ ਮੂਰਖ ਲੱਭਣ ਲਈ 'ਮੋਹਣ' ਨੂੰ ਘੱਲਿਆ ਸੀ।

ਅਧਿਆਪਕ ਅਤੇ ਵਿਦਿਆਰਥੀ

ਸਮਾਂ ਬਦਲਿਆ ਸਿਸਟਮ ਨੇ ਗੇੜ ਖਾਧਾ, ਟੀਚਰ ਬੱਚਿਆ ਤੋਂ ਕੰਨੀ ਕਤਰਾਂਵਦੇ ਨੇ।
ਗ਼ਲਤੀ ਨਾਲ ਵੀ ਬੱਚੇ ਨੂੰ ਜੇ ਚਪੇੜ ਵੱਜੇ, ਮਾਪੇ ਟੀਚਰ ਨੂੰ ਕੋਰਟ ਪਹੁੰਚਵਦੇ ਨੇ।
ਪੁਰਾਣੇ ਸਮੇਂ ਦੀ ਗਲ ਸਾਂਝੀ ਕਰਨ ਲੱਗਾ, ਬੱਚੇ ਮਾਸਟਰ ਦਾ ਕਿਹਾ ਨਾ ਮੋੜ ਦੇ ਸੀ।
ਕੰਨ ਪੁੱਟ ਰਖੋ ਇਹਨਾਂ ਬੱਚਿਆ ਦੇ, ਮਾਪੇ ਮਾਸਟਰ ਜੀ ਅੱਗੇ ਹੱਥ ਜੋੜਦੇ ਸੀ।
ਮਾਸਟਰ ਵੜਦਾ ਜਦੋਂ ਕਲਾਸ ਅੰਦਰ, ਕਲਾਸ ਸਾਰੀ ਹੀ ਉਠ ਕੇ ਖੜੋ ਜਾਂਦੀ।
ਡੰਡਾਂ ਮਾਰਦਾ ਸੀ ਕਿਤੇ ਮੇਜ਼ ਉਤੇ, ਕਈ ਮੁੰਡਿਆਂ ਦੀ ਪੈਂਟ ਗਿੱਲੀ ਹੋ ਜਾਂਦੀ।
ਕਲਾਸ ਟੀਚਰ ਜੋ ਦਸਵੀਂ ਜਮਾਤ ਵਾਲਾ, ਜਿਹੜਾ ਮੁੰਡਿਆਂ ਦੇ ਕੰਨ ਰੋਜ਼ ਪੁੱਟਦਾ ਸੀ।
ਲਤਾਂ ਬੱਲਿਉਂ ਦੀ ਕੰਨ ਫੜਾ ਪਹਿਲਾਂ, ਪਿਛੋਂ ਡੰਡੇ ਠਾਹ ਮਾਰਕੇ ਕੁੱਟਦਾ ਸੀ।
ਪਾਸੇ ਵਟਕੇ ਮੁੰਡੇ ਸਾਰਾ ਦਿਨ ਕੱਢਣ, ਸਿੱਧਾ ਚੌਕੜੀ ਨਾ ਮਾਰ ਬਹਿ ਹੁੰਦਾ ਸੀ।
ਦੁਖੀ ਬੜੇ ਸੀ ਮਾਸਟਰ ਦੀ ਮਾਰ ਕੋਲੋਂ, ਔਪਰ ਮੂੰਹ ਤੇ ਨਾ ਮਾਸਟਰ ਦੇ ਕਹਿ ਹੁੰਦਾ।
ਸਾਰਾ ਦਿਨ ਸ਼ੂਲੀ ਤੇ ਰਹਿੰਦੀ ਜਾਨ ਟੰਗੀ, ਅੱਧੀ ਛੁੱਟੀ ਵੇਲੇ ਥੋੜਾ ਹੱਸਦੇ ਸੀ।
ਚੋਰੀ ਘਰਦਿਆਂ ਤੋਂ ਰੋੜਾ ਤਾਕੇ ਦੇਣ ਸੇਕਾ, ਮਾਂ ਪਿਉ ਨੂੰ ਨਾ ਡਰਦੇ ਦੱਸਦੇ ਸੀ।
ਮਾਸਰਟ ਅੱਗੇ ਨਹੀਂ ਸੀ ਜ਼ੋਰ ਚੱਲਦਾ, ਬਾਹਰ ਹੱਥਾਂ ਨੂੰ ਦੰਦੀਆਂ ਵੱਡਦੇ ਸੀ।
ਕਲਾਸ ਵਿਚ ਰੋਜ਼ ਛਿੱਤਰ ਪਰੇਡ ਹੁੰਦੀ, ਕੰਢ ਪਿਛੋਂ ਉਹਨੂੰ ਗਾਲਾਂ ਕੱਡਦੇ ਸੀ।
ਪੇਪਰ ਬੋਰਡ ਦੇ ਕਿਸੇ ਨਹੀਂ ਫੇਲ ਹੋਣਾ, ਹੋਇਆ ਫੇਲ ਜਿਹੜਾ ਉਹਨੂੰ ਨਹੀਂ ਛੱਡਣਾ ਮੈਂ।
ਜਿਹੜਾ ਫੇਲ ਹੋਕੇ ਆਇਅ ਕਲਾਸ ਅੰਦਰ, ਉਹਨੂੰ ਸਕੂਲ ਵਿਚੋਂ ਬਾਹਰ ਕੱਡਣਾ ਮੈਂ।
ਲਾਗੇ ਪੇਪਰਾਂ ਦੇ ਆਇਆ ਕਲਾਸ ਅੰਦਰ, ਮੇਜ ਕਰ ਲਾਗੇ ਕੁਰਸੀ ਤੇ ਬਹਿਣ ਲੱਗਾ।
ਪੂਰੇ ਟੋਹਰ ਵਾਲੇ ਕਪੜੇ ਪਾਕੇ ਆਉਣਾ ਕੱਲ ਨੂੰ, ਟਾਈ ਆਪਣੀ ਜ਼ਰਾ ਢਿੱਲੀ ਕਰਕੇ ਕਹਿਣ ਲੱਗਾ
ਫੋਟੋਗਰਾਫਰ ਨੂੰ ਸੱਦਿਆ ਸਕੂਲ ਅੰਦਰ, ਤੁਹਾਡਾ ਗਰੁੱਪ ਫੋਟੋ ਵੱਡਾ ਖਿਚਾਵਣਾ ਏ।
ਇਕ-ਇਕ ਕਾਪੀ ਸ਼ੀਸ਼ੇ ਵਿਚ ਮੜ੍ਹਣੀ, ਇਕ ਵੱਡਾ ਫੋਟੋ ਦਫ਼ਤਰ ਵਿਚ ਲਾਵਣਾ ਏ।
ਪੰਦਰਾਂ-ਬੀਹ ਸਾਲਾਂ ਬਾਦ ਫੋਟੋਂ ਨੂੰ ਵੇਖ ਕੇ ਤੇ, ਦਸਵੀਂ ਕਲਾਸ ਦੀ ਯਾਦ ਤੁਹਾਨੂੰ ਆ ਜਾਣੀ।
ਨਿੱਕੇ ਹੁੰਦੇ ਸੀ ਪੜਦੇ ਸੀ ਜੋ ਨਾਲ ਸਾਡੇ, ਫਿਰ ਬੀਤਿਆਂ ਦੀ ਯਾਦ ਦੁਹਰਾ ਜਾਣੀ।
ਕੋਈ ਬਣੂ ਅਫਸਰ ਕੋਈ ਬਣੂ ਲੀਡਰ, ਕੋਈ ਸੱਤ ਸਮੁੰਦਰਾਂ ਤੋਂ ਪਾਰ ਹੋ ਜਾਉ।
ਕੋਈ ਬਣੂਗਾ ਬਾਬੂ ਸਟੇਟ ਬੈਂਕ ਵਾਲਾ, ਕੋਈ ਫੌਜੀ ਦੇਸ਼ ਕੌਮ ਦਾ ਪਹਿਰੇ ਦਾਰ ਹੋ ਜਾਉ।
ਕੋਈ ਟੱਲੀ ਖੜਕਾਉ ਸਕੂਲ ਵਾਲੀ, ਕੋਈ ਵਕੀਲ ਪਟਵਾਰੀ ਤਸੀਲਦਾਰ ਲੱਗੂ,
ਬੂਟ ਪਾਲਸ਼ਾਂ ਕਰੂ ਕੋਈ ਟੇਸ਼ਨਾਂ ਤੇ, ਕੋਈ ਜੱਜ ਕੋਈ ਥਾਣੇਦਾਰ ਲੱਗੂ।
ਯਾਦਾਂ ਸਟੂਡੈਂਟਾਂ ਲਾਈਫ ਦੀਆਂ ਨਾ ਭੁੱਲਣੀਆਂ ਨੇ, ਤੁਹਨੂੰ ਬਚਪਨ ਦੀ ਯਾਦ ਸਤਾਏਗੀ ਜੀ।

ਮੁੰਡਾ ਇਕ ਸ਼ਰਾਰਤੀ ਉਠ ਕੇ ਕਹਿਣ ਲੱਗਾ, ਸਾਨੂੰ ਤੁਹਾਡੀ ਵੀ ਬੜੀ ਯਾਦ ਆਏਗੀ ਜੀ।
ਸੁਣਕੇ ਮਾਸਟਰ ਦੀ ਛਾਤੀ ਹੋ ਗਈ ਗਜ਼ ਚੌੜੀ, ਖ਼ੁਸ਼ੀ ਵਿਚ ਹੁਲਾਰੇ ਜਿਹੇ ਲੈਣ ਲੱਗਾ।
ਡੰਡਾ ਚੁੱਕ ਕੇ ਉਸ ਖੂੰਜੇ ਵਿਚ ਧਰਿਆ, ਬਲੈਕ ਬੋਰਡ ਦੇ ਲਾਗੇ ਆਕੇ ਕਹਿਣ ਲੱਗਾ।
ਗੁਰੂ ਚੇਲੇ ਦਾ ਰਿਸ਼ਤਾ ਥੋੜਾ ਵੱਖਰਾ ਏ, ਪਿਤਾ ਪੁੱਤਰ ਦੇ ਨਾਲੋਂ ਅਜੀਬ ਹੁੰਦਾ।
ਵਿੱਦਿਆ ਕਰਮਾਂ ਤੋਂ ਵਾਜ਼ ਨਾ ਮਿਲੇ ਸਭ ਨੂੰ, ਮਿਲੇ ਉਹਨੂੰ ਜਿਹਦਾ ਚੰਗਾ ਨਸੀਬ ਹੁੰਦਾ।
ਪੁਛੇ ਕੀ ਕਹਿਕੇ ਕਰੋਗੇ ਯਾਦ ਮੈਨੂੰ, ਨਾਲੇ ਬੁਲ੍ਹੀਆਂ ਵਿਚੋਂ ਮਿੱਠਾ ਮਿੱਠਾ ਹੱਸਦਾ ਏ।
ਮੁੰਡਾ ਆਪਣੀ ਜਗ੍ਹਾ ਤੋਂ ਇੱਕ ਉਠ ਖੜਿਆ, ਕੰਨ ਖੁਰਚ ਕੇ ਮਾਸਟਰ ਜੀ ਨੂੰ ਦੱਸਦਾ ਏ।
ਸਮਾਂ ਬੀਤ ਦਾ ਬੀਤ ਦਾ ਬੀਤ ਜਾਂਦਾ, ਬੀਤੇ ਸਮੇਂ ਜੋ ਪੁਰਾਣੇ ਇਤਿਹਾਸ ਹੋ ਗਏ।
'ਮੋਹਣ' ਆਖਦਾ ਦੱਸਾਂਗੇ ਬੱਚਿਆ ਨੂੰ, ਸਾਡੇ ਮਾਸਟਰ ਜੀ ਵਿਚਾਰੇ ਸਵਰਗਵਾਸ ਹੋ ਗਏ।

ਖੁੱਲ੍ਹਾ ਦਰਬਾਰ ਸਾਡੇ ਪਿੰਡ ਵਿਚ

ਧਰਕੇ ਰਿਕਸ਼ੇ ਤੇ ਸਪੀਕਰ ਮੁਨਿਆਦੀ ਕਰੀ ਜਾਂਦਾ, ਤੁਹਾਡੇ ਪਿੰਡ ਵਿਚ ਖੁੱਲ੍ਹਾ ਦਰਬਾਰ ਲੱਗਣਾ ਏ
ਇਲਾਕਾ ਨਿਵਾਸੀਉ ਸੁਣੋ ਧਿਆਨ ਨਾਲ ਸਾਰੇ, ਸਾਰੇ ਮਹਿਕਮੇ ਦੇ ਅਫ਼ਸਰਾਂ ਨੂੰ ਸੱਦਣਾ ਏ।
ਮੁਸ਼ਕਿਲ ਸਾਰਿਆਂ ਦੀ ਮੌਕੇ ਤੇ ਹੱਲ ਹੋਜੂ, ਸਭ ਕਾਮੇ ਤੇ ਮਾਲਕ ਤੇ ਸਰਦਾਰ ਪੁੱਜੋ।
ਡੀਸੀ ਆਪ ਮੌਕੇ ਤੇ ਅਸਲਾ ਚੈਕ ਕਰਨਾ, ਆਪਣੇ ਲੈਕੇ ਲਾਇਸਾਂਸੀ ਹਥਿਆਰ ਪੁੱਜੋ।
ਬਿਜਲੀ ਬੋਰਡ ਦੇ ਮੈਂਬਰ ਸਟਾਫ ਔਣੇ, ਐਸਡੀਓ, ਐਕਸ਼ੀਅਨ, ਅਤੇ ਫੋਰਮੈਨ ਔਣਾ।
ਮੁਨਸ਼ੀ, ਕਨੂੰਗੋ, ਪਟਵਾਰੀ, ਤਸੀਲਦਾਰ ਨਾਲੇ, ਐਸਡੀਓ, ਐਸਐਚਓ, ਮੌਕੇ ਤੇ ਚੇਅਰਮੈਨ ਔਣਾ।
ਖੁੱਲ੍ਹੇ ਪੰਡਾਲ ਵਿਚ ਬੀਹ, ਪੰਚੀ, ਲਾਏ ਤੰਬੂ, ਅਫਸਰ ਕੁਰਸੀਆਂ ਤੇ ਟਾਈਆਂ ਸਵਾਰ ਬੈਠੇ।
ਹਰ ਇਕ ਤੰਬੂ ਦੇ ਬਾਹਰ ਬੈਨਰ ਟੰਗ ਲਿਖਿਆਂ, ਇਥੇ ਮੁਨਸ਼ੀ, ਇਥੇ ਥਾਣੇਦਾਰ ਬੈਠੇ।
ਅਰਜੀ ਨਵੀਸ ਕੋਲ ਲਾਈਨਾਂ ਲੱਗੀਆਂ ਸੀ, ਹਰ ਕੋਈ ਆਪਣੀ ਦਰਖ਼ਾਸਤ ਲਿਖਾਈ ਜਾਂਦਾ।
ਫੋਟੋਗਰਾਫਰ ਇਕ ਖੂੰਜੇ ਵਿਚ ਬੈਠਾ, ਜਿਹਨੂੰ ਲੋੜ ਪਵੇ ਫੋਟੋ ਖਿਚਾਈ ਜਾਂਦਾ।
ਮੈਡਮ ਅੰਗਣਵਾੜੀ ਵਾਲੀ ਕਰ ਜਵਾਕ ਇਕੱਠੇ, ਭੁਜੀਆ, ਮੂੰਗਫਲੀ ਤੇ ਛੋਲੇ ਵਰਤਾਈ ਜਾਂਦੀ।
ਬੈਠੀ ਕੁਰਸੀ ਤੇ ਮੇਜ਼ ਤੇ ਮਾਰ ਡੰਡਾ, ਪਹਾੜਾ ਦੋ ਦੂਣੀ ਚਾਰ ਪੜਾਈ ਜਾਂਦੀ।
ਲਾਗੇ ਬੈਠਾ ਇਕ ਸਿਹਤ ਵਿਭਾਗ ਵਾਲਾ, ਮੂਧੇ ਮਾਰਕੇ ਦੋ ਦੋ ਟੀਕੇ ਲਾਈ ਜਾਂਦਾ।
ਢਿੱਡ ਪੀੜ, ਸਿਰ ਦੁੱਖਦਾ, ਬੁਖਾਰ ਹੋਵੇ, ਇਕੋ ਡੱਬੀ ਚੋਂ ਕੁਨੈਨ ਖਵਾਈ ਜਾਂਦੀ।
ਫੋਟੋ ਆਪਣੀ ਨਾ ਬਿਨਾਂ ਪਛਾਣ ਚੱਲੇ, ਟੈਸਟ ਹੋਕੇ ਫਾਰਮ ਤੇ ਲੱਗਦੀ ਏ।
ਪੰਡਾਲ ਵੇਖਦਿਆਂ ਸਾਰਾ ਭਰਪੂਰ ਹੋਇਆ, ਕਿਤੇ ਖਲੋਣ ਨੂੰ ਥਾਂ ਨਾ ਲੱਭਦੀ ਏ।
ਨੋਟਰੀ ਪਬਲਿਕ ਦਾ ਇਕ ਵਕੀਲ ਬੈਠਾ, ਟੈਸਟ ਕਰਕੇ ਮੋਹਰਾਂ ਉੱਤੇ ਲਾਈ ਜਾਂਦਾ।
ਉਹਦੇ ਵਰਗਾ ਲਾਗੇ ਇਕ ਹੋਰ ਬੈਠਾ, ਹਰੇ ਰੰਗ ਦਾ ਪੈੱਨ ਚਲਾਈ ਜਾਂਦਾ
ਕਰਜ਼ਾ ਲੈਣ ਵਾਲਿਆਂ ਦੀ ਲੰਮੀ ਲਾਇਨ ਲੱਗੀ, ਪਟਵਾਰੀ ਫਰਦਾਂ ਤੇ ਅੰਗੂਠੇ ਲਵਾ ਰਿਹਾ ਏ।
ਕਰਜ਼ਾ ਦੇਣ ਵਾਲਾ ਉਹਨਾਂ ਤੇ ਲਾ ਮੋਹਰਾਂ, ਆਪਣੀ ਫਾਇਲ ਦੇ ਵਿਚ ਟਕਾ ਰਿਹਾ ਏ ।
ਬਣੀ ਵੀਡਿਉ ਵੀ ਫੋਟੋ ਵੀ ਖਿੱਚੀਆਂ ਨੇ, ਕੁਝ ਇਲਾਕੇ ਵਾਲੇ ਪੱਤਰਕਾਰ ਪੁੱਜੇ।
ਇਕ ਪਾਸੇ ਅਖਾੜਾ ਵੱਡਾ ਲੱਗਿਆ ਸੀ, ਗਾਉਣ ਵਾਲੇ ਸੀ ਕੁਝ ਫ਼ਨਕਾਰ ਪੁੱਜੇ।
ਸਾਡੇ ਪਿੰਡ ਦਾ ਅਖ਼ਬਾਰ ਵਿਚ ਨਾਮ ਆਉਣਾ, ਪਿੰਡ ਵਾਲਿਆਂ ਨੇ ਹਲਵਾਈ ਬੈਠਾ ਦਿੱਤਾ
ਸਰਦੇ ਪੁਜਦਿਆਂ ਨੇ ਮਾਇਆ ਕੁਝ ਕਰ ਇਕੱਠੀ, ਗਰਮ ਜਲੇਬੀਆਂ ਤੇ ਚਾਹ ਦਾ ਲੰਗਰ ਲਾ ਦਿੱਤਾ।
ਸਵਾ ਦੋ ਵਜੇ ਡੀਸੀ ਨੂੰ ਫੋਨ ਆਇਆ, ਮੁੱਖ ਮੰਤਰੀ ਹੈਲੀਕਾਪਟਰ ਤੇ ਆ ਰਹੇ ਨੇ।
ਸੁਣ ਦੇ ਸਾਰ ਸਾਰੇ ਮਹਿਕਮੇ ਨੂੰ ਪਈ ਭਾਜੜ, ਸਾਰੇ ਰਾਹਾਂ ਤੇ ਚੁਨਾ ਕਲੀਆਂ ਵਿਛਾ ਰਹੇ ਨੇ।
ਹੈਲੀਕਾਪਟਰ ਵਿਚੋਂ ਸੀ ਐਮ ਬਾਹਰ ਆਇਆ, ਵੇਖਿਆ ਕੰਮ ਸਾਰਾ ਠੀਕ ਠਾਕ ਚੱਲਦਾ ਏ।

ਜਿੰਦਾਬਾਦ ਦੇ ਉੱਚੀ ਨਾਰੇ ਲਾਏ ਲੋਕਾਂ, ਅੱਗੇ ਹੋਰ ਜਣਾ ਜਾਕੇ ਸੀਟ ਮੱਲਦਾ ਏ।
ਮਿੰਟਾ ਵਿਚ ਉਡਾਰੀ ਪਿੱਛੇ ਮਾਰ ਮੁੜਿਆ, ਪਬਲਿਕ ਵੇਖਦੀ ਉਹਨਾਂ ਵੱਲੇ ਰਹਿ ਗਈ ਏ।
ਧੰਨ ਭਾਗ ਆਪਣੇ ਆਪ ਨੂੰ ਕਹਿਣ ਸਾਰੇ, ਧੂੜ ਜਿਨਾਂ ਤੇ ਹੈਲੀਕਾਪਟਰ ਦੀ ਪੈ ਗਈ ਏ।
ਸ਼ਾਮਾਂ ਪੰਜ ਵਜੇ ਤੱਕ ਦਰਬਾਰ ਦੀ ਰਹੀ ਰੌਣਕ, ਬਾਂਸ ਪੁਟੇ ਫੇਰ ਚਾਨਣੀਆਂ ਲਹਾਉਣ ਲੱਗੇ।
ਪਿਛੇ ਸਾਰਾ ਦਿਨ ਭੁਖੇ ਤਿਹਾਏ ਰਹੇ ਡੰਗਰ, ਜਾਕੇ ਡੰਗਰਾਂ ਨੂੰ ਲੋਕੀ ਪੱਠੇ ਪਾਉਣ ਲੱਗੇ।
ਲੈਣ ਅਫਸਰ ਨੂੰ ਆਈ ਇਕ ਵੈਨ ਵੱਡੀ, ਜਾਂਦੇ ਤੰਬੂ ਉਹ ਆਪਣੇ ਆਪ ਪੁੱਟ ਗਏ ਨੇ।
ਦਰਖਾਸ਼ਾਂ ਲੋਕਾਂ ਦੀਆਂ ਬੰਨ੍ਹ ਕੇ ਜੋ ਬਣੇ ਬੰਡਲ, ਵੱਗਦੀ ਨਹਿਰ ਵਿਚ ਜਾਂਦੇ ਜਾਂਦੇ ਸੁੱਟ ਗਏ ਨੇ
ਸੁਬ੍ਹਾ ਟੀਵੀ, ਅਖ਼ਬਾਰਾਂ ਤੇ ਖ਼ਬਰ ਲੱਗੀ, ਸਾਰੇ ਪੇਪਰਾਂ ਤੇ ਖ਼ਬਰਾਂ ਮਸ਼ਹੂਰ ਹੋਈਆਂ।
ਪਿੰਡ 'ਮੋਹਣ' ਦੇ ਸੀ ਖੁੱਲ੍ਹਾ ਦਰਬਾਰ ਲੱਗਾ, ਮੌਕੇ ਉੱਤੇ ਸ਼ਕਾਇਤਾਂ ਸਭ ਦੂਰ ਹੋਈਆਂ।

ਰੰਗੀ ਹੱਥੀ ਫੜਿਆ ਚੋਰ

ਚੋਰੀ ਕਰਨ ਲਈ ਚੋਰ ਕਿਸੇ ਘਰ ਵੜਿਆ, ਮਾਲ ਕੀਮਤੀ ਸਾਰਾ ਇਕੱਠਾ ਕਰੀ ਜਾਂਦਾ।
ਖੋਲ ਅਲਮਾਰੀਆਂ ਗਹਿਣੇ ਲੁਟ-ਪੁਟ ਸਾਰੇ, ਬੈਗ ਆਪਣੇ ਤੁਨ ਕੇ ਭਰੀ ਜਾਂਦਾ।
ਭੁੱਖ ਲੱਗੀ ਰਸੋਈ ਵਿਚ ਜਾ ਵੜਿਆ, ਇਕ ਡੱਬੀ ਨੂੰ ਫੜ ਕੇ ਹਲਾਂਵਦਾ ਏ।
ਡੱਬੀ ਵਿਚੋਂ ਮਿਰਚਾਂ ਬੁੜਕ ਬਾਹਰ ਆਈਆਂ, ਫੇਰ ਛਿੱਕਾਂ ਤੇ ਛਿੱਕਾਂ ਲਗਾਵਾਂਦਾ ਏ।
ਛਿੱਕਾਂ ਸੁਣ ਕੇ ਘਰ ਵਾਲੇ ਨੂੰ ਜਾਗ ਆਈ, ਜਾਪੇ ਚੋਰ ਕੋਈ ਘਰਵਾਲੀ ਨੂੰ ਕਹਿਣ ਲੱਗਾ।
ਉਧਰ ਚੋਰ ਸੋਚੇ ਮਿਰਚਾਂ ਕਾਹਤੋਂ ਛੇੜ ਬੈਠਾ, ਅੱਖਾਂ ਨਾਸਾਂ ਵਿਚੋਂ ਪਾਣੀ ਵਹਿਣ ਲੱਗਾ।
ਜਦੋਂ ਦੋਹਾਂ ਨੇ ਚੋਰ ਨੂੰ ਵੇਖਿਆ ਜਾ, ਚੋਰ ਅੱਖਾਂ ਖੋਲਦਾ ਕਦੇ ਮੀਟਦਾ ਏ।
ਚੋਰ ਬਾਹਾਂ ਛੁਡਾਕੇ ਬਾਹਰ ਭੱਜੇ, ਜੋੜਾ ਫੜ ਕੇ ਅੰਦਰ ਘਸੀਟਦਾ ਏ।
ਸਾਡੇ ਤਿੰਨ ਮਣ ਪੱਕੇ ਦੀ ਸੀ ਘਰਵਾਲੀ, ਉਹਨੇ ਚੋਰ ਨੂੰ ਸੁੱਟ ਲੰਮਾ ਪਾਇਆ ਏ।
ਬਚੂ ਮੇਰੇ ਥਾਲਿਉਂ ਨਿਕਲ ਵਿਖਾ ਮੈਨੂੰ, ਮੂਧਾ ਮਾਰ ਉਤੇ ਚੌਂਕੜਾ ਲਾਇਆ ਏ।
ਥੱਲੇ ਪਿਆ ਚੋਰ ਵਿਸ ਜਿਹੀ ਜਾਏ ਘੋਲੀ, ਖਿੱਚ-ਧੱਚ ਕੇ ਸਾਹ ਔਖੇ ਲੈਣ ਲੱਗਾ।
ਘਰਵਾਲੀ ਸੋਚੇ ਕਿਤੇ ਨਾ ਚੋਰ ਮਰ ਜੇ, ਕੋਰਟ ਕਚਹਿਰੀਆਂ ਦਾ ਫਿਕਰ ਉਹਨੂੰ ਪੈਣ ਲੱਗਾ
ਘਰ ਵਾਲੇ ਨੂੰ ਆਖੇ ਇਹਨੂੰ ਨਾ ਜਾਣ ਦਿੰਦੀ, ਲਾਗੇ ਚੌਂਕੀ ਵਿਚ ਰਪਟ ਲਿਖਾ ਜਾਕੇ।
ਰੰਗੇ ਹੱਥੀ ਫੜਿਆ ਲਵਾਈਏ ਇਹਨੂੰ ਹੱਥਕੜੀਆਂ, ਠਾਣੇ ਵਿਚੋਂ ਕੋਈ ਸਿਪਾਹੀ ਲਿਆ ਜਾਕੇ।
ਘਰਵਾਲਾ ਅੰਦਰ ਬਾਹਰ ਗੇੜੇ ਦਈ ਜਾਵੇ, ਕਹਿੰਦਾ ਜੁੱਤੀ ਖ਼ਬਰੇ ਕਿਧਰ ਗਵਾ ਬੈਠਾ।
ਚੇਤਾ ਆਂਵਦਾ ਨਾ ਮੈਨੂੰ ਦੱਸ ਭਾਗਵਾਨੇ, ਜੁੱਤੀ ਆਪਣੀ ਪਤਾ ਨੀ ਕਿਥੇ ਲਾਹ ਬੈਠਾ।
ਘਰਵਾਲੀ ਅੱਗੋਂ ਜੁਵਾਬ ਦਿੱਤਾ, ਥੱਲੇ ਮਰ ਗਿਆ ਚੋਰ ਉਦੋਂ ਜਾਵੇਂਗਾ ਤੂੰ।
ਕੇਸ ਕਤਲ ਦਾ ਆਪਣੇ ਸਿਰ ਪੈ ਜਾਣਾ, ਸਾਰਾ ਟੱਬਰ ਪਿੱਛੇ ਸੀਖਾਂ ਕਰਾਏਂਗਾ ਤੂੰ।
ਥਲਿਉਂ ਚੋਰ ਚੀਕਾਂ ਮਾਰ ਕੇ ਕਹਿਣ ਲੱਗਾ, ਭਾਰੇ ਬੁਲਡੋਜ਼ਰ ਤੋਂ ਜਾਨ ਛੁਡਾ ਮੇਰੀ।
ਵਾਸਤਾ ਰੱਬ ਦਾ ਜੁੱਤੀ ਨਾ ਲੱਭਦੀ ਏ, ਚੋਰ ਆਖਦਾ 'ਗੁਰਮੋਹਣ' ਜੁੱਤੀ ਪਾ ਮੇਰੀ।

ਬੱਸ ਵਿਚ ਡਕੈਤੀ

ਸੁੰਨ ਮਸਾਣ ਜਗ੍ਹਾ ਜੰਗਲ ਵਿਚ ਵੇਖ ਨੇਰਾ, ਲੋਕਲ ਬੱਸ ਨੂੰ ਡਾਕੂਆਂ ਘੇਰਾ ਪਾ ਲਿਆ ਏ।
ਖ਼ਬਰਦਾਰ ਹੁਸ਼ਿਆਰੀ ਨਾ ਵਰਤੇ ਕੋਈ, ਸਾਰੀ ਬੱਸ ਨੂੰ ਬੰਦੀ ਬਣਾ ਲਿਆ ਏ।
ਪਿਸਟਲ ਰੱਖ ਡਰਾਇਵਰ ਦੇ ਕੰਨ ਉਤੇ, ਸਰਦਾਰ ਡਾਕੂਆਂ ਦਾ ਉਚੀ ਦੇਣੇ ਕਹਿਣ ਲੱਗਾ।
ਹਿੱਲੇ ਕੋਈ ਨਾ ਆਪਣੀ ਸੀਟ ਉਤੋਂ, ਕਹਿਰ ਸਵਾਰੀਆਂ ਤੇ ਡਾਕੂਆਂ ਦਾ ਢਹਿਣ ਲੱਗਾ।
ਕਾਂਟੇ, ਨੱਤੀਆਂ, ਗਾਨੀਆਂ, ਮੁਰਕੀਆਂ, ਝੁਮਕੇ, ਬਟੂਏ, ਫੋਨ, ਛਾਪਾਂ, ਲੁਹਾਈ ਜਾਂਦੇ।
ਵੱਡੇ-ਵੱਡੇ ਬੈਗ ਉਹਨਾਂ ਕੋਲ ਰੱਖੇ, ਸਭ ਲੁਟਕੇ ਉਹਨਾਂ ਵਿਚ ਪਾਈ ਜਾਂਦੇ।
ਸੂਟ ਕੇਸ ਝੋਲਾ ਕੋਈ ਛੱਡਿਆ ਨਾ, ਸਿਗਰਟ, ਬੀੜੀਆਂ ਤਾਂਈ ਕਢਾਉਣ ਲੱਗੇ।
ਮਾਰੇ ਭੁੱਖ ਦੇ ਬੱਸ ਵਿਚ ਕਿਥੋਂ ਆਣ ਵੜ ਗਏ, ਕੇਲੇ ਸੇਬ ਸਵਾਰੀਆਂ ਤੋਂ ਖੋਹ ਕੇ ਖਾਣ ਲੱਗ ਗਏ
ਬੋਤਲਾਂ ਨਿਪਲਾਂ ਵਾਲੀਆਂ ਖੋਹ ਲੀਆਂ ਬੱਚਿਆਂ ਤੋਂ, ਐਨਕਾਂ ਨਜ਼ਰਾਂ ਵਾਲੀਆਂ ਬੁਢਿਆਂ ਤੋਂ ਲਾਹ ਲਈਆਂ।
ਇੱਕ ਬਜ਼ੁਰਗ ਤੋਂ ਕੰਨਾਂ ਦੀ ਮਸ਼ੀਨ ਖੋਹ ਲਈ, ਕੈਂਚੀ ਚੱਪਲਾਂ ਵੀ ਪੈਰੋਂ ਲੁਹਾ ਲਈਆਂ।
ਇਕ ਮਾਤਾ ਬੁਢੀ ਤੋਂ ਉਸ ਦੀ ਖੋਹੀ ਖੂੰਡੀ, ਗਾਲਾਂ ਕੱਢੇ ਉਹਦੇ ਬਣਾਉਟੀ ਦੰਦ ਲੈ ਗਏ।
ਇਕ ਪੇਂਟਰ ਸੀ ਤਸਵੀਰਾਂ ਬਣਾਉਣ ਵਾਲਾ, ਡੱਬਾ ਖੋਕੇ ਪੇਂਟਿਗ ਤੇ ਰੰਗ ਲੈ ਗਏ।
ਇਕ ਅਮਲੀ ਤੋਂ ਉਸ ਦੀ ਖੋਹੀ ਭੁੱਕੀ, ਨਾਲੇ ਜ਼ਰਦੇ ਦੀ ਪੁੜੀ ਵੀ ਖੋਹ ਲਈ ਏ।
ਇਕ ਭਈਏ ਤੋਂ ਤਾਸ਼ ਦੀ ਖੋਹੀ ਡੱਬੀ, ਇਕ ਦੀ ਰੋਟੀ ਦੀ ਡੱਬੀ ਲਕੋ ਲਈ ਏ।
ਕਿੰਨੇ ਲੱਖ ਗਿਣੋ ਕਿੰਨਾਂ ਮਾਲ ਹੋਇਆ, ਪੂਰਾ ਦਬਕਾ ਵੱਡੇ ਸਰਦਾਰ ਦਾ ਏ।
ਛੋਟੇ ਡਾਕੂ ਨੇ ਅਟਾ-ਸੱਟਾ ਲਾ ਦੱਸਿਆ ਏ, ਸਾਰਾ ਮਾਲ ਕੁੱਲ ਸੱਤਰ ਹਜ਼ਾਰ ਦਾ ਏ।
ਮਾਰੀ ਭੁੱਖ ਦੀ ਬੱਸ ਕਿਥੋਂ ਲੁੱਟ ਬੈਠੇ, ਤਾੜੀ ਮਾਰ ਸਵਾਰੀਆਂ ਤੇ ਹੱਸਦਾ ਏ।
ਲੰਮੇ ਰੂਟ ਵਾਲੀ ਬੱਸ ਦੇਖ ਕੇ ਲੁੱਟੀ ਦੀ ਏ, ਵੱਡਾ ਡਾਕੂ ਛੋਟੇ ਡਾਕੂਆਂ ਨੂੰ ਦੱਸਦਾ ਏ।
ਲੁਟਿਆ ਮਾਲ ਸਭ ਇਹਨਾਂ ਦਾ ਮੋੜ ਛੱਡੋ, ਵੱਡਾ ਡਾਕੂ ਛੋਟਿਆਂ ਨੂੰ ਆਖਦਾ ਏ।
ਸੁਣਕੇ ਸਵਾਰੀਆਂ ਸਭ ਸੋਚਾਂ ਵਿਚ ਪਈਆਂ, ਦਿਮਾਗ਼ ਹਿੱਲਿਆ ਡਾਕੂਆਂ ਦਾ ਜਾਪਦਾ ਏ।
ਮਾਲ ਆਪਣਾ ਪਛਾਣ ਲੋਕਾਂ ਮੋੜ ਖੜਿਆ, ਡਰਾਇਵਰ ਆਪਣੀ ਸੀਟ ਤੇ ਆਕੇ ਬਹਿਣ ਲੱਗਾ।
ਰਹਿਮ ਕੀਤਾ ਤੁਸਾਂ ਪੁਣ ਚੰਗਾ ਖੱਟਿਆ ਏ,
ਡਰਾਇਵਰ ਹੌਸਲਾ ਕਰ ਡਾਕੂਆਂ ਨੂੰ ਕਹਿਣ ਲੱਗਾ।
ਮੋੜ ਡਾਕੂਆਂ ਨੇ ਅੱਗੋਂ ਜੁਵਾਬ ਦਿੱਤਾ, ਮਾਲ ਲੱਖਾਂ ਦਾ ਸਮਝ ਅਸਾਂ ਲੁੱਟਿਆ ਸੀ।
ਤੀਹ ਹਜ਼ਾਰ ਘੱਟਦਾ 'ਗੁਰਮੋਹਣ' ਕਿਵੇਂ ਕਰੂ ਪੂਰਾ, ਇਕ ਲੱਖ ਸਾਡਾ ਪੁਲਸ ਨਾ ਮੁੱਕਿਆ ਸੀ।

ਬਿਜਲੀ ਬੋਰਡ ਦਾ ਸੀਵਿੰਗ ਪੂੱਲ

ਬਿਜਲੀ ਬੋਰਡ ਦੇ ਐਸਡੀਓ ਦੀ ਹੋਈ ਬਦਲੀ, ਨਵਾਂ ਆਕੇ ਚਾਰਜ ਸੰਭਾਲਦਾ ਏ।
ਨਵੇਂ ਕੰਮ ਨੂੰ ਅੰਡਰ-ਸਟੈਂਡ ਕਰਨ ਲਈ, ਸਭੇ ਫਾਇਲਾਂ ਪੜ੍ਹਕੇ ਖੰਗਾਲਦਾ ਏ।
ਕਹਿੰਦਾ ਬਾਕੀ ਦਾ ਕੰਮ ਮੈਨੂੰ ਠੀਕ ਜਾਪੇ, ਬੱਚੇ ਪੜਾਉਣ ਲਈ ਦਸੋ ਸਕੂਲ ਕਿੱਥੇ।
ਸੀਵਿੰਗ ਪੂਲ ਫਾਇਲਾਂ ਦੇ ਵਿਚ ਨਹਾਉਣ ਦੇ ਲਈ, ਕਿਤੇ ਨਜ਼ਰ ਨਾ ਆਉਂਦਾ ਸੀਵਿੰਗ ਪੂਲ ਇਥੇ
ਜਨਾਬ ਮੇਰੀ ਤਸੱਲੀ ਤਾਂ ਕਰੋ ਪਹਿਲਾਂ ਪੁਰਾਣੇ ਐਸਡੀਓ ਨੂੰ ਨਵਾਂ ਆਖਦਾ ਏ।
ਪੰਦਰਾਂ, ਬੀਹ, ਤੀਹ, ਦੀ ਤਾਂ ਗੱਲ ਛੱਡੋ, ਪੰਜ ਲੱਖ ਪੂਰੇ ਦਾ ਘਪਲਾ ਮੈਨੂੰ ਜਾਪਦਾ ਏ।
ਬਾਰੀ ਢੋਕੇ ਨਵੇਂ ਨੂੰ ਪਹਿਲਾਂ ਕਹਿਣ ਲੱਗਾ, ਐਵੇਂ ਟੈਸ਼ਨ ਨਾ ਬਹੁਤੀ ਵਧਾਈ ਦੀ ਏ।
ਕਬੀਲਦਾਰ ਦੋਵੇਂ ਰਾਸ਼ੀ ਵੀ ਇਕ ਸਾਡੀ, ਛਡੋ ਗੱਲ ਨਾਲ ਕੋਈ ਦਿਲ ਤੇ ਲਾਈ ਦੀ ਏ।
ਸੀਐਮ ਤੀਕਰ ਨਾ ਕੋਈ ਦੁੱਧ ਧੋਤਾ, ਇਥੇ ਪੀਐਮ ਤੱਕ ਦੇਸ਼ ਨੂੰ ਖਾਈ ਜਾਂਦਾ।
ਆਉਂਦੀ ਲਕਸ਼ਮੀ ਨੂੰ ਬੈਲਕਮ ਕਹਿਣ ਸਾਰੇ, ਜਿਥੇ ਲਗੇ ਦਾ ਹਰ ਕੋਈ ਲਗਦਾ ਲਾਈ ਜਾਂਦਾ।
ਹੈਲੀਕਾਪਟਰ ਤੋਪਾਂ ਵਾਲਮਾਰਟ ਖਾ ਗਏ, ਇਥੇ ਡੰਗਰਾਂ ਦਾ ਚਾਰਾ ਨਾ ਛੱਡਿਆ ਏ।
ਇਹ ਤਾਂ ਆਟੇ ਦੇ ਵਿਚ ਭੋਰਾ ਲੂਣ ਜਿਨਾਂ, ਜਿਹੜਾ ਪੰਜ ਲੱਖ ਤੁਸਾਂ ਨੇ ਕਢਿਆ ਏ।
ਇਮਾਨਦਾਰ ਅਫਸਰ ਨਾ ਕੋਈ ਟਿਕੇ ਇਥੇ, ਰਿਸ਼ਵਤ ਲੈਣੀ ਤੁਹਾਨੂੰ ਪੈਣੀ ਸਿੱਖਣੀ ਏ।
ਤਿੰਨ ਲੱਖ ਤੁਸਾਂ ਨੂੰ ਵੀ ਮਨਜ਼ੂਰ ਹੋਜੂ, ਇਕ ਦਰਖ਼ਾਸਤ ਬਿਜਲੀ ਬੋਰਡ ਵਲੋਂ ਲਿਖਣੀ ਏ।
ਵੇਰਵਾ ਪਾ ਦਿਉ ਡੁੱਬ ਕੇ ਮਰਨ ਬੰਦੇ, ਬਿਜਲੀ ਬੋਰਡ ਦਾ ਡੁੱਬ ਕੇ ਜਵਾਨ ਮੋਇਆ।
ਭਰਤੀ ਪਾਕੇ ਇਕ ਪਲੇਅਗਰਾਉਂਡ ਬਨਣਾ, ਤਿੰਨ ਬੱਚਿਆਂ ਦਾ ਜਾਨੀ ਨੁਕਸਾਨ ਹੋਇਆ।
ਬਿਜਲੀ ਬੋਰਡ ਸਟਾਫ ਮੈਂਬਰਾਂ ਦੇ ਲਾ ਅੰਗੂਠੇ, ਮੋਹਰ ਲਾਕੇ ਥੱਲੇ ਘੁੱਗੀ ਮਾਰ ਦੇਣੀ।
ਫੋਟੋ-ਸਟੇਟ ਕਾਪੀ ਆਪਣੇ ਕੋਲ ਰੱਖੋ, ਅਸਲੀ ਕਾਪੀ ਜੋ ਧੁਰ ਸਰਕਾਰ ਦੇਣੀ।
ਕੁਰਸੀ ਨਾਲ ਲੋਕਾਂ ਦਾ ਪੱਕਾ ਵਿਸ਼ਵਾਸ ਜੁੜਿਆ, ਐਵੇਂ ਨਜ਼ਾਇਜ਼ ਨਾ ਭੰਡਣਾ ਚਾਹੀਦਾ ਏ।
ਤਿਲ-ਫੁੱਲ ਮਿਲੇ ਜੋ ਵੀ ਪਰਵਾਨ ਕਰੀਏ, ਵੱਡੇ ਅਫਸਰਾਂ ਤੀਕਰ ਪਹੁੰਚਾਈਦਾ ਏ।
ਪੰਜ ਲੱਖ ਨਹੀਂ ਸਾਰਾ ਜੇਬ ਪਾਇਆ, ਸਰਦਾ ਪੁਜਦਾ ਕੁਝ ਗੋਲਕ ਵਿਚ ਪਾ ਦਿੱਤਾ।
ਨਗਰ ਕੀਰਤਨ ਬਿਜਲੀ ਬੋਰਡ ਕੋਲੋਂ ਲੰਘਿਆ ਸੀ, ਬਰੈਡ, ਪਕੋੜਿਆਂ ਦਾ ਲੰਗਰ ਲਾ ਦਿੱਤਾ
ਵੰਡ ਕੇ ਛਕੋ ਬਾਬੇ ਨਾਨਕ ਆਖਿਆ ਸੀ, ਉਹਦੇ ਬੋਲਾਂ ਦਾ ਪੂਰਾ ਸਤਿਕਾਰ ਕੀਤਾ।

ਚਾਰ ਲੱਖ ਤੇ ਤੀਹ ਸਾਨੂੰ ਕੈਸ਼ ਬਚਿਆ, ਐਕਸੀਅਨ ਨੂੰ ਸੱਤਰ ਹਜ਼ਾਰ ਦਿੱਤਾ।
ਕੰਮ ਤੁਹਾਡਾ ਵੀ ਹਫਤੇ ਵਿਚ ਹੋ ਜਾਣਾ, ਬੀਹ-ਤੀਹ ਐਕਸੀਅਨ ਤਾਂਈ ਪਹੁੰਚਾ ਛੱਡੋ।
ਮਾਇਆ ਨਾਗਣੀ ਬਣਕੇ ਨਾ ਲੜੇ ਕਿਧਰੇ, ਥੋੜਾ ਦਸਵੰਧ ਗੁਰੁ ਲੇਖੇ ਲਾ ਛੱਡੋ।
ਨਾ ਕੋਈ ਬਣਿਆ ਏ ਨਾ ਕੋਈ ਪੂਰ ਹੋਇਆ, ਇਥੇ ਮੋਇਆ ਨੇ ਵੇਖਣੇ ਆਵਣਾ ਏ।
ਪਹਿਲਾ ਬਣਿਆ ਸਮਾਂ ਪਾਕੇ ਪੂਰ ਦਿੱਤਾ, ਆਪਾਂ ਕਾਗਜ਼ਾਂ ਵਿਚ ਵਿਖਾਵਣਾ ਏ।
ਗੋਲ ਖਿਦੋ ਵੇਖਣ ਨੂੰ ਲੱਗੇ ਸੋਹਣੀ, ਇਹਨੂੰ ਫਰੋਲਿਆਂ ਲੀਰਾਂ ਹੀ ਨਿਕਲਣੀਆਂ ਨੇ।
ਰਿਸ਼ਵਤ ਖੋਰ ਮੇਰਾ ਭਾਰਤ ਮਹਾਨ ਕੀਤਾ, ਸ਼ੀਸ਼ਾ ਸਾਹਮਣੇ ਕਰ 'ਮੋਹਣ' ਕਾਵਿਤਾ ਲਿਖਣੀਆਂ ਨੇ।

ਭਗਤ ਤਰਲੋਚਨ

ਭਗਤ ਤਰਲੋਚਨ ਨੂੰ ਘਰਵਾਲੀ ਕਹਿਣ ਲੱਗੀ, ਪਿਛਲੀ ਉਮਰੇ ਨਾ ਖੱਪੀ ਖਪਾਈਦਾ ਏ।
ਕੰਮ ਇਕੱਲੀ ਤੋਂ ਨਾ ਨੇਪਰੇ ਚੜਨ ਸਾਰੇ, ਨਾਲ ਕੰਮ ਲਈ ਨੌਕਰ ਇਕ ਚਾਹੀਦਾ ਏ।
ਤੂੰ ਤਾਂ ਸਾਰਾ ਦਿਨ ਮਾਲਾ ਜਿਹੀ ਹੱਥ ਫੜਕੇ, ਹਰੀ-ਹਰੀ ਰਾਮ-ਰਾਮ ਜਪੀ ਜਾਨ।
ਘਰ ਵਿਚ ਢੱਗੀ ਨਾ ਵੱਛੀ ਕਿੱਦਾਂ ਨੀਂਦ ਆਵੇ ਤੈਨੂੰ, ਪੱਕੀ ਪਕਾਈ ਦੋਵੇਂ ਵੇਲੇ ਅ ਛੱਕੀ ਜਾਨਾ।
ਭਗਤ ਤੁਰ ਪਿਆ ਕੋਈ ਨੌਕਰ ਲੱਭਣੇ ਨੂੰ, ਖੇਤਾਂ ਵੱਲ ਨੂੰ ਉਹ ਤੁਰਿਆ ਜਾਂਵਦਾ ਏ।
ਉਹਨੇ ਤੱਕਿਆ ਇਕ ਮੁੱਛ ਫੁੱਟ ਮੁੰਡਾ, ਉਹਦੇ ਵੱਲ ਨੂੰ ਹੀ ਤੁਰਿਆ ਆਂਵਦਾ ਏ।
ਭਗਤ ਤਰਲੋਚਨ ਫੇਰ ਬਾਲਕ ਨੂੰ ਪੁੱਛ ਬੈਠਾ, ਨੌਕਰ ਰਹਿਣ ਲਈ ਤੂੰ ਹੈ ਤਿਆਰ ਕਾਕਾ?
ਦਿਹਾੜੀ ਰੋਜ਼ ਤੈਨੂੰ ਨਗਦੋ-ਨਗਦੀ ਮਿਲੂ ਤੈਨੂੰ, ਨਹੀਉ ਰੱਖਣਾ ਅਸੀ ਉਧਾਰ ਕਾਕਾ।
ਉਸ ਬਾਲਕ ਨੇ ਅੱਗੋਂ ਜੁਵਾਬ ਦਿੱਤਾ, ਇਕ ਸ਼ਰਤ ਦੇ ਉਤੇ ਨੌਕਰ ਰਹਾਂਗਾ ਮੈਂ।
ਕੰਮਾਂ ਵਿਚ ਉਲਾਮਾ ਮੈਂ ਨਹੀਂ ਆਉਣ ਦਿੰਦਾ, ਐਪਰ ਨਿੰਦਿਆਂ ਨਾ ਆਪਣੀ ਸਹਿਾਂਗਾ ਮੈਂ।
ਭਗਤ ਬਾਲਕ ਨੂੰ ਘਰ ਵੱਲ ਲੈ ਤੁਰਿਆ, ਘਰ ਬਾਹਰ ਤੇ ਵਾੜਾ ਵਿਖਾ ਦਿੱਤਾ।
ਇਸ ਨੌਕਰ ਨੂੰ ਮੰਦਾ-ਚੰਗਾ ਬੋਲਣਾ ਨਹੀਂ, ਘਰਵਾਲੀ ਨੂੰ ਸਾਰਾ ਸਮਝਾ ਦਿੱਤਾ।
ਘਰਵਾਲੀ ਨੂੰ ਕੰਮਾਂ ਵਿਚ ਸਾਹ ਮਿਲਿਆ, ਬੈਠੀ ਨੌਕਰ ਤੋਂ ਕੰਮ ਕਰਾਈ ਜਾਂਦੀ।
ਸ਼ਾਰਾ ਦਿਨ ਨੌਕਰ ਨੂੰ ਆਰੇ ਲਾਈ ਰੱਖੇ, ਰੋਟੀ ਲਾਹ ਛੱਡੇ ਹੁਕਮ ਚਲਾਈ ਜਾਂਦੀ।
ਇਕ ਦਿਨ ਇਕੱਲੀ-ਇਕੱਲੀ ਬੈਠੀ ਸੋਚਦੀ ਏ, ਮੁੰਡਾ ਖਾਣ ਵੇਲੇ ਥੋੜਾ ਸੰਗਦਾ ਏ।
ਫੁਲਕੇ ਚਾਰ ਖਾਕੇ ਉਠ ਖੜ੍ਹਦਾ ਏ, ਐਪਰ ਮੂਹੋਂ ਹੋਰ ਨਾ ਕਦੇ ਮੰਗਦਾ ਏ।
ਜੀ ਤੋੜਕੇ ਮਿਹਨਤ ਨਾਲ ਖੱਪਦਾ, ਖਾਣ ਵੇਲੇ ਇਹ ਮੈਨੂੰ ਭੁੱਖਾ ਲੱਗਦਾ ਏ।
ਜਿੰਨੀ ਰੱਖਾਂ ਉਸੇ ਤੇ ਸਬਰ ਕਰਦਾ, ਕਦੀ ਥਾਲੀ ਵਿਚ ਜੂਠਾ ਨਾ ਛੱਡਦਾ ਏ।
ਸੋਚੇ ਪੰਜ ਖਾਵੇ ਜਾਂ ਸੱਤ-ਅੱਠ ਖਾਵੇ, ਉਹਦੀ ਭੁੱਖ ਦਾ ਅੰਦਾਜ਼ਾ ਜਿਹਾ ਲਾਉਣ ਲੱਗੀ।
ਨੌਕਰ ਆਪਣੇ ਨੂੰ ਤਪੜੀ ਤੇ ਕੋਲ ਬਹਾ ਕੇ, ਆਪ ਲੋਹ ਤੇ ਰੋਟੀਆਂ ਪਕਾਉਣ ਲੱਗੀ।
ਮਾਤਾ ਪਕਾਈ ਜਾਵੇ ਨੌਕਰ ਖਾਈ ਜਾਵੇ, ਨਾ ਹੋਰ ਮੰਗੇ ਨਾ ਬੱਸ ਕਰੋ ਆਖਦਾ ਏ।
ਫੁਲਕੇ ਤਿੰਨ ਜਾਣਿਆਂ ਦੇ ਖਾ ਗਿਆ ਇਕੱਲਾ, ਮੁੰਡਾ ਹਾਲੇ ਵੀ ਭੁੱਖਾ ਜਾਪਦਾ ਏ।

ਅਗਲੇ ਦਿਨ ਉਸਦੀ ਭੁੱਖ ਪਰਤਾਉਣ ਦੇ ਲਈ, ਤਿੰਨ ਗੁਣਾ ਉਸ ਆਟਾ ਪਕਾ ਲਿਆ ਏ।
ਨੌਕਰ ਚੌਕੜੀ ਮਾਰ ਕੇ ਅੱਗੇ ਆਣ ਬੈਠਾ, ਬਿਨਾਂ ਪਾਣੀ ਪੀਤੇ ਉਹਨੇ ਸਾਰਾ ਖਾ ਲਿਆ ਏ।
ਮਾਤਾ ਸੋਚੇ ਇਹਦੇ ਅੰਦਰ ਕੋਈ ਦਿਓ ਵਸੇ, ਜਾਂ ਚੁੜੇਲ ਕੋਈ ਇਹਦੇ ਅੰਦਰ ਵਸਦੀ ਏ।
ਆਪਾਂ ਦੋਹਾਂ ਨੂੰ ਕਿਸੇ ਦਿਨ ਇਹਨੇ ਖਾ ਜਾਣਾ, ਭਗਤ ਤਰਲੋਚਨ ਨੂੰ ਕਰਤੂਤ ਉਹਦੀ ਦੱਸਦੀ ਏ।
ਸੁੱਤਾ-ਸੁੱਤਾ ਬਾਲਕ ਅਲੋਪ ਹੋਇਆ, ਜਦੋਂ ਤੜਕੇ ਆਕੇ ਉਹਨੂੰ ਜਗਾਂਵਦੀ ਏ।
ਮੁੰਡਾ ਆਪਣੇ ਮੰਜੇ ਤੇ ਨਹੀਂ ਨਜ਼ਰ ਆਉਂਦਾ, ਭਗਤ ਤਰਲੋਚਨ ਦੇ ਤਾਂਈ ਉਠਾਂਵਦੀ ਏ।
ਅਗੌਂ ਭਗਤ ਨੇ ਮੋੜ ਜੁਵਾਬ ਦਿੱਤਾ, ਤੇਰੇ ਘਰ ਆਇਆ ਸੀ ਕੁਦਰਤ ਦਾ ਨੂਰ ਆਪੇ।
ਨਿੰਦਿਆ ਕਰਕੇ ਉਹਨੂੰ ਗਵਾ ਲਿਆ ਤੂੰ, 'ਮੋਹਣ' ਭੁਗਤ ਲੈ ਆਪਣਾ ਕਸੂਰ ਆਪੇ।

ਰਬੜੀ

ਦਾਦੀ ਭੋਲੂ ਦੀ ਘਰ ਵਾਲੇ ਨੂੰ ਕਹਿਣ ਲੱਗੀ, ਨਿੱਕਾ ਭੋਲੂ ਅੱਜ ਸਵੇਰ ਤੋਂ ਝਗੜਦਾ ਏ।
ਚੀਜ਼ ਮਿੱਠੀ ਕੋਈ ਅੱਜ ਮੈਂ ਖਾਵਣੀ ਏ, ਭੁੰਜੇ ਲੰਮਾਂ ਪੈ ਕੇ ਅੱਡੀਆਂ ਰਗੜ ਦਾ ਏ।
ਨੇਂਦਰੇ ਭਾਜੀਆਂ ਦਾ ਮਿੱਠਾ ਖਵਾ ਵਾਧੂ, ਨੌਂਹ ਆਪਣੀ ਨੇ ਪੁਠਾ ਗਿਜ਼ਾ ਦਿੱਤਾ।
ਮੂੰਹ ਮਿੱਠੇ ਵਲੋਂ ਨਾ ਮੋੜਦਾ ਏ, ਐਵੇਂ ਖਾਹ-ਮਖਾਹ ਭੂਏ ਚੜ੍ਹਾ ਦਿੱਤਾ।
ਦੁੱਧ ਰੋਟੀ ਨੂੰ ਉਸ ਨਾ ਮੂੰਹ ਲਾਇਆ, ਗੱਲ-ਗੱਲ ਨਾਲ ਸਾਰਿਆਂ ਨਾਲ ਲੜੀ ਜਾਂਦਾ।
ਮਿੱਠਾ ਕਿਤਿਉਂ ਵੀ ਲਿਆਕੇ ਦਿਉ ਮੈਨੂੰ, ਇਕੋ ਰੱਟਾ ਸਵੇਰ ਤੋਂ ਫੜੀ ਜਾਂਦਾ।
ਦਾਦਾ ਭੋਲੂ ਦਾ ਤੁਰਿਆ ਹਲਵਾਈ ਵੱਲੇ, ਸਾਈਕਲ ਪੁਰਾਣਾ ਆਪਣਾ ਉਹਨੇ ਚੁੱਕਿਆ ਏ।
ਬਰਫ਼ੀ ਕਿੰਨੇ ਕੁ ਰੇਟ ਲਾਈ ਲਾਲਾ, ਉਹਨੇ ਭਾਅ ਹਲਵਾਈ ਕੋਲੋਂ ਪੁਛਿਆ ਏ।
ਸਵਾ ਸੌ ਨੂੰ ਕਿਲੋ ਮੈਂ ਲਾ ਦਿਆਂਗਾ, ਹਰ ਸ਼ੈ ਹੁਣ ਮਹਿੰਗੀ ਹੁੰਦੀ ਜਾਂਵਦੀ ਏ।
ਪੈਂਤੀ-ਚਾਲੀ ਦਾ ਕਿਲੋ ਦੁੱਧ ਹੋਇਆ, ਖੰਡ ਪੰਜਾਹ ਤੋਂ ਘੱਟ ਨਾ ਆਂਵਦੀ ਏ।
ਮੋਤੀ ਚੂਰ ਦੇ ਲੱਡੂਆਂ ਦਾ ਦੱਸ ਰੇਟ ਕਿੰਨਾਂ, ਕਹਿੰਦਾ ਅੱਸੀ ਨੂੰ ਕਿਲੋ ਮੈਂ ਲਾ ਦਿਆਂਗਾ।
ਜੇਕਰ ਲੈਣੇ ਰਸਗੁੱਲੇ, ਗੁਲਾਬ ਜਾਮੁਨ, ਇਕ ਸੌ ਪੰਜੀਹ ਨੂੰ ਸਣੇ ਡੱਬੇ ਤੁਲਾ ਦਿਆਂਗਾ।
ਗਾਜ਼ਰ-ਪਾਕ ਲਾਲਾ ਕਿਸ ਭਾਅ ਲਾਵਣਾ ਏ, ਕਹਿੰਦਾ ਡੇਢ ਸੌ ਨੂੰ ਬਰਫ਼ੀ ਦੇ ਤੁਲ ਨੇ ਜੀ।
ਗਾਜ਼ਰ-ਪਾਕ ਲਵੋ ਭਾਵੇਂ ਲਵੋ ਬਰਫ਼ੀ, ਕੋਈ ਫ਼ਰਕ ਨਾ ਇਕੋ ਜਿੰਨੇ ਮੁੱਲ ਨੇ ਜੀ।
ਵੰਨਗੀਆਂ ਜਿੰਨੀਆਂ ਵੀ ਤੇਰੀਆਂ ਦੁਕਾਨ ਅੰਦਰ, ਗੱਲ ਮੁੱਕਦੀ ਨੇੜੇ ਮੁਕਾ ਲਾਲਾ।
ਇਕ ਵਡਿਓਂ ਤੋਂ ਕਿਲੋ-ਕਿਲੋ ਤੋਲ ਸਭੇ, ਸਾਰੀਆਂ ਇਕ ਥਾਂ ਕੜਾਹੀ ਵਿਚ ਪਾ ਲਾਲਾ।
ਨਿੱਕੇ ਭੋਲੂ ਦੇ ਸਬਰ ਦਾ ਬੰਨ੍ਹ ਟੁੱਟਾ, ਤੂੰ ਲਾਈ ਨਾ ਬਹੁਤੀ ਹੁਣ ਦੇਰ ਚੰਨਾਂ।
ਅੱਗ ਕੜਾਈ ਦੇ ਥੱਲੇ ਤੂੰ ਬਾਲ ਖੁੱਲੀ, ਸਭੇ ਮਿਕਸ ਕਰਦੇ, ਖੁਰਪਾ ਫੇਰ ਚੰਨਾ
ਟਾਇਮ ਬੋਹਣੀ ਦਾ ਹਜ਼ਾਰ ਦਾ ਗਾਹਕ ਪਹਿਲਾਂ, ਲਾਲਾ ਖ਼ੁਸ਼ੀ ਨਾ ਫੁਲਾ ਸਮਾਂਵਦਾ ਏ।
ਬਾਰਾਂ ਵੰਨਗੀਆਂ ਮਠਿਆਈ ਦੀਆਂ ਤੋਲ ਕਿਲੋ, ਸਭ ਨਿਵਦੀਆਂ ਤੋਲ ਕੇ ਪਾਂਵਦਾ ਏ।
ਨੌਕਰ ਆਪਣੇ ਨੂੰ ਉੱਚੀ ਉਹਨੇ ਆਵਾਜ਼ ਮਾਰੀ, ਜੱਟ ਲਈ ਦੁੱਧ ਵਿਚ ਪੱਤੀ ਪਵਾਈ ਉਹਨੇ।
ਗਾਹਕ ਤਕੜਾ ਐਸਾ ਨਹੀਂ ਰੋਜ਼ ਮਿਲਣਾ, ਪੰਜ-ਸੱਤ ਪੀਸ ਬਰਫ਼ੀ ਨਾਲ ਖਵਾਈ ਉਹਨੇ।

ਚਾਹ ਪੀਕੇ ਜੱਟ ਉਹਨੂੰ ਪੁਛਦਾ ਏ, ਕਿੰਨਾਂ ਚਿਰ ਦੱਸ ਹੋਰ ਲਾਵਣਾਂ ਏ?
ਅੱਗੋਂ ਲਾਲੇ ਨੇ ਮੋੜ ਜੁਵਾਬ ਦਿੱਤਾ, ਮਾਲ ਤਿਆਰ ਦਸੋ ਕਾਹਦੇ ਵਿਚ ਪਾਵਣਾ ਏ।
ਜੱਟ ਪੁਛੇ ਲਾਲਾ ਜੀ ਇਹ ਕੀ ਬਣਿਆ, ਲਾਲਾ ਆਖਦਾ ਚੀਜ਼ ਬੜੀ ਤਗੜੀ ਏ ਜੀ।
ਖਾਕੇ ਦੇਖੋ ਪੂਰਾ ਆਨੰਦ ਆਜੂ, ਤੁਹਾਡੀ ਬਣ ਗਈ ਜਾਇਕੇਦਾਰ ਰਬੜੀ ਏ ਜੀ।
ਥੋੜੀ ਚੱਟ ਕੇ ਕਹਿੰਦਾ ਬਲਿਹਾਰੇ ਤੇਰੇ, ਐਪਰ ਸਾਰੀ ਨੂੰ ਕਾਹਤੋਂ ਗਵਾਵਣਾ ਏ।
ਕਿਸੇ ਡੱਬੀ ਵਿਚ ਰੁਪਈਏ ਦੀ ਪਾ ਰਬੜੀ, ਨਿੱਕੇ ਭੋਲੂ ਦਾ ਮਨ ਪਰਚਾਵਣਾਂ ਏ।
ਹਲਵਾਈ ਮੱਥੇ ਤੇ ਹੱਥ ਮਾਰ ਕਹਿਣ ਲੱਗਾ, ਸਦਕੇ ਜਾਵਾਂ ਉਹ ਜੱਟਾ ਬਲਿਹਾਰ ਤੇਰੇ।
'ਮੋਹਣ' ਵਰਗੇ ਗਾਹਕ 2-4 ਹੋਰ ਆ ਗਏ, ਤਪਲੇ ਰਲਕੇ ਦਿਉਂਗੇ ਮੂਧੇ ਮਾਰ ਮੇਰੇ

ਚਲਿੱਤਰੀ

ਭਗਤ ਕਬੀਰ ਇਕ ਦਿਨ ਲੋਈ ਨੂੰ ਕਹਿਣ ਲੱਗਾ,
ਕਾਹਤੋਂ ਗੁੰਮ-ਸੁੰਮ ਰਹਿੰਦੀ ਭਾਗਵਾਨ ਮੇਰੀ।
ਔਰਤਾਂ ਵਾਲਾ ਕੋਈ ਨਖ਼ਰਾ ਵਿਖਾ ਮੈਨੂੰ, ਕਦੇ ਖੁੱਲ੍ਹਕੇ ਨਾ ਚੱਲੇ ਜ਼ੁਬਾਨ ਤੇਰੀ।
ਵੇਦਾਂ ਸ਼ਾਸ਼ਤਰਾਂ ਵਿਚ ਕਹਿੰਦੇ ਮਿਲੇ ਲਿਖਿਆ, ਤਿੰਨ ਸੌ ਪੈਂਹਠ ਚਲਿੱਤਰ ਵਿਚ ਨਾਰ ਹੁੰਦੇ।
ਗਲੀ ਬਾਤੀ ਅਸਮਾਨੇ ਟਾਕੀ ਲਾਉਂਦੀਆਂ ਨੇ, ਕਹਿੰਦੇ ਔਰਤ ਦੇ ਨਖ਼ਰੇ ਹਜ਼ਾਰ ਹੁੰਦੇ।
ਭਗਤ ਕਬੀਰ ਅੱਜ ਖ਼ੁਸ਼ੀ ਦੇ ਮੂਡ ਵਿਚ ਸੀ, ਐਪਰ ਲੋਈ ਨਾ ਬਹੁਤਾ ਖਿਆਲ ਕੀਤਾ।
ਆਪਣੇ ਕੰਮ ਧੰਦਿਆਂ ਵਿਚ ਹੀ ਰਹੀ ਲੱਗੀ, ਗੱਲ ਭਗਤ ਦੀ ਨੂੰ ਹੱਸ ਕੇ ਟਾਲ ਦਿੱਤਾ।
ਥੋੜੇ ਦਿਨਾਂ ਪਿੱਛੋਂ ਘਾਹ ਲੈਣ ਖ਼ਾਤਿਰ, ਭਗਤ ਕਬੀਰ ਜੀ ਖੇਤਾਂ ਨੂੰ ਜਾਂਵਦਾ ਏ।
ਪਿੱਛੇ ਭਤਗ ਜੀ ਦਾ ਕੋਈ ਦਾਸ ਪੱਕਾ, ਮਿਲਣੇ ਲਈ ਕਬੀਰ ਜੀ ਨੂੰ ਆਂਵਦਾ ਏ।
ਮੈਂ ਮਿਲਣੇ ਨੂੰ ਆਇਆ ਕਬੀਰ ਤਾਂਈ, ਹੱਥ ਜੋੜ ਮਾਤਾ ਲੋਈ ਨੂੰ ਆਖਦਾ ਏ।
ਮੋੜ ਲੋਈ ਨੇ ਅੱਗੋਂ ਜੁਵਾਬ ਦਿੱਤਾ, ਦਿਮਾਗ਼ ਹਿੱਲਿਆ ਕਬੀਰ ਜੀ ਦਾ ਜਾਪਦਾ ਏ।
ਰਸੀ ਨਾਲ ਆਪਣੇ ਦਾਸਾਂ ਨੂੰ ਬੰਨ੍ਹ ਲੈਂਦਾ, ਫੇਰ ਬੋਝੇ ਫਰੋਲ ਕੇ ਲੁਟਦਾ ਏ।
ਜਿਹੜਾ ਉੱਚੀ ਬੋਲੇ ਭਗਤ ਕਬੀਰ ਅੱਗੇ, ਉਹਨੂੰ ਡੰਡੇ ਨਾਲ ਚੰਗੀ ਤਰਾਂ ਕੁਟਦਾ ਏ।
ਜੇਕਰ ਮਿਲਕੇ ਜਾਣਾ ਏ ਤਾਂ ਉਡੀਕ ਕਰ ਲੈ, ਮੁੜਕੇ ਮਿਲਣੇ ਦਾ ਕਦੀ ਵੀ ਨਾਂ ਨਾ ਲਏਂਗਾ।
ਹੁਣ ਮੁੜਨ ਦਾ ਸਮਾਂ ਵੀ ਹੋ ਚੱਲਿਆ ਏ, ਹੱਡ ਗੋਡੇ ਆਪਣੇ ਤੁੜਾ ਲਏਂਗਾ।
ਸਿਰ ਤੇ ਪੈਰ ਧਰ ਮੁੜਿਆ ਦਾਸ ਉਦਾਂ, ਚਾਲੇ ਛੇਤੀ ਨਾਲ ਪਿਛਾਂ ਨੂੰ ਪਾਂਵਦਾ ਏ।
ਭਗਤ ਕਬੀਰ ਜੀ ਘਾਹ ਦੀ ਪੰਡ ਚੁੱਕੀ, ਆਪਣੇ ਘਰ ਨੂੰ ਵਾਪਿਸ ਮੁੜਿਆ ਆਂਵਦਾ ਏ।
ਪੰਡ ਗਾਂ ਦੇ ਅੱਗੇ ਖਿਲਾਰ ਸੁੱਟੀ, ਮੁਹਰੇ ਮੂੜੇ ਤੇ ਲੋਈ ਲਾਗੇ ਬਹਿਣ ਲੱਗਾ।
ਭਗਤ ਸਾਡਾ ਕੋਈ ਮੁੜਿਆ ਜਾਂਵਦਾ ਏ, ਭਾਗਵਾਨੇ ਕੋਈ ਲੋਈ ਨੂੰ ਕਹਿਣ ਲੱਗਾ।
ਇਕ ਆਇਆ ਸੀ ਸ਼ੁਦਾਈ ਜਿਹਾ ਭਗਤ ਤੇਰਾ, ਚੋਲਾ ਗੇਰੂ ਰੰਗਦਾ ਉਹਨੇ ਰੰਗਿਆ ਸੀ।
ਉਹ ਰਸੀ ਤੇ ਡੰਡਾ ਖੂਜੇ ਵਿਚ ਧਰਿਆ, ਆਉਂਦੇ ਸਾਰ ਹੀ ਮੈਥੋਂ ਉਹਨੇ ਮੰਗਿਆ ਸੀ।
ਝਿੜਕਾਂ ਮਾਰ ਮੈਂ ਉਹਨੂੰ ਬਾਹਰ ਕੀਤਾ, ਜਣਾ ਖਣਾ ਹੀ ਮੂੰਹ ਚੁੱਕੀ ਆਂਵਦਾ ਏ।
ਘਰ ਸਾਡਾ ਹੀ ਗਰਜ ਪੂਰਾ ਲੱਭਿਆ ਏ, ਮੰਗਣ ਲੱਗਾ ਨਾ ਭੋਰਾ ਸ਼ਰਮਾਂਵਦਾ ਏ।
ਵਿਚ ਭਗਤਾਂ ਭਗਵਾਨ ਦੇ ਫ਼ਰਕ ਕੋਈ ਨਾ, ਭਾਗਵਾਨੇ ਕਾਹਤੋਂ ਖਾਲੀ ਮੋੜਿਆ ਏ।
ਇਸ ਰੱਸੀ ਡੰਡੇ ਵਾਜੋਂ ਤੇਰਾ ਕੀ ਕੰਮ ਅੜਿਆ, ਮੇਰੇ ਭਗਤ ਦਾ ਦਿਲ ਕਾਹਤੋਂ ਤੋੜਿਆ ਏ।
ਜੇਕਰ ਤੇਰਾ ਭਗਵਾਨ ਤਾਂ ਪੂਜ ਉਹਨੂੰ, ਜਣੇ-ਖਣੇ ਵਿਚ ਰੂਪ ਤੇਰੇ ਰੱਬ ਦਾ ਏ।
ਥੋੜੇ ਚਿਰਾਂ ਦਾ ਹੁਣੇ ਇਥੋਂ ਨਿਕਲਿਆ ਏ, ਬਾਹਰ ਲੱਭ ਲੈ ਜੇਕਰ ਤੈਨੂੰ ਲੱਭਦਾ ਏ।

ਰੱਸੀ-ਡੰਡਾ ਲੈ ਕਬੀਰ ਘਰੋਂ ਬਾਹਰ ਚੱਲਿਆ, ਆਪਣੇ ਭਗਤ ਦੇ ਪਿਛੇ ਰੌਲਾ ਪਾਂਵਦਾ ਏ।
ਲੈਜਾ-ਲੈਜਾ ਭਗਤਾ ਤੈਨੂੰ ਹੀ ਦੇਣ ਆਇਆ, ਪਿਛੇ ਆਪਣੇ ਭਗਤ ਦੇ ਭੱਜਾ ਜਾਂਵਦਾ ਏ।
ਪਿਛਾ ਮੋੜ ਕੇ ਭਗਤ ਨੇ ਝਾਤ ਮਾਰੀ, ਗੱਲ ਲੋਈ ਦੀ ਉਹਨੂੰ ਚੇਤੇ ਆਂਵਦੀ ਏ।
ਦਿਮਾਗ਼ ਹਿੱਲਿਆ ਏ ਭਗਤ ਕਬੀਰ ਜੀ ਦਾ, ਮਾਤਾ ਲੋਈ ਵੀ ਸੱਚ ਫਰਮਾਂਵਦੀ ਏ।
ਭਗਤ ਕਬੀਰ ਨੂੰ ਉਸ ਨਾ ਦਿੱਤੀ ਡਾਈ, ਭੱਜ-ਭੱਜ ਕੇ ਜਾਨ ਬਚਾਵਦਾ ਏ।
ਕਬੀਰ ਸਾਹਿਬ ਦੇ ਭਗਤ ਨਾ ਆਇਆ ਕਾਬੂ, ਥੱਕ ਹਾਰ ਕੇ ਵਾਪਿਸ ਘਰੇ ਆਂਵਦਾ ਏ।
ਸਾਹੋ-ਸਾਹੀ ਹੋਕੇ ਆਕੇ ਘਰ ਪਿਆ ਲੰਮਾਂ, ਲਾਗੇ ਖੜ੍ਹ ਗਈ ਆਕੇ ਉਹਦੀ ਇਸਤਰੀ ਏ।
ਲੋਈ ਤਾੜੀ ਮਾਰ ਕੇ ਹੱਸ ਪਈ ਅੱਗੇ, ਅਜੇ ਵਿਖਾਈ ਮੈਂ ਇਕ ਚੱਲਿਤਰੀ ਏ।
ਬਖਸ਼ੀ ਰੱਬਾ ਔਰਤਾਂ ਦੇ ਲੱਛਣਾਂ ਤੋਂ, ਅੱਖਾਂ ਮੀਟ ਉਸ ਰੱਬ ਦਾ ਧਿਆਨ ਕੀਤਾ।
ਸਾਖੀ ਸੁਣੀ 'ਗੁਰਮੋਹਣ' ਕਥਾ ਵਾਚਕਾਂ ਤੋਂ, ਉਹਨੂੰ ਕਵਿਤਾ ਦੇ ਵਿਚ ਬਿਆਨ ਕੀਤਾ।

ਕਵੀ ਦਰਬਾਰ

ਵੱਡੇ ਚੌਂਕ ਤੇ ਸੀਗਾ ਇਸ਼ਤਿਹਾਰ ਲੱਗਾ, ਐਤਵਾਰ ਨੂੰ ਕਵੀ ਦਰਬਾਰ ਲੱਗਣਾ ਏ।
ਜਿੰਨੇ ਕਲਮ ਦੇ ਧੰਨੀ ਸਭ ਆਣ ਪੁਜੋ, ਉਚ ਕੋਟੀ ਦੇ ਕਵੀਆਂ ਨੂੰ ਸੱਦਣ ਆਏ।
ਧੋਤੀ, ਕੁਰਤੇ, ਪਜ਼ਾਮੇ, ਕਮੀਜ਼ ਵਾਲੇ, ਪੈਂਟ-ਕੋਟ, ਟਾਈ ਵਾਲੇ ਆਣ ਪੁਜੇ।
ਸ਼ਾਇਰੋ-ਸ਼ਾਇਰੀ ਗਜ਼ਲਾਂ ਕਵਿਤ ਵਾਲੇ, ਬਿਨਾਂ ਬੁਲਾਏ ਸੀ ਕਈ ਮਹਿਮਾਨ ਪੁਜੇ।
ਕਈ ਖੁੰਡੀ ਫੜੀ ਢੀਚਕ ਜਿਹਾ ਮਾਰ ਪੁਜੇ, ਗੋਗੜ ਮੋਟੀ ਕਈ ਕਵੀਆਂ ਦੀ ਢਿਲਕਦੀ ਸੀ।
ਕਈਆਂ ਬੈਲਟਾਂ ਤੋਂ ਪੈਂਟ ਨੂੰ ਹੱਥ ਪਾਇਆ, ਛੱਡ ਦੇਣ ਤਾਂ ਪੈਂਟ ਥੱਲੇ ਤਿਲਕਦੀ ਸੀ।
ਵੱਡਾ ਹਾਲ ਜੋ ਚੰਗਾ ਸ਼ਿੰਗਾਰਿਆ ਸੀ, ਚਾਰ ਫੁੱਟ ਸਟੇਜ ਵਿਚ ਗੱਡਿਆ ਏ।
ਚੌਹਾਂ ਖੂੰਜਿਆਂ ਦੇ ਵਿਚ ਵੱਡੇ ਸਾਉਂਡ ਲੱਗੇ, ਮੰਚ ਉਤੇ ਮੇਜ਼ ਨਾਲ ਮਾਇਕ ਲੱਗਿਆ ਏ।
ਸਟੇਜ ਸੈਕਟਰੀ ਮਾਈਕ ਤੇ ਖ਼ਬਰ ਦਿੱਤੀ, ਪਲੀਜ਼ ਚੁੱਪ ਕਰਕੇ ਬਹਿ ਜਾਉ ਸਾਰੇ।
ਕਵੀ ਦਰਬਾਰ ਸ਼ੁਰੂ ਕਰਨ ਦੇ ਲਈ, ਕ੍ਰਿਪਾ ਕਰਕੇ ਤਾੜੀ ਵਜਾਉ ਸਾਰੇ ।
ਕ੍ਰਿਪਾ ਕਰਕੇ ਸ਼ਾਂਤੀ ਦੇ ਨਾਲ ਬਹਿ ਜਾਉ, ਮੁੜਕੇ ਬਹਿਣ ਦੀ ਨਾ ਕਿਤੇ ਥਾਂ ਰਹਿ ਜਉ।
ਸ਼ਾਂਤੀ ਨਾਂ ਦੀ ਔਰਤ ਉਠਕੇ ਕਹਿਣ ਲੱਗੀ, ਕਿਸ ਦੀ ਮਜ਼ਾਲ ਜਿਹੜਾ ਮੇਰੇ ਨਾਲ ਬਹਿ ਜਉ।
ਪੰਜ-ਪੰਜ ਮਿੰਟ ਦਾ ਸੀ ਸਭ ਨੂੰ ਟਾਇਮ ਦਿੱਤਾ, ਵੰਨੋਂ ਵੰਨੀਂ ਦੀਆਂ ਹੇਕਾਂ ਲਗਾਵਦੇ ਨੇ।
ਅੱਗੋਂ ਸਰੋਤਿਆਂ ਦੇ ਪੱਲੇ ਭਾਵੇ ਪਵੇ ਕੁੱਝ ਨਾ, ਐਪਰ ਕਵੀ ਕਿਆ ਖੂਬ ਲੁਟਾਂਵਦੇ ਨੇ।
ਪੰਦਰਾਂ ਕੁ ਕਵੀ ਜਦ ਆਣ ਭੁਗਤੇ, ਸਟੇਜ ਸੈਕਟਰੀ ਮੰਚ ਤੇ ਖਲੋਣ ਲੱਗਾ।
ਲੋਕੀ ਸੋਚਦੇ ਕਿੱਧਰ ਅਸੀਂ ਆਣ ਫੱਸ ਗਏ, ਇੰਟਰਵਲ ਦਾ ਟਾਇਮ ਉਧਰ ਹੋਣ ਲੱਗਾ।
ਬੀਹਾਂ ਮਿੰਟਾਂ ਬਾਅਦ ਫਿਰ ਮਹਿਫ਼ਲ ਲੱਗਣੀ ਏ, ਇਸੇ ਤਰਾਂ ਹੀ ਸਭ ਨੇ ਆਵਣਾਂ ਏ।
ਕਵਿਤਾ ਬਾਕੀ ਕਈ ਕਵੀਆਂ ਦੀਆਂ ਰਹਿ ਗਈਆਂ ਨੇ, ਰੰਗੀ ਮਹਿਫ਼ਲ ਨੂੰ ਫੇਰ ਚਮਕਾਵਣਾ ਏ।
ਦੂਜੀ ਵਾਰੀ ਫੇਰ ਰੌਣਕਾਂ ਲੱਗੀਆਂ ਸੀ, ਥੋੜੇ ਮੁੜੇ ਕੁਝ ਬਾਕੀ ਬਜ਼ਾਰ ਤੁਰ ਗਏ।
ਜਿਹੜੇ ਢੀਠ ਸੀ ਮੰਚ ਤੇ ਰਹੇ ਬੈਠੇ, ਇੱਜ਼ਤਾਂ ਵਾਲੇ ਹੋਕੇ ਸ਼ਰਮਸਾਰ ਤੁਰ ਗਏ।
ਕਵਿਤਾ ਇਕ-ਦੋ ਕਵੀਆਂ ਦੀਆਂ ਰਹਿ ਗਈਆਂ ਬਾਕੀ,
ਬੁਲਾਰਾ ਇਕ ਉੱਚੀ ਸੁਰ ਵਿਚ ਕਵਿਤਾ ਕਹੀ ਜਾਂਦਾ।
ਇਕ ਸਰੋਤਾ ਸੀ ਕੰਧ ਦੇ ਨਾਲ ਲੱਗਾ, ਢੋਂ ਲਾਕੇ ਅਵਾਸੀਆਂ ਲਈ ਜਾਂਦਾ।
ਆਖ਼ਰੀ ਕਵੀ ਫਿਰ ਉਸ ਨੂੰ ਪੁੱਛ ਬੈਠਾ, ਇਕੋ ਤੂੰ ਜਿੰਨੇ ਕਵਿਤਾ ਨੂੰ ਪਿਆਰ ਕੀਤਾ।
ਤੇਰੀ ਲਗ਼ਨ ਤੋਂ ਸਦਕੇ ਬਲਿਹਾਰੇ ਜਾਈਏ, ਜਿਹਨੇ ਕਵੀਆਂ ਨੂੰ ਮਾਨ ਸਤਿਕਾਰ ਦਿੱਤਾ।
ਕਹਿੰਦਾ ਸ਼ਾਇਰੋ-ਸ਼ਾਇਰੀ ਦੀ ਮੈਨੂੰ ਏਡੀ ਸਮਝ ਕੋਈ ਨਾ,
ਤੁਹਾਡੀਆਂ ਕਵਿਤਾ ਮੈਂ ਵੇਖਾਂ ਕਦੇ ਮੁਕਣੀਆਂ ਨੇ।
ਟੈਂਟ ਵਾਲੇ 'ਗੁਰਮੋਹਣ' ਮੈਨੂੰ ਭੇਜਿਆ ਏ, ਮੈਂ ਤਾਂ ਦਰੀਆਂ ਸਭ ਝਾੜ ਕੇ ਚੁਕਣੀਆਂ ਨੇ।

ਇਕ ਨੰਬਰ

ਤਿੰਨ ਪਹੀਆਂ ਵਾਲਾ ਟੈਂਪੂ ਪਿੰਡ ਨੂੰ ਤੁਰਨ ਲੱਗਿਆ, ਆਜੋ ਸਵਾਰੀਆਂ ਨੂੰ ਆਵਾਜ਼ਾਂ ਲਾਈ ਜਾਂਦਾ ।
ਟੈਂਪੂ ਭਰਿਆ ਨਹੀਂ ਅਜੇ ਸਵਾਰੀਆਂ ਤੋਂ, ਚਾਲਕ ਰੋਲਾ ਪਾ ਗਲਾ ਬੈਠਾਈ ਜਾਂਦਾ ।
ਰੱਸੀ ਖਿੱਚਕੇ ਇੰਜਣ ਸਟਾਰਟ ਕੀਤਾ, ਡਰਾਇਵਰ ਆਪਣੀ ਸੀਟ ਤੇ ਸੀ ਬਹਿਣ ਲੱਗਾ।
ਮੁੰਡਾ ਇਕ ਲਾਗੇ ਪੈਂਟ ਜੋ ਪਾਈ ਬੈਠਾ, ਚੱਲ ਹੁਣ ਛੇੜ ਦੇ ਡਰਾਇਵਰ ਨੂੰ ਕਹਿਣ ਲੱਗਾ।
ਸ਼ਹਿਰੋਂ ਪਹਿਲਾਂ ਮੋੜ ਪਿੰਡ ਨੂੰ ਮੋੜਿਆ ਜਾ, ਲਾਗੇ ਬੈਠਾ ਮੁੰਡਾ ਉਚੀ ਰੋਲਾ ਪਾਈ ਜਾਂਦਾ।
ਰੋਕੀ-ਰੋਕੀ ਮੈਨੂੰ ਜ਼ਰਾ ਨੰਬਰ ਇਕ ਆਇਆ, ਇਕ ਉਂਗਲੀ ਚੁੱਕ ਬਤਾਈ ਜਾਂਦਾ।
ਮਾਰੀ ਬਰੇਕ ਤੇ ਮੁੰਡੇ ਨੇ ਛਾਲ ਮਾਰੀ, ਹੁਣੇ ਆਇਆ ਮੈਂ ਜਾਂਦਾ ਜਾਂਦਾ ਕਹਿ ਗਿਆ ਏ।
ਇਕੋ ਮਿੰਟ ਦੇ ਵਿਚ ਪਿਛੇ ਮੁੜ ਆਇਆ, ਸੀਟ ਆਪਣੀ ਤੇ ਆਕੇ ਬਹਿ ਗਿਆ ਏ।
ਦੋ-ਤਿੰਨ ਮੀਲ ਦਾ ਪੈਂਡਾ ਨਾ ਮੁੱਕਿਆ ਏ, ਰੋਕੀ ਮੈਨੂੰ ਫੇਰ ਨੰਬਰ ਇਕ ਆ ਗਿਆ ਏ।
ਇਕ ਨੰਬਰ ਕਰਨ ਲਈ ਫੇਰ ਬਾਹਰ ਭੱਜਾ, ਜਾਂਦਾ ਉਹ ਜੁੱਤੀ ਟੈਂਪੂ ਵਿਚ ਲਾਹ ਗਿਆ ਏ।
ਪੰਦਰਾਂ ਮੀਲ ਦਾ ਪੈਂਡਾ ਨਾ ਮੁੱਕਿਆ ਏ, ਸੱਤ ਵਾਰੀ ਉਹਨੇ ਟੈਂਪੂ ਰੁਕਾ ਲਿਆ ਏ।
ਸਵਾਰੀਆਂ ਲਈ ਤਮਾਸ਼ਾ ਜਿਹਾ ਬਣੀ ਬੈਠਾ, ਟੈਂਪੂ ਚਾਬੀ ਵਾਲਾ ਖਿਲੌਣਾ ਬਣਾ ਲਿਆ ਏ।
ਅੱਠਵੀਂ ਵਾਰੀ ਉਹਨੇ ਟੈਂਪੂ ਰੋਕ ਕੇ ਤੇ, ਜਦੋਂ ਪੈਰ ਜਰਾ ਬਾਹਰ ਨੂੰ ਪੁਟਿਆ ਏ।
ਸਵਾਰੀਆਂ ਪਹਿਲਾਂ ਹੀ ਭਰੀਆਂ ਪੀਤੀਆਂ ਸੀ, ਬੰਨ੍ਹ ਉਹਨਾਂ ਦੇ ਸਬਰ ਦਾ ਟੁੱਟਿਆ ਏ।
ਅੱਖਾਂ ਕੱਢਕੇ ਡਰਾਇਵਰ ਨੂੰ ਕਹਿਣ ਸਾਰੇ, ਅੱਜ ਮੁੰਡੇ ਨੂੰ ਖੇਡਾਂ ਖਿਡਾਏਂਗਾ ਤੂੰ।
ਉੱਤੋਂ ਠੰਡ ਦਾ ਟਾਇਮ ਨੇਰਾ ਹੋਈ ਜਾਂਦਾ, ਰਾਤ ਬਾਰਾਂ ਵਜੇ ਘਰ ਪਹੁੰਚਾਏਂਗਾ ਤੂੰ।
ਡਰਾਇਵਰ ਆਖਦਾ ਕਾਕਾ ਜੇ ਕੋਈ ਰੋਗ ਤੈਨੂੰ, ਲੰਮਾਂ ਸਫ਼ਰ ਨਾ ਕਰਨਾ ਚਾਹੀਦਾ ਏ।
ਤੇਰੇ ਕਰਕੇ ਨੇਰਾ ਅੱਜ ਹੋਈ ਜਾਂਦਾ, ਨਹੀਂ ਤਾਂ ਟਾਇਮ ਨਾਲ ਟੈਂਪੂ ਪਿੰਡ ਲਾਈਦਾ ਏ।
ਟੈਂਪੂ ਵਿਚੋਂ ਸਵਾਰੀਆਂ ਸਭੇ ਬਾਹਰ ਆਈਆਂ, ਮੁੰਡਾ ਵਾਪਸ ਆਕੇ ਲਾਗੇ ਖਲੋ ਗਿਆ ਏ।
ਜਿਪ ਅੜੀ ਕਹਿੰਦਾ ਮੇਰੀ ਨਾ ਖੁਲ੍ਹਦੀ ਏ, ਪੈਂਟ ਭਿੱਜ ਗਈ 'ਮੋਹਣ' ਚੱਲ ਕੰਮ ਹੋ ਗਿਆ ਏ।

ਸੁਲਤਾਨਪੁਰ ਦੀ ਨਮਾਜ਼

ਵੇਈ ਨਦੀ ਵਿਚੋਂ ਗੁਰੂ ਨਾਨਕ ਜੀ ਬਾਹਰ ਆਏ, ਦਿੱਤਾ ਹੋਕਾ ਇਕ ਹਿੰਦੂ, ਮੁਸਲਮਾਨ ਦਾ ਏ।
ਭਰਮ ਭੁਲੇਖਿਆਂ ਵਿਚ ਖਹਿੰਦੀ ਫਿਰੇ ਦੁਨੀਆਂ, ਅਸਲ ਰੱਬ ਨਾ ਕੋਈ ਪਛਾਣਦਾ ਏ।
ਏਕ ਨੂਰ ਤੋਂ ਜੱਗ ਸਾਰਾ ਉਪਜਿਆ ਏ, ਹਿੰਦੂ ਆਪਣਾ ਰਾਮ ਰੋਲਾ ਪਾਈ ਜਾਂਦਾ ਏ।
ਮੁਸਲਮਾਨ ਆਖੇ ਮੇਰਾ ਖ਼ੁਦਾ ਵੱਡਾ, ਅੱਲ੍ਹਾ-ਪਾਕ ਨੂੰ ਉੱਚਾ ਬਤਾਈ ਜਾਂਦਾ ਏ।
ਧੀਆਂ-ਪੁੱਤਰ ਤੇ ਦੌਲਤ ਨੇ ਨਹੀਂ ਸਾਥ ਦੇਣਾ, ਸ਼ੁਭ ਅਮਲਾਂ ਬਾਜ ਨਾ ਢੋਈ ਉਥੇ।
ਨੇਕੀ-ਬਦੀਆਂ ਦੀ ਉੱਥੇ ਪਛਾਣ ਹੋਣੀ, ਕਿਹੜੇ ਧਰਮ ਦਾ ਨਾ ਪੁਛਦਾ ਕੋਈ ਉਥੇ।
ਦੌਲਤ ਖਾ ਫੇਰ ਨਾਨਕ ਨੂੰ ਪੁੱਛ ਬੈਠਾ, ਪਤਾ ਲੱਗ ਜਾਉ ਤੇਰੇ ਇਮਾਨ ਦਾ ਏ।
ਚੱਲ ਮਸੀਤ ਦੇ ਵਿਚ ਨਮਾਜ਼ ਪੜ੍ਹੀਏ, ਫ਼ਰਕ ਕੱਢ ਹਿੰਦੂ ਮੁਸਲਮਾਨ ਦਾ ਏ।
ਬਾਬਾ ਨਾਨਕ ਨਵਾਬ ਪਿਛੇ ਲੱਗ ਤੁਰਿਆ, ਦੋਨੇਂ ਮਸੀਤ ਦੇ ਵੱਲ ਤੁਰੇ ਜਾਂਵਦੇ ਨੇ।
ਤੇਰਾ ਵੀਰ ਅੱਜ ਮੁਸਲਮਾਨ ਹੋਣ ਲੱਗਾ, ਬੇਬੇ ਨਾਨਕੀ ਨੂੰ ਲੋਕੀ ਸੁਣਾਂਵਦੇ ਨੇ।
ਭੈਣ ਨਾਨਕੀ ਮੋੜ ਜੁਵਾਬ ਦਿੱਤਾ, ਇਸ ਗੱਲ ਵਿਚ ਵੀ ਕੋਈ ਰਾਜ ਹੋਸੀ।
ਰਹਿੰਦੀ ਦੁਨੀਆਂ ਤੱਕ ਸਿਜਦੇ ਕਰੂ ਦੁਨੀਆਂ, ਜਿਥੇ ਨਾਨਕ ਨੇ ਪੜ੍ਹੀ ਨਮਾਜ਼ ਹੋਸੀ।
ਦੌਲਤ ਖਾਂ ਤੇ ਕਾਜ਼ੀ ਦੋਨੋਂ ਪੜ੍ਹਨ ਆਇਤਾਂ, ਬਾਬਾ ਨਾਨਕ ਜੀ ਉਹਨਾਂ ਵੱਲੇ ਵੇਖਦੇ ਨੇ।
ਹਿੱਕ ਤੇ ਹੱਥ ਧਰ ਕੇ ਗੋਡੇ ਮਾਰ ਮੂਧੇ, ਮੂੰਹ ਲਹਿੰਦੇ ਵੱਲ ਕਰ ਮੱਥੇ ਟੇਕਦੇ ਨੇ।
ਦੌਲਤ ਖਾਂ, ਕਾਜ਼ੀ ਨਮਾਜ਼ ਤੋਂ ਹੋ ਵਿਹਲੇ, ਨਾਨਕ ਪਾਤਸ਼ਾਹ ਦੇ ਕੋਲੇ ਬਹਿਣ ਲੱਗੇ।
ਸਾਡਾ ਨਾਲ ਤੂੰ ਪੜ੍ਹੀ ਨਮਾਜ਼ ਕੋਈ ਨਾ, ਦੋਵੇਂ ਜਣੇ ਬਾਬੇ ਨਾਨਕ ਤਾਂਈ ਕਹਿਣ ਲੱਗੇ।
ਗੁਰਾਂ ਦੌਲਤ ਖਾਂ ਨੂੰ ਮੋੜ ਜੁਵਾਬ ਦਿੱਤਾ, ਚੁੱਕੀ ਫਿਰਦਾ ਹੈ ਮਨ ਹੰਕਾਰ ਤੇਰਾ।
ਤੇਰਾ ਬੁੱਤ ਸੀ ਇਕ ਮਸੀਤ ਅੰਦਰ, ਮਨ ਫਿਰਦਾ ਸੀ ਕਾਬਲ, ਕੰਧਾਰ ਤੇਰਾ।
ਨਮਾਜ਼ ਝੂਠੀ ਨਾ ਕਦੇ ਪ੍ਰਵਾਨ ਹੁੰਦੀ, ਗੁੜਾ ਨਾਤਾ ਇਕ ਮੁਰਸ਼ਦ ਮੁਰੀਦ ਦਾ ਏ।
ਝੂਠੀਆਂ ਆਇਤਾਂ ਨੂੰ ਸੱਚੀ ਨਮਾਜ਼ ਆਖੇ, ਮਨ ਕਾਬੁਲ ਵਿਚ ਘੋੜੇ ਖਰੀਦ ਦਾ ਏ।
ਕਾਜ਼ੀ ਆਖਦਾ ਜੇ ਮਨੋ ਨਾ ਪੜ੍ਹੀ ਨਮਾਜ਼ ਇਸਨੇ, ਐਪਰ ਝੂਠੀ ਤਾਂ ਨਹੀਂ ਨਮਾਜ਼ ਮੇਰੀ।
ਗੁਰਾਂ ਆਖਿਆ ਕਾਜ਼ੀਆ ਝੂਠ ਬੋਲੇ, ਸੁਣ ਵਾਲੀ ਹੈ ਘੋੜੀ ਜਨਾਬ ਤੇਰੀ।

ਸੁਣੇ ਘੋੜੀ ਵਛੇਰੀ ਨਾ ਡਿੱਗ ਪਵੇ ਕਿਧਰੇ, ਟੋਆ ਤੇਰੇ ਵਿਹੜੇ ਅੰਦਰ ਪੁੱਟਿਆ ਏ।
ਅੱਲ੍ਹਾ ਹੂ ਦੀ ਝੂਠੀ ਬਾਂਗ ਦੇਵੋਂ, ਝੂਠਾ ਖੇਲ ਅੱਜ ਤੁਹਾਡਾ ਮੁੱਕਿਆ ਏ।
ਪੰਜ ਨਮਾਜ਼ਾਂ ਤੇ ਪੰਜ ਨੇ ਵਖ਼ਤ ਇਹਦੇ, ਸੱਚੇ ਮਨ ਨਾਲ ਸੱਚੀ ਇਬਾਦ ਹੁੰਦੀ।
ਅੱਲ੍ਹਾ ਵਿਚ ਮਸੀਤ ਨਾ ਕੈਦ ਹੁੰਦਾ, ਸੱਚੇ ਖ਼ੁਦਾ ਦੀ ਸੱਚੀ ਨਮਾਜ਼ ਹੁੰਦੀ।
ਝੂਠ ਫਰੇਬ ਵਲ-ਛਲ ਸਭ ਪਰਖ ਹੋਣੇ, ਮੂੰਹ ਕਾਲਾ ਹੋਣਾ ਬੇ-ਇਮਾਨ ਦਾ ਏ।
ਚੰਗੇ ਮਾੜੇ ਦੀ ਸਭ ਪਹਿਚਾਣ ਹੋ ਜਉ, ਉੱਥੇ ਝਗੜਾ ਹਿੰਦੂ ਨਾ ਮੁਸਲਮਾਨ ਦਾ ਏ।
ਦੌਲਤ ਖਾਂ ਤੇ ਕਾਜ਼ੀ ਦੋਵੇਂ ਹੈਰਾਨ ਹੋ ਗਏ, ਪੈ ਕੇ ਚਰਨਾਂ ਵਿਚ ਭੁਲ ਬਖਸ਼ਾਵਦੇ ਨੇ।
ਮਿਹਰ ਕਰਦੇ ਨੇ ਜਦੋਂ 'ਗੁਰਮੋਹਣ' ਉੱਤੇ, ਕੰਨੋਂ ਫੜ੍ਹ ਕੇ ਕਵਿਤਾ ਲਿਖਵਾਂਵਦੇ ਨੇ।

ਭਾਈ ਕਨ੍ਹੱਈਆ ਜੀ

ਕਲਗ਼ੀਧਰ ਦੇ ਭਰੇ ਦਰਬਾਰ ਅੰਦਰ, ਮੇਰੇ ਸਤਿਗੁਰੂ ਚੋਜ਼ ਵਰਤਾਈ ਜਾਂਦੇ।
ਅਕਾਲ ਪੁਰਖ ਦੇ ਭਰੇ ਭੰਡਾਰਿਆਂ ਚੋਂ, ਗੁਰੂ ਦਸ਼ਮੇਸ਼ ਜੀ ਰਹਿਮਤਾਂ ਵਰਤਾਈ ਜਾਂਦੇ।
ਸਿੱਖਾਂ ਗੁਰਾਂ ਕੋਲ ਆਣ ਸ਼ਕਾਇਤ ਕੀਤੀ, ਗੱਲ ਸੁਣੀ ਬਾਜ਼ਾਂ ਵਾਲਿਆ ਜੀ।
ਭਾਈ ਕਨ੍ਹੱਈਏ ਨੂੰ ਮਾਣ ਸਤਿਕਾਰ ਦੇਕੇ, ਬੁੱਕਲ ਵਿਚ ਤੁਸਾਂ ਸੱਪ ਪਾਲਿਆ ਜੀ।
ਅਸੀਂ ਸੋਚਦੇ ਹਾਂ ਭਾਣੇ ਵਿਚ ਰਹਿ ਕੇ, ਜਿਹੜਾ ਪਾਣੀ ਦੀ ਸੇਵਾ ਨਿਭਾਂਵਦਾ ਏ।
ਐਪਰ ਗੁਰੂ ਦਰਬਾਰ ਦੀਆਂ ਗੁਪਤ ਗੱਲਾਂ, ਸ਼ਾਹੀ ਦੁਸ਼ਮਣਾਂ ਕੋਲ ਪਹੁੰਚਾਂਵਦਾ ਏ।
ਫਟੜ, ਜਖ਼ਮ, ਤਿਰਹਾਏ ਸਿੱਖ ਕੋਲੋਂ, ਮਸ਼ਕ ਪਾਣੀ ਦੀ ਲੈ ਕੇ ਜਾ ਖੜ੍ਹਦਾ ।
ਪਾਣੀ ਪਿਲਾਉਣ ਦਾ ਬਹਾਨਾ ਇਕ ਲੱਭਿਆ ਏ, ਦੇ ਝਕਾਨੀ ਦੁਸ਼ਮਣਾਂ ਦੀ ਜੂਹ ਜਾ ਵੜਦਾ।
ਜਾਪੇ ਦੁਸ਼ਮਣਾਂ ਦੇ ਨਾਲ ਜਾ ਰਲ੍ਹਿਆ, ਵਿਚੇ ਆਪਣਾ ਚੱਕਰ ਚਲਾਈ ਜਾਂਦਾ।
ਤੇਗਾਂ ਮਾਰਕੇ ਅਸੀ ਬੇਹੋਸ਼ ਕਰਦੇ, ਪਾਣੀ ਪਿਆਕੇ ਫਿਰ ਲੜਾਈ ਜਾਂਦਾ।
ਗੁਰਾਂ ਆਖਿਆ ਆਈ ਸ਼ਿਕਾਇਤ ਤੇਰੀ, ਦੁਸ਼ਮਣਾਂ ਤਾਂਈ ਪਾਣੀ ਪਿਆਈ ਜਾਨਾ।
ਮਾਰ ਆਪਣੇ ਫੱਟ ਬਿਹੋਸ਼ ਕਰਦੇ, ਪਾਣੀ ਪਿਆਕੇ ਫੇਰ ਉਠਾਈ ਜਾਨਾ।
ਗੁਰੂ ਦਸ਼ਮੇਸ਼ ਦੇ ਭਰੇ ਦਰਬਾਰ ਅੰਦਰ, ਚਰਨੀ ਸ਼ੀਸ਼ ਧਰਕੇ ਹੱਥ ਜੋੜਦਾ ਏ।
ਤੁਸੀਂ ਬਖ਼ਸ਼ੀ ਸੀ ਸੇਵਾ ਗਰੀਬ ਤਾਂਈ, ਦਾਸ ਆਪ ਦਾ ਕਿਹਾ ਨਾ ਮੋੜਦਾ ਏ।
ਜੇਕਰ ਦਾਸ ਕੋਲੋਂ ਕੋਈ ਭੁੱਲ ਹੋ ਗਈ, ਪੈ ਕੇ ਚਰਨਾਂ ਵਿਚ ਭੁੱਲ ਬਖਸ਼ਾਂਵਦਾ ਹਾਂ।
ਐਪਰ ਬਖ਼ਸ਼ੀ ਸੀ ਸੇਵਾ ਹਜ਼ੂਰ ਨੇ ਜੋ, ਪੂਰੀ ਲਗਨ ਦੇ ਨਾਲ ਨਿਭਾਂਵਦਾ ਹਾਂ।
ਭਾਈ ਕਨ੍ਹੱਈਆ ਜੀ ਹੱਥ ਬੰਨ੍ਹ ਕਹਿਣ ਲੱਗਾ, ਸੱਚੇ ਪਾਤਸ਼ਾਹ ਜੀ ਬਖਸ਼ੋ ਕਸੂਰ ਮੇਰਾ।
ਬੋਲ ਆਪਦੇ ਹਿਰਦੇ ਵਿਚ ਟਿਕਾਈ ਬੈਠਾਂ, ਹਰ ਥਾਂ ਦਾਸ ਨੂੰ ਦਿਸਦਾ ਏ ਨੂਰ ਤੇਰਾ।
ਸਾਧ-ਸੰਗਤਾਂ ਦਾ ਅਨੰਦ ਐਸਾ ਮਾਣਿਆਂ ਏ, ਤਾਤ ਪਰਾਈ ਮਨ ਵਿਚੋਂ ਸਭ ਵਿਸਰ ਗਈ ਏ।
ਵੈਰੀ ਮਿੱਤਰ ਬੈਗਾਨਾ ਨਾ ਦਿਸੇ ਕੋਈ, ਹਰ ਥਾਂ ਆਪਦੀ ਹੀ ਮੂਰਤ ਦਿਸੇ ਪਈ ਏ।
ਗੁਰਾਂ ਘੁੱਟ ਕੇ ਛਾਤੀ ਦੇ ਨਾਲ ਲਾਇਆ, ਬਿਨਾਂ ਵਿਤਕਰੇ ਪਾਣੀ ਪਿਆਈ ਜਾ।
ਸੱਚੇ ਪਾਤਸ਼ਾਹ ਨੇ ਹੱਥ ਤੇ ਧਰੀ ਡੱਬੀ, ਨਾਲ ਜਖ਼ਮਾਂ ਤੇ ਮਲ੍ਹੱਮ ਵੀ ਲਾਈ ਜਾ ਤੂੰ।
ਸੱਚੇ ਸਿੱਖ ਦੀ ਸੇਵਾ ਪ੍ਰਵਾਨ ਹੋਈ, ਜਿਹਨੇ ਸੇਵਾ ਕੀਤੀ ਨਾਲ ਕਰਤਾਰ ਜੁੜ ਗਏ।
ਜਿਹੜੇ ਆਏ ਸੀ ਚੁਗਲੀਆਂ ਲਾਉਣ ਦੇ ਲਈ, 'ਮੋਹਣ' ਵਰਗੇ ਹੋਕੇ ਸ਼ਰਮਸਾਰ ਮੁੜ ਗਏ।

ਕੁਰਸੀ ਦੀ ਕਰਾਮਾਤ

ਮੇਜ਼ ਨਾਲੋਂ ਭਾਵੇਂ ਕੁਰਸੀ ਦਾ ਕੱਦ ਛੋਟਾ, ਟੋਹਰ ਮੇਜ਼ ਤੋਂ ਵੱਧ ਰਖਾਏ ਕੁਰਸੀ।
ਉਝ ਮੇਜ਼ ਦੇ ਥੱਲੇ ਅਸੂਲ ਇਹਦਾ, ਮੇਜ਼ ਉਤੇ ਚੜ੍ਹਨ ਤੋਂ ਵਾਜ ਨਾ ਆਏ ਕੁਰਸੀ।
ਕਦੀ ਮੇਜ਼ ਥੱਲੇ ਕਦੀ ਮੇਜ਼ ਉੱਤੇ, ਰੰਗ ਆਪਣੇ ਅਨੇਕਾਂ ਦਿਖਾਏ ਕੁਰਸੀ।
ਪਾਣੀ ਵੱਲ ਨਿਵਾਨਾਂ ਨੂੰ ਜਿਵੇਂ ਵੱਗਦਾ, ਬਿਨਾਂ ਪੇਂਤ ਦੀ ਲੁਟੀਆ ਕਹਾਏ ਕੁਰਸੀ।
ਏਸ ਕੁਰਸੀ ਨੇ ਲੀਡਰਾਂ ਦੀ ਮੱਤ ਮਾਰੀ, ਨਾਚ ਬਾਂਦਰਾਂ ਵਾਲਾ ਨਚਾਏ ਕੁਰਸੀ।
ਵੱਸ ਕੁਰਸੀ ਨੇ ਸਾਰਾ ਜ਼ਹਾਨ ਕੀਤਾ, ਹਰ ਕੋਈ ਚਾਹੁੰਦਾ ਮੈਨੂੰ ਮਿਲ ਜਾਏ ਕੁਰਸੀ।
ਜਦੋਂ ਕੁਰਸੀ ਤੋਂ ਲੱਥੇ ਹਾਏ-ਹਾਏ ਕੁਰਸੀ, ਜਦੋਂ ਕੁਰਸੀ ਮਿਲੇ ਬਾਏ ਬਾਏ ਕੁਰਸੀ।
ਜਦੋਂ ਨੇਤਾ ਨੂੰ ਕੁਰਸੀ ਦੀ ਤਾਂਘ ਲੱਗ ਜਾਏ, ਦੋਵੀ ਹੱਥੀ ਦੌਲਤਾਂ ਲੁਟਾਏ ਕੁਰਸੀ।
ਅਰਜਨ ਵਾਂਗਰਾਂ ਨਿਸ਼ਾਨੇ ਵਿਚ ਅੱਖ ਦਿਸਦੀ, ਉਹਨੂੰ ਕੁਝ ਵੀ ਨਾ ਦਿਸੇ ਸਿਵਾਏ ਕੁਰਸੀ।
ਝੂਠੇ ਵਾਅਦੇ ਮੰਚ ਤੇ ਹਜ਼ਾਰ ਕਰਕੇ, ਸਬਜ ਬਾਗ ਕਈ ਸੁਪਨੇ ਵਿਖਾਏ ਕੁਰਸੀ।
ਸਣੇ ਮੂਲ ਦੇ ਆਪਣਾ ਵਿਆਜ਼ ਮੋੜੇ, ਕਿਸ਼ਤਾਂ, ਕਰਜ਼ਾ, ਉਧਾਰ ਸਭ ਲਾਏ ਕੁਰਸੀ।
ਬਹਿਕੇ ਕੁਰਸੀ ਤੇ ਰੰਗ ਸਫੇਦ ਹੋ ਜਾਏ, ਰੰਗ ਆਪਣਾ ਹੀ ਨਵਾਂ ਵਿਖਾਏ ਕੁਰਸੀ।
ਸ਼ੇਰੇ ਪੰਜਾਬ ਸੀ ਕੁਰਸੀ ਤੋਂ ਜਦੋਂ ਲੱਥਾ, ਫੇਰ ਕਈਆਂ ਦੇ ਗੱਲੇ ਕਟਾਏ ਕੁਰਸੀ।
ਇਹ ਕੁਰਸੀ ਤਮਾਸ਼ਾ ਬਣ ਵੇਖਦੀ ਰਹੀ, ਕਈ ਪੂਰਾਂ ਦੇ ਪੂਰ ਖਪਾਏ ਕੁਰਸੀ।
ਇਹ ਕੁਰਸੀ ਨਾ ਕਿਸੇ ਦੀ ਮਿੱਤ ਬਣਦੀ, ਭੁੰਜੇ ਸੁਟੇ ਪਿਛੇ ਸੀਖਾਂ ਕਰਾਏ ਕੁਰਸੀ।
ਬਿਨਾਂ ਰਿਸ਼ਵਤ ਦੇ ਕੰਮ ਨਾ ਕੋਈ ਚੱਲੇ, ਬਾਬੂ ਮੇਜ਼ ਦੇ ਲਾਗੇ ਜਦੋਂ ਡਾਏ ਕੁਰਸੀ।
ਗਾਂਧੀਵਾਦ ਅੰਨਾਂ ਰੌਲਾ ਪਾ ਹੱਟਿਆ, ਕਿਤੇ ਲੋਕਪਾਲ ਬਿੱਲ ਲਿਆਏ ਕੁਰਸੀ।
ਬੀਬੀ ਸੋਨੀਆਂ ਕੁਰਸੀ ਨੂੰ ਜ਼ਹਿਰ ਆਖੇ, ਐਪਰ ਅੰਨਾਂ ਜੀ ਨਸ਼ਾ ਬਤਾਏ ਕੁਰਸੀ।
ਚੇਤਾ ਰੱਬ ਦਾ ਦਿਲੋਂ ਭੁਲਾ ਦਿੰਦੀ, ਥਾਨੇਦਾਰ ਦੇ ਤਾਂਈ ਮਰਵਾਏ ਕੁਰਸੀ।
ਜਾਦੂ ਕੁਰਸੀ ਦਾ ਸਿਰ ਚੜ ਬੋਲਦਾ ਏ, ਮਾਵਾਂ, ਭੈਣਾਂ ਦੀਆਂ ਗਾਲਾਂ ਕਢਾਏ ਕੁਰਸੀ।
ਕਾਕੇ ਲੀਡਰਾਂ ਦੇ ਕਰਨ ਮੁਸ਼ਟੰਡ ਬਾਜ਼ੀ, ਸਰੇ ਬਜ਼ਾਰ ਹੀ ਇੱਜ਼ਤਾਂ ਲੁਟਾਏ ਕੁਰਸੀ।
ਮੰਦਿਰ, ਮਸਜਿਦ, ਗੁਰੂਦਵਾਰੇ ਸਭ ਡਾਹ ਸੁੱਟਣ, ਨਸ਼ਾ ਹਕੂਮਤ ਦਾ ਐਸਾ ਚੜਾਏ ਕੁਰਸੀ।
ਹੱਕਾਂ ਵਾਸਤੇ ਧਰਨੇ ਭਾਂਵੇ ਲੱਖ ਲਾਵੋ, ਨੰਗਾ ਮੌਤ ਦਾ ਨਾਚ ਨਚਾਏ ਕੁਰਸੀ।
ਕੁਰਸੀ ਵਾਲਿਆਂ ਨੂੰ ਰੱਬਾ ਸੁੱਮਤ ਬਖ਼ਸ਼ੀ ਕਿਤੋਂ ਲੋਕਾਂ ਦਾ ਦਰਦ ਵੰਡਾਏ ਕੁਰਸੀ।
ਰਖੀਂ ਨੇਤਾ ਦਾ ਤੂੰਹੀ ਇਮਾਨ ਪੱਕਾ, ਕਿਤੇ ਕੁਰਸੀ ਬਦਲੇ ਵਿੱਕ ਨਾ ਜਾਏ ਕੁਰਸੀ।
ਆਵੋ ਕਰੀਏ ਦੁਆਵਾਂ ਖ਼ੁਦਾ ਅੱਗੇ, ਮਾੜੇ ਗਰੀਬ ਨੂੰ ਗਲੇ ਨਾਲ ਲਾਏ ਕੁਰਸੀ।
'ਮੋਹਣ' ਕਰੇ ਨਮਸਕਾਰ ਉਹਨੂੰ ਲੱਖ ਵਾਰੀ, ਤਨੋਂ ਮਨੋਂ ਜੇ ਫਰਜ਼ ਨਿਭਾਏ ਕੁਰਸੀ।

ਬੁਢਾਪਾ

ਇਕ ਦਿਨ ਚਿਹਰਾ ਸ਼ੀਸ਼ੇ ਵਿਚ ਤੱਕਿਆ ਮੈਂ, ਚਿੱਟੇ ਵਾਲ ਥੋੜੇ-ਥੋੜੇ ਆਈ ਜਾਂਦੇ।
ਇਹਨਾਂ ਆਇਆ ਨੂੰ ਜੀ ਆਇਆਂ ਆਖਿਆ ਨਾ, ਫਿਰ ਵੀ ਧੱਕੇ ਨਾਲ ਡੇਰਾ ਜਮਾਈ ਜਾਂਦੇ।
ਅਜੇ ਜਵਾਨ ਹਾਂ ਬੁੱਢਾ ਤਾਂ ਨਹੀਂ ਹੋਇਆ, ਐਵੇਂ ਬਜ਼ੁਰਗੀ ਦਾ ਲੇਬਲ ਜਿਹਾ ਲਾਈ ਜਾਂਦੇ।
ਮਹਿੰਗੀ ਡਾਈ ਲਾਕੇ ਪਰਦੇ ਚਾਹੇ ਲੱਖ ਕੱਜੋ, ਢੀਠ ਆਪਣਾ ਰੰਗ ਵਿਖਾਈ ਜਾਂਦੇ।
ਸੋਚਾਂ ਭੌਰਿਆਂ ਨੇ ਇਕ ਦਿਨ ਉੱਡ ਜਾਣਾ, ਆਕੇ ਹੰਸਾਂ ਨੇ ਥਾਂ ਮੱਲ ਲੈਣੀ।
ਛੱਡ ਕੇ ਬਦੀਆਂ ਨੇਕੀਆਂ ਦਾ ਫੜ ਪੱਲ੍ਹਾ, ਜੇਕਰ ਦੁਨੀਆਂ ਵਿਚੋਂ ਖੱਟ ਭਲ ਲੈਣੀ।
ਕਹਿੰਦੇ ਕਾਲਿਆਂ ਨੇ ਨਹੀਉ ਤੇਰੇ ਨਾਲ ਨਿਭਣਾ, ਤੇਰਾ ਪੱਲ੍ਹਾ ਇਕ ਦਿਨ ਛੱਡਣਾ ਏ।
ਪੈਂਤੀ-ਚਾਲੀ ਤੋਂ ਵੱਧ ਨਾ ਸਾਥ ਦੇਣਾ, ਕਰਕੇ ਗੋਲ ਬਿਸਤਰਾ ਏਹਨਾਂ ਭੱਜਣਾ ਏ।
ਸਾਡਾ ਆਇਆਂ ਦਾ ਮਾਣ-ਸਤਿਕਾਰ ਕਰ ਲੈ, ਕਾਹਤੋਂ ਮੋਚਣੇ ਦੇ ਨਾਲ ਚੁਣ-ਚੁਣ ਕੱਢਣਾ ਏ।
ਨਾਮ ਜਪ ਕੇ ਕਰ ਲੈ ਤੂੰ ਮਨ ਸਫ਼ਲਾ, ਆਖ਼ਿਰ ਜਮਾਂ ਦਾ ਡੰਡਾ ਸਿਰ ਵੱਜਣਾ ਏ।
ਆ ਗਏ ਅੰਤ ਤੱਕ ਦੇਵਾਂਗੇ ਸਾਥ ਤੇਰਾ, ਤੁਰ ਜਾਣੀ ਜਵਾਨੀ ਐਵੇ ਨਾ ਮਾਰ ਮਿਹਣਾ।
ਵਾਂਗ ਕਾਲਿਆਂ ਦੇ ਦੇਈਏ ਨਾ ਧੋਖਾ ਤੈਨੂੰ, ਮੜ੍ਹੀਆਂ ਤੀਕਰ 'ਮੋਹਣ' ਤੇਰਾ ਸਾਥ ਦੇਣਾ

ਰਾਜੂ ਦੀ ਨਵੀਂ ਲੱਤ

ਰਾਜੂ ਛੇਵੀ ਜਮਾਤ ਵਿਚ ਪੜ੍ਹਨ ਵਾਲਾ, ਸਾਰੀ ਛੁੱਟੀ ਵੇਲੇ ਘਰੇ ਭੱਜਿਆ ਜਾ ਰਿਹਾ ਸੀ।
ਭੱਜੇ ਜਾਂਦੇ ਨੇ ਸੜਕ ਨੂੰ ਪਾਰ ਕੀਤਾ, ਅੱਗੋਂ ਟੈਂਪੂ ਸਵਾਰੀਆਂ ਦਾ ਆ ਰਿਹਾ ਸੀ।
ਟੈਂਪੂ ਵਾਲੇ ਨੇ ਵੇਖ ਬਰੇਕ ਮਾਰੀ, ਟੈਂਪੂ ਗੇੜਾ ਦੇ ਕੱਚੀ ਤੇ ਜਾ ਖੜਿਆ।
ਟੈਂਪੂ ਵਾਲੇ ਨੂੰ ਕੋਈ ਨਾ ਸਮਝ ਲੱਗੀ, ਬੜਾ ਰੋਕਿਆ ਪਰ ਰਾਜੂ ਤੇ ਜਾ ਚੜਿਆ।
ਟੈਂਪੂ ਵਾਲੇ ਸਵਾਰੀਆਂ ਉਤਾਰ ਸਭੇ, ਐਮਰਜੈਂਸੀ ਰਾਜੂ ਨੂੰ ਦਾਖ਼ਲ ਕਰਾ ਦਿੱਤਾ।
ਉਸ ਅਤਾ-ਪਤਾ ਰਾਜੂ ਤੋਂ ਪੁਛ ਸਾਰਾ, ਉਹਦੇ ਮਾਪਿਆਂ ਦੇ ਘਰੇ ਫੋਨ ਲਾ ਦਿੱਤਾ।
ਮੋਟਰ ਸਾਇਕਲ ਤੇ ਹੋਕੇ ਸਵਾਰ ਮਾਪੇ, ਰਿਸ਼ਤੇਦਾਰ ਸਭ ਹਸਪਤਾਲ ਆਉਣ ਲੱਗੇ।
ਐਮਰਜੈਂਸੀ ਵਿਚ ਉਪਰੇਸ਼ਨ ਚੱਲਦਾ ਸੀ, ਮਾਪੇ ਕਾਹਲੇ ਪੈ ਕੁੰਡਾ ਖੜਕਾਉਣ ਲੱਗੇ।
ਬਾਹਰ ਆਕੇ ਕਮਪੋਡਰ ਧਰਾਸ ਦਿੱਤਾ, ਲੱਤ ਟੁੱਟ ਗਈ ਟੁੱਟੀ ਹੱਡੀ ਕੱਢਣੀ ਏ।
ਤੁਹਾਡੇ ਮੁੰਡੇ ਦੀ ਜਾਨ ਬਚਾਉਣ ਦੇ ਲਈ, ਜਾਪੇ ਰਾਜੂ ਦੀ ਲੱਤ ਪੈਣੀ ਵੱਢਣੀ ਏ।
ਮਾਪੇ ਕਹਿੰਦੇ ਇਹਨੂੰ ਲੰਗੜਾ ਨਹੀਂ ਵੇਖ ਸਕਦੇ, ਕੋਈ ਲੱਤ ਬਨਾਉਟੀ ਚੜਾ ਛਡੋ।
ਰਾਜੂ ਢੀਚਕ ਜਿਹਾ ਮਾਰ ਕੇ ਤੁਰੇ ਭਾਂਵੇਂ, ਕਿਸੇ ਜਾਨਵਰ ਦੀ ਲੱਤ ਇਹਨੂੰ ਲਾ ਛਡੋ।
ਟੀਮ ਡਾਕਟਰਾਂ ਦੀ ਬੜਾ ਕਮਾਲ ਕੀਤਾ, ਤੱਤੇ-ਤਾ ਘੁੰਡੀ ਵਿਚ ਘੁੰਡੀ ਪਾ ਦਿੱਤੀ।
ਉਪਰੇਸ਼ਨ ਸਫ਼ਲ ਹੋਇਆ ਰਾਜੂ ਤੁਰਨ ਲੱਗਾ, ਉਹਨੂੰ ਕੁੱਤੇ ਦੀ ਲੱਤ ਲਗਾ ਦਿੱਤੀ।
ਥੋੜੇ ਚਿਰਾਂ ਤਾਂਈ ਰਾਜੂ ਪੂਰਾ ਦੌੜਦਾ ਏ, ਨਿਰੀ ਕੁੱਤੇ ਵਾਲੀ ਚਾਲੇ ਚਲਦਾ ਏ।
ਸਭ ਤੋਂ ਪਹਿਲਾਂ ਸਕੂਲ ਵਿਚ ਜਾ ਪੁਜੇ, ਮੂਹਰੇ ਸਾਰਿਆਂ ਤੋਂ ਪਹਿਲੀ ਥਾਂ ਮੱਲਦਾ ਏ।
ਕੁਝ ਦਿਨਾਂ ਬਾਅਦ ਡਾਕਟਰ ਨੇ ਫੋਨ ਕੀਤਾ, ਦਸੋ ਰਾਜੂ ਪੁੱਤਰ ਦਾ ਹਾਲ ਕਿੱਦਾਂ?
ਲੱਤ ਰਾਜੂ ਦੀ ਪੂਰਾ ਵਜ਼ਨ ਝੱਲਦੀ ਏ, ਤੁਰਨ ਲੱਗਿਆਂ ਰਾਜੂ ਦੀ ਚਾਲ ਕਿੱਦਾਂ?
ਪਿਤਾ ਮੁੰਡੇ ਦੇ ਮੋੜਕੇ ਕਿਹਾ ਰਾਜੂ, ਜੀਭ ਕੱਢਦਾ ਨਾਲੇ ਲਾਲਾਂ ਸੁਟਦਾ ਏ।
ਬਾਥਰੂਮ ਕਰਨ ਲਈ ਫਿਰ ਧਾਰ ਮਾਰੇ, ਪਹਿਲਾਂ ਨਵੀਂ ਲੱਤ ਉਪਰ ਝੁਕਦਾ ਏ।

ਕਿਹਰੂ ਅਮਲੀ ਅਤੇ ਭਜਨੋ

ਕਿਹਰੂ ਅਮਲੀ ਦੀ ਵਿਚਾਰੀ ਧਰਮਪਤਨੀ, ਉਹਨੂੰ ਅਮਲਾਂ ਦੇ ਰੋਜ਼ ਮਿਹਣੇ ਮਾਰਦੀ ਸੀ।
ਛੱਡ ਦੇ ਵੈਲੀਆ ਨਸ਼ੇ ਪੱਤੇ ਅਫੀਮ ਜ਼ਰਦਾ, ਸੁਬ੍ਹਾ ਉਠ ਰੋਜ਼ ਚਿਤਾਰਦੀ ਸੀ।
ਕਿਹਰੂ ਕਹਿੰਦਾ ਨਿੱਕੇ ਹੁੰਦੇ ਤੋਂ ਵੈਲ ਲੱਗਾ, ਹੌਲੀ-ਹੌਲੀ ਥੋੜਾ-ਥੋੜਾ ਕਰਕੇ ਛੱਡ ਦਿਉਂਗਾ।
ਲਾਰੇ ਲੱਪੇ ਲਾ ਕੇ ਡੰਗ ਟਪਾਈ ਜਾਂਦਾ, ਕਹਿੰਦਾ ਨਸ਼ਾ ਕੋਹੜ ਵਾਲਾ ਜੜੋਂ ਵੱਢ ਦਊਂਗਾ।
ਪੰਜ ਵਾਰ ਰੁੱਸ ਕੇ ਪੇਕਿਆਂ ਦੇ ਜਾ ਬੈਠੀ, ਵਾਸਤਾ ਬੱਚਿਆਂ ਦਾ ਉਹਦੇ ਅੱਗੇ ਪਾਂਵਦਾ ਏ।
ਚੋਰਾਂ, ਆਸ਼ਕਾਂ ਦਾ ਕਸਮਾਂ ਨਾਲ ਵਿਹਾਰ ਹੁੰਦਾ, ਝੂਠੀਆਂ ਸਹੋ ਖਾਕੇ ਫੇਰ ਜਾ ਮਨਾਂਵਦਾ ਏ।
ਚਾਣ-ਚੱਕ ਹੀ ਭਜਨੋ ਨੇ ਪਾਏ ਚਾਲੇ, ਪਿੰਡ ਵਾਲੇ ਲੋਕੀ ਉਹਦੇ ਘਰੇ ਆਉਣ ਲੱਗੇ।
ਨਿੱਕੇ ਬਾਲ ਇਸ ਅਮਲੀ ਦੇ ਰੁੱਲ ਜਾਣੇ, ਲੋਕੀ ਦੇ ਕੇ ਦਿਲਾਸਾ ਵਰਾਉਣ ਲੱਗੇ।
ਕਿਹਰੂ ਸੋਚਦਾ ਏ ਨਿੱਤ ਦੀ ਰੋਲੀ ਮੁੱਕੀ, ਨਿੱਤ ਰੋਜ਼ ਬਹਾਰੀ ਖੜੀ ਰੱਖਦੀ ਸੀ।
ਛੱਡ ਨਸ਼ੇ ਨਹੀਂ ਤੇ ਪੇਕੇ ਮੈਂ ਤੁਰ ਜਾਣਾ, ਰੱਟਾ ਇਕੋ ਹੀ ਫੜੀ ਰੱਖਦੀ ਸੀ।
ਦੂਜੇ ਪਾਸੇ ਜੁਦਾਈ ਵਾਲਾ ਸਲ ਔਖਾ, ਨਿੱਕੇ ਜੁਆਕ ਦੱਸ ਹੁਣ ਕੀਹਨੇ ਸਾਂਭਣੇ ਨੇ।
ਪੈਲੀ ਬਨਾਂ ਮਾਲ ਡੰਗਰ ਦਾ ਕੱਖ ਪੱਠਾ, ਘਰੇ ਭਾਂਡੇ ਜੂਠੇ ਕੀਹਨੇ ਹੁਣ ਮਾਂਜਣੇ ਨੇ।
ਮੇਰਿਆਂ ਵੈਲਾਂ ਤੋਂ ਹੋ ਗਈ ਸੀ ਤੰਗ ਡਾਢੀ, ਅਮਲ ਛਡਾਉਂਦੀ ਮੇਰਾ ਸਾਥ ਛੱਡ ਗਈ ਤੂੰ।
ਜਿੰਦ ਮਲੂਕ ਤੇ ਪੈਂਡਾ ਬਿਖੜੇ ਰਾਹ ਵਾਲਾ, ਕਿਹੜੇ ਜਨਮਾਂ ਦਾ ਵੈਰ ਮੈਥੋਂ ਕੱਢ ਗਈ ਤੂੰ।
ਪਿੰਡ ਵਾਲੇ ਦਿਲਾਸੇ ਉਹਨੂੰ ਦੇਣ ਸਾਰੇ, ਵੇਖ ਜਵਾਕ ਨਿੱਕੇ ਨਿੱਕੇ ਭੁਬਾਂ ਮਾਰਦਾ ਏ।
ਕਦੀ ਸੋਚੇ ਹੁਣ ਵੈਲਾਂ ਵਾਲਾ ਰਾਹ ਖੁਲ੍ਹਾ, ਭਾਣਾ ਮੰਨਣਾ ਪਊ ਕਰਤਾਰ ਦਾ ਏ।
ਨਵਾ-ਧਵਾ ਬੁੱਢੀਆਂ ਤਿਆਰ ਕੀਤੀ, ਸੁਰਮ-ਸਲਾਈ ਕਰ ਮਾਂਗੇ ਸੰਧੂਰ ਪਾਇਆ।
ਕਿਹਰੂ ਆਖੇ ਮੇਰੇ ਜ਼ਖਮਾਂ ਤੇ ਲੂਣ ਭੂਕੋ, ਮਾਈਆਂ ਕਹਿਣ ਧੁਰੋਂ ਚੱਲਦਾ ਦਸਤੂਰ ਆਇਆ।
ਬੁੱਢੀਆਂ ਆਖਣ ਕਰੋ ਇਹਦਾ ਸ਼ਿੰਗਾਰ ਪੂਰਾ, ਸੁਹਾਗਣ-ਭਾਗਣ ਸੰਸਾਰ ਤੋਂ ਜਾ ਰਹੀ ਏ।
ਉਧਰ ਕਿਹਰੂ ਦੇ ਦਿਲ ਨੂੰ ਹੋਲ ਪੈਂਦੇ, ਹਵੇਲੀ ਕੱਲੇ ਨੂੰ ਵੱਢ ਵੱਢ ਖਾ ਰਹੀ ਏ।
ਸੋਚੇ ਕਰਾਕੇ ਵਰੀਣਾ ਦੂਜਾ ਵਿਆਹ ਕਰ ਲਊ, ਦੜ ਵੱਟ ਕੇ ਵੇਲਾ ਵਿਚਾਰ ਲੈ ਤੂੰ।
ਤੇਲ ਚੌਂਕੇ ਲਿਆਉ ਦੂਜੀ ਨੌਂਹ ਤੇਰੀ, ਮਾਈ ਇਕ ਵਾਰੀ ਫੇਰ ਪਾਣੀ ਵਾਰ ਲੈ ਤੂੰ।
ਭਾਂਡਾ ਭੰਨਿਆਂ ਅਰਥੀ ਮੋਢੇ ਦੇਣ ਸਾਰੇ, ਰਾਮ-ਨਾਮ-ਸੱਤ ਦਾ ਵਾਜ਼ਾ ਲੋਕੀ ਲਾਉਣ ਲੱਗੇ।
ਮੜੀਆਂ ਵਾਲੇ ਰਾਹ ਤੇ ਟਾਹਲੀ ਦਾ ਰੁੱਖ ਵੱਡਾ, ਟਾਹਲੀ ਥੱਲਿਉਂ ਜਾ ਅਰਥੀ ਲੰਭਾਉਣ ਲੱਗੇ
ਛਮਕਾਂ ਲਮਕਦੀਆਂ ਅਰਥੀ ਦੇ ਨਾਲ ਅੜੀਆਂ, ਇਕ ਛਮਕ ਉਹਦੀ ਅਰਥੀ ਨਾ ਖਹਿ ਗਈ ਏ।
ਭਜਨੋ ਮਾਰਕੇ ਝਟਕਾ ਮੂੰਹ ਤੋਂ ਕਫਨ ਲਾਇਆ ਪੀਨਕ ਖੁੱਲ ਗਈ ਆਪੇ ਉਠ ਕੇ ਬਹਿ ਗਈ ਏ।
ਪਿਛੇ ਤੱਕਿਆ ਰਾਮ-ਨਾਮ ਸੱਤ ਦਾ ਜਾਪ ਹੁੰਦਾ, ਕਹਿੰਦੀ ਚੁੱਪ ਕਰੋ ਕਾਹਤੋਂ ਸੰਘ ਪਾੜਦੇ ਹੋ।

ਆਖੇ ਰਖੋ ਭੁੰਜੇ ਹਾਏ-ਹਾਏ ਤੁਹਾਡਾ ਕੱਖ ਨਾ ਰਹੇ, ਮੈਨੂੰ ਜਿਉਂਦੀ ਨੂੰ ਕਿਹੜੀ ਗੱਲੋਂ ਸਾੜਦੇ ਹੋ।
ਭੁੰਜੇ ਰੱਖ ਕੇ ਕੰਨੋ-ਸੰਨੀ ਹੋਣ ਲੋਕੀ, ਪਿੰਡ ਸਾਰਾ ਪਿਛੇ ਡਰ ਕੇ ਖਲੋ ਗਿਆ।
ਕਹਿੰਦਾ ਬਾਤਾਂ ਕਹਾਣੀਆਂ ਵਿਚ ਸੁਣੀਂਦਾ ਸੀ, ਅੱਖੀ ਵੇਖ ਲੋ ਮੁਰਦਾ ਜਿਉਂਦਾ ਹੋ ਗਿਆ।
ਵਾਪਿਸ ਆਕੇ ਬੁੱਢੀਆਂ ਘਰੇ ਮੁੜਨ ਲੱਗੀਆਂ, ਸੁੱਖੀ ਸਾਂਦੀ ਪਰਵਾਰੋਂ ਮੁੜੀ ਕੀ ਕਹੀਏ।
ਭਜਨੋ ਆਖਦੀ ਚਾਹ ਅਫੀਮ ਵਾਲੀ, ਅੱਜ ਚੁੱਕ ਕੇ ਭੁਲੇਖੇ ਨਾਲ ਪੀ ਲਈ ਏ।
ਕਈਆਂ ਦਿਨਾਂ ਦੀ ਇਹਦੀ ਜਾਨ ਨੂੰ ਰੋ ਰਹੀ ਹਾਂ, ਕਦੀ ਸੱਚੀ-ਮੁੱਚੀ ਚੰਨ ਇਹਨੇ ਚਾੜ ਦੇਣਾ।
ਵੇਲਾ ਰਹਿੰਦੇ ਖੁੱਲ੍ਹ ਗਈ ਝੋਕ ਮੇਰੀ, ਤੁਸਾਂ ਜਿਉਂਦੀ ਨੂੰ ਸੀ ਅੱਜ ਮੈਨੂੰ ਸਾੜ ਦੇਣਾ।
ਅਮਲੀ ਕਹਿਰੂ ਦੀਆਂ ਆਸਾਂ ਤੇ ਫਿਰ ਗਿਆ ਪਾਣੀ, ਰੱਬ ਵੱਖਰੇ ਹੀ ਚੋਜ ਵਰਤਾਵਨਾ ਏ।
ਇਹਦੇ ਨਾਲੋਂ ਤਾਂ ਰੱਬ ਮੈਨੂੰ ਚੁੱਕ ਲੈਂਦਾ, ਮੇਰਾ ਖ਼ਬਰੇ ਕਦੋਂ ਖਹਿੜਾ ਛੁਡਾਵਨਾ ਏ।
ਤੂੰ-ਤੂੰ ਮੈਂ-ਮੈਂ ਅੱਗੇ ਨਾਲੋਂ ਵੱਧ ਹੋਣ ਲੱਗੀ, ਇਕ ਦਿਨ ਕਿਹਰੂ ਨੇ ਫਿਰ ਝਟਕਾ ਵਿਖਾ ਦਿੱਤਾ।
ਦੁੱਖੀ ਹੋ ਭਜਨੋ ਦੀਆਂ ਅੱਖਾਂ ਵਿਚ ਪਾ ਘੱਟਾ, ਉਹਨੂੰ ਭੁੱਕੀ ਵਾਲਾ ਚਾਟਾ ਛਕਾ ਦਿੱਤਾ।
ਭਾਣਾ ਵਰਤਿਆ ਭਜਨੋਂ ਫੇਰ ਪਾਏ ਚਾਲੇ, ਸਿਆਣੇ ਕਹਿੰਦੇ ਚੁਕੋ ਮੜ੍ਹੀਆਂ ਵਿਚ ਛੱਡ ਆਵੋ।
ਅਮਲੀ ਆਖਦਾ ਅਰਥੀ ਫੇਰ ਚੁਕਿਉ ਜੇ, ਪਹਿਲਾਂ ਟਾਲੀ ਦੀਆਂ ਛਮਕਾਂ ਜਾਕੇ ਵੱਡ ਆਵੋ।
ਮੁੰਡੇ ਲੈ ਕੇ ਟਕੂਏ ਛਮਕਾਂ ਵੱਢ ਆਏ, ਉਹਨਾਂ ਮੜ੍ਹੀਆਂ ਵਾਲਾ ਰਸਤਾ ਸਾਫ਼ ਕੀਤਾ।
ਭਜਨੋ ਛੁੱਟ ਗਈ ਅਮਲੀ ਦੇ ਝੇੜਿਆਂ ਤੋਂ, ਉਹਨੇ ਸਤਵੇਂ ਅਸਮਾਨੇ ਜਾ ਨਿਵਾਸ ਕੀਤਾ।
ਘਰ ਆਏ ਤਾਂ ਮੀਂਹ ਦੇ ਨਾਲ ਆਈ ਨੇਰੀ, ਤਾਰਾਂ ਹਿੱਲੀਆਂ ਲਾਈਟ ਬੱਤੀ ਬੁੱਝ ਗਈ ਏ।
ਲਿਸ਼ਕਿਆ ਬੱਦਲ ਬਿਜਲੀ ਨੇ ਕੜਕ ਮਾਰੀ, ਕਿਹਰੂ ਆਖਦਾ ਭਜਨੋਂ ਉਪਰ ਪੁੱਜ ਗਈ ਏ।
'ਮੋਹਣ' ਆਖਦਾ ਲੋਕਾਂ ਨੇ ਤੱਤ ਕੱਢਿਆ, ਕਿਹਰੂ ਅਮਲੀ ਦਾ ਬੇੜਾ ਬਹਿ ਗਿਆ ਏ।
ਉਹਨੂੰ ਆਪਣੇ ਨਿਆਣੇ ਸਾਂਭਨੇ ਪਏ ਆਪੇ, ਸਾਰੀ ਉਮਰ ਲਈ ਕਿਹਰੂ ਛੜਾ ਰਹਿ ਗਿਆ ਏ।

ਖਿਚੜੀ

ਭੁਲਕੜ ਸਿੰਘ ਦਾ ਢਿੱਡ ਨਾਲੇ ਸਿਰ ਦੁਖਿਆ, ਸੁਬ੍ਹਾ ਉਠ ਡਾਕਟਰ ਵੱਲੇ ਜਾਂਵਦਾ ਏ।
ਢਿੱਡ ਪੀੜ ਨੇ ਮੈਨੂੰ ਨਾ ਸੌਣ ਦਿੱਤਾ, ਦੁਖੜਾ ਆਪਣਾ ਖੋਲ ਸੁਣਾਂਵਦਾ ਏ।
ਢਿੱਡ ਸਿਰ ਪੀੜ ਦੀ ਵੱਖੋ-ਵੱਖ ਦਿੱਤੀ ਗੋਲੀ, ਨਾਲ ਪੀਣ ਨੂੰ ਦਿੱਤੀ ਦਵਾਈ ਉਹਨੇ।
ਲੱਸੀ ਚਾਹ ਖੱਟੇ-ਮਿੱਠੇ ਦਾ ਪ੍ਰਹੇਜ਼ ਰੱਖੀ, ਇਕੱਲੀ ਖਾਣ ਨੂੰ ਖਿਚੜੀ ਬਤਾਈ ਉਹਨੇ।
ਕਹਿੰਦਾ ਗੋਲੀਆਂ ਖਾਦੀਆਂ ਢਿੱਡ ਵਿਚ ਪੈਣਾ, ਐਪਰ ਸਿਰ ਵਾਲੀ ਉਪਰ ਕਿਵੇਂ ਜਾਉਗੀ ਏਹ।
ਢਿੱਡ ਵਾਲੀ ਨੇ ਆਪਣਾ ਕੰਮ ਕਰੀ ਜਾਣਾ, ਸਿਰ ਵਾਲੀ ਮੇਰਾ ਸਿਰ ਕਿਵੇਂ ਹਟਾਉਗੀ ਏਹ।
ਡਾਕਟਰ ਆਖਦਾ ਤੂੰ ਇਥੋਂ ਵਾਚ ਪਤਰਾ, ਇਹਨਾਂ ਆਪੇ ਕ੍ਰਿਸ਼ਮਾ ਦਿਖਾ ਦੇਣਾ।
ਨਹੀਂ ਤੇ ਡੰਗਰਾਂ ਵਾਲੀ ਸੂਈ ਚਾੜ ਤੇਰੇ, ਮੂਧਾ ਮਾਰਕੇ ਵੱਡਾ ਟੀਕਾ ਲਾ ਦੇਣਾ।
ਡਰਦਾ ਟੀਕੇ ਤੋਂ ਭੁਲਕੜ ਬਾਹਰ ਆਇਆ, ਪਿਛੇ ਮੁੜ ਮੁੜ ਦੁਕਾਨ ਵੱਲ ਝਾਕਦਾ ਏ।
ਪੁਰੇ ਤਿੰਨ ਫੁੱਟ ਉਤੇ ਗੋਲੀ ਜਾਉ ਕਿੱਦਾਂ, ਦਿਮਾਗ਼ ਹਿੱਲਿਆ ਇਸ ਡਾਕਟਰ ਦਾ ਜਾਪਦਾ ਏ।
ਘਰੇ ਆਉਣ ਤੱਕ ਖਿਚੜੀ ਨਾ ਭੁੱਲ ਜਾਵੇ, ਖਿਚੜੀ-ਖਿਚੜੀ ਦਾ ਰੱਟਾ ਲਾਉਣ ਲੱਗਾ।
ਤੁਰੇ ਜਾਂਦੇ ਦੇ ਰਾਹ ਵਿਚ ਵੱਡਾ ਖਾਲ ਆਇਆ, ਜਦੋਂ ਮਾਰਕੇ ਛਾਲ ਟੱਪੋਣ ਲੱਗਾ।
ਖਿਚੜੀ ਭੁੱਲ ਗਈ ਉਹਦੇ ਦਿਮਾਗ਼ ਵਿਚੋਂ ਖਾਉ-ਚਿੜੀ ਵਾਰ ਵਾਰ ਉਹ ਕਹਿਣ ਲੱਗਾ।
ਅੱਗੇ ਫ਼ਸਲ 'ਚੋਂ ਚਿੜੀਆਂ ਜੱਟ ਉਡਾਂਵਦਾ ਸੀ, ਖਾਉ-ਚਿੜੀ ਦਾ ਨਾਂ ਘੜੀ-ਮੁੜ ਲੈਣ ਲੱਗਾ।
ਜਿਮੀਦਾਰ ਨੇ ਸੀ ਅੱਗੇ ਜਾਲ ਪਾਇਆ, ਹਲਾ-ਹਲਾ ਦਾ ਲਾਕੇ ਹੋਕਾ ਤਾੜਦਾ ਏ,
ਖਾਉ-ਚਿੜੀ ਉਹ ਵਾਰ ਵਾਰ ਕਹੀ ਜਾਵੇ, ਜੱਟ ਫੜ ਕੇ ਛਿੱਤਰ ਉਹਦੇ ਝਾੜਦਾ ਏ।
ਭੁਲਕੜ ਕਹਿੰਦਾ ਜੱਟ ਨੂੰ ਹੋਰ ਕੀ ਆਖਾਂ, ਤੁਸੀਂ ਆਪ ਜ਼ਰਾ ਖਲੋ ਕੇ ਦੱਸੀ ਜਾਵੋ।
ਜੱਟ ਕਹਿੰਦਾ ਕਹਿ ਆਪਣੇ ਆਪ ਆਈ ਜਾਵੋ, ਨਾਲ ਆਣਕੇ ਜਾਲ ਵਿਚ ਫਸੀ ਜਾਵੋ
ਭੁਲਕੜ ਸਿੰਘ ਨੇ ਰੱਟਾ ਲਾਉਣਾ ਸ਼ੁਰੂ ਕੀਤਾ, ਅੱਗੇ ਚੋਰ ਕੋਈ ਦੁਕਾਨ ਲੁਟਦੇ ਨੇ।
ਕਹਿੰਦਾ ਆਈ ਜਾਵੋ ਜਾਲ ਵਿਚ ਫਸੀ ਜਾਵੋ, ਚੋਰ ਫੜਕੇ ਛਿੱਤਰਾਂ ਨਾਲ ਕੁਟਦੇ ਨੇ।
ਕੁਟ ਖਾ ਕੇ ਉਹਨਾਂ ਨੂੰ ਪੁੱਛ ਬੈਠਾ, ਕਿਹੜਾ ਕੀਤਾ ਏ ਮੈਂ ਘਾਲਾ-ਮਾਲ੍ਹਾ ਏ ਜੀ।
ਚੋਰ ਆਖਦੇ ਜ਼ੋਰ ਨਾਲ ਕਹਿੰਦਾ ਏ, ਅੱਜ ਦਿਨ ਚੜਿਆ ਭਾਗਾਂ ਵਾਲਾ ਏ ਜੀ।

ਭਾਗਾਂ ਵਾਲਾ ਦਿਨ ਵਾਰ-ਵਾਰ ਕਹਿਣ ਲੱਗਾ, ਅੱਗੇ ਮੁਰਦਾ ਲੋਕੀ ਚੁੱਕੀ ਆਂਵਦੇ ਨੇ।
ਸ਼ਾਡਾ ਬਾਪੂ ਮਰਿਆ ਏ ਭਾਂਗਾਂ ਵਾਲਾ ਦਿਨ ਕਹਿੰਦਾ, ਭੁਲਕੜ ਸਿੰਘ ਦੇ ਜੁੱਤੀਆਂ ਲਗਾਂਵਦੇ ਨੇ।
ਛਿੱਤਰ ਖਾਕੇ ਪੁੱਛੇ ਦੱਸੋ ਹੋਰ ਕੀ ਆਖਾਂ, ਕਹਿੰਦੇ ਮਾੜਾ ਹੋਇਆ ਇਸ ਮੌਕੇ ਕਹੀ ਦਾ ਏ।
ਇਕ ਦਿਨ ਦੁਨੀਆਂ ਨੂੰ ਸਾਰਿਆਂ ਛੱਡ ਜਾਣਾ, ਹੱਥ ਜੋੜ ਕੇ ਰੱਬ ਦਾ ਨਾਮ ਲਈਦਾ ਏ।
ਹੱਥ ਜੋੜਕੇ ਮਾੜਾ ਹੋਇਆ ਕਹਿਣ ਲੱਗਾ, ਮਾੜਾ ਹੋਇਆ ਦਾ ਰਾਗ ਅਲਾਪਦਾ ਏ।
ਸੇਹਰਾ ਬੰਨ੍ਹ ਕੇ ਘੋੜੀ ਦੇ ਉੱਤੇ ਬੈਠਾ ਅੱਗੋਂ ਲਾੜਾ ਬਰਾਤੇ ਚਲਿਆ ਜਾਪਦਾ ਏ।
ਉਹ ਜੰਞ ਚੜਨ ਲੱਗੇ ਮਾੜੇ ਬੋਲ ਬੋਲਦਾ ਏ, ਤੇਰੀ ਕੁੱਟ-ਕੁੱਟ ਤਿੜਕੀ ਘੁਮਾ ਦੇਣੀ।
ਬਰਾਤ ਸਾਰੀ ਨੇ ਭੁਲਕੜ ਨੂੰ ਪਾਇਆ ਘੇਰਾ, ਤੇਰੀ ਮਾਰ ਮਾਰ ਖਿਚੜੀ ਬਣਾ ਦੇਣੀ।
ਕੁੱਟ ਖਾਕੇ ਕਹਿੰਦਾ ਖਿਚੜੀ ਆਈ ਚੇਤੇ, ਢਿੱਡ ਦੁੱਖਦਾ ਮੈਨੂੰ ਘਰੇ ਜਾਣ ਦੇਵੋ।
ਇਸ ਖਿਚੜੀ ਨੇ ਵਾਧੂ ਪਵਾਏ ਛਿੱਤਰ, ਹੁਣ 'ਗੁਰਮੋਹਣ' ਨੂੰ ਜਾਕੇ ਖਿਚੜੀ ਖਾਣ ਦੇਵੋ

ਖ਼ਾਲਸੇ ਦਾ ਜਨਮ ਦਿਹਾੜਾ

ਕੇਸਗੜ੍ਹ ਦੇ ਕਿਲ੍ਹੇ ਬੁਰਜ ਉੱਤੇ, ਗੁਰਾਂ ਕੇਸਰੀ ਨਿਸ਼ਾਨ ਝੁਲਾ ਦਿੱਤਾ।
ਤੀਹ ਮਾਰਚ **1699** ਨੂੰ, ਗੁਰਾਂ ਖੁਲ੍ਹਾ ਪੰਡਾਲ ਇਕ ਲਾ ਦਿੱਤਾ।
ਭੇਜੇ ਹੁਕਮਨਾਮੇ ਦੂਰ ਦੁਰਾਡਿਆਂ ਤੋਂ ਸਭ ਨੇ ਹੁੰਮ-ਹੰਮਾ ਕੇ ਆਵਣਾ ਏ।
ਇਸ ਵਾਰ ਪਹਿਲਾਂ ਨਾਲੋਂ ਵੱਖਰਾ ਹੀ, ਅਸੀਂ ਦਿਹਾੜਾ ਵਿਸਾਖੀ ਦਾ ਮਨਾਵਣਾਂ ਏ।
ਸਾਰੇ ਦੇਸ਼ ਦੇ ਕੋਨੇ ਕੋਨਿਆਂ ਤੋਂ, ਲੋਕੀ ਢੋਲਦੇ ਡਗਿਆਂ ਨਾਲ ਆਉਣ ਲੱਗੇ।
ਦੂਰ-ਦੂਰ ਤੱਕ ਚਾਨਣੀਆਂ ਲੱਗੀਆਂ ਸੀ, ਸ਼ਬਦ ਕੀਰਤਨ ਲੋਕੀ ਜੋਟੀਆਂ ਨਾਲ ਗਾਉਣ ਲੱਗੇ।
ਵੱਡੇ ਸਾਰੇ ਉਸ ਮਹਾਂ ਪੰਡਾਲ ਅੰਦਰ, ਇਕ ਵੱਡਾ ਸਟੇਜ ਉਚਾ ਲੱਗਿਆ ਸੀ।
ਗੁਰੂ ਤੰਬੂ ਦੇ ਵਿਚ ਬੈਠੇ ਜਾਪ ਕਰਦੇ, ਇਕ ਪਾਸੇ ਨੁਕਰੇ ਪਰਦਾ ਲੱਗਿਆ ਸੀ।
ਕਾਫੀ ਚਿਰਾਂ ਤੋਂ ਬਾਦ ਗੁਰੂ ਬਾਹਰ ਆਏ, ਨੈਣ ਉਹਨਾਂ ਦੇ ਅੰਗਾਰ ਵਾਂਗੂ ਚਮਕਦੇ ਸੀ।
ਅੱਜ ਚਿਹਰੇ ਉਤੇ ਜਲਾਲ ਵੱਖਰਾ, ਡੌਲੇ ਰੋਹ ਵਿਚ ਉਹਨਾਂ ਦੇ ਫੜਕਦੇ ਨੇ।
ਚੌਲਾ ਕੇਸਰੀ ਤੇ ਪੰਜੇ ਕਕਾਰ ਧਾਰੇ, ਦਸਤਾਰ ਸੀਸ ਉੱਤੇ ਕੇਸਰੀ ਰੰਗ ਦੀ ਏ।
ਧੂਹ ਮਿਆਨੋ ਤੇਗ ਉਹਨਾਂ ਬਾਹਰ ਕੱਢੀ, ਕਹਿੰਦੇ ਭੇਟਾ ਇਕ ਸੀਸ ਦੀ ਮੰਗਦੀ ਏ।
ਤਿੰਨ ਵਾਰ ਗਰਜ਼ ਗੁਰਾਂ ਲਲਕਾਰ ਮਾਰੀ, ਦਯਾ ਰਾਮ ਜੀ ਉੱਠ ਕੇ ਖਲੋ ਗਿਆ ਏ।
ਪਹਿਲੀ ਆਵਾਜ਼ ਉੱਤੇ ਉੱਠ ਨਾ ਸਕਿਆ ਮੈਂ, ਮੁਆਫ ਕਰਨਾ ਕਸੂਰ ਮੈਥੋਂ ਹੋ ਗਿਆ ਏ।
ਇਕ ਖੁਵਾਇਸ਼ ਹੈ ਆਖਰੀ ਦਿਲ ਮੇਰੇ, ਖੌਫ਼ ਮੌਤ ਵਾਲਾ ਦਿਲੋਂ ਭੁਲਾਈ ਦਾ ਏ।
ਸੱਚੇ ਪਾਤਸ਼ਾਹ ਜਦੋਂ ਤੇਗ ਦਾ ਵਾਰ ਹੋਵੇ, ਸੀਸ ਚਰਨਾਂ ਦੇ ਵਿਚ ਡਿੱਗਣਾ ਚਾਹੀਦਾ ਏ।
ਗੁਰਾਂ ਬਾਹੋਂ ਫੜਕੇ ਤੰਬੂ ਵਿਚ ਖੜਿਆ, ਅੱਜ ਰੋਹ ਵਿਚ ਸੱਚੀ ਸਰਕਾਰ ਆਈ।
ਤੇਗ ਚੱਲੀ ਸੰਨਾਟਾ ਜਿਹਾ ਪੈ ਗਿਆ ਏ, ਧਾਰ ਲਹੂ ਦੀ ਤੰਬੂ ਤੋਂ ਬਾਹਰ ਆਈ।
ਸੰਗਤ ਬੈਠੀ ਜੋ ਕੰਨੋਂ-ਸੰਨੀ ਹੋਣ ਲੱਗੀ, ਕਈ ਪੰਡਾਲ ਵਿਚੋਂ ਕੰਨੀ ਖਿਸਕਾ ਗਏ ਨੇ।
ਸ਼ੱਕ ਵਾਲੀ ਗੁਜਾਇਸ਼ ਨਾ ਰਹੀ ਬਾਕੀ, ਲਹੂ ਤੇਗ ਭਿੱਜੀ ਲੈਕੇ ਗੁਰੂ ਬਾਹਰ ਆ ਗਏ ਨੇ।
ਗੁਰਾਂ ਰੂਪ ਚੰਡੀ ਦਾ ਧਾਰਿਆ ਏ, ਲਾਲੀ ਗੁਰਾਂ ਦੇ ਚਿਹਰੇ ਦੱਗਦੀ ਏ।
ਕੱਚੇ-ਪਿਲਿਆਂ ਨੇ ਮਾਤਾ ਗੁਜਰੀ ਨੂੰ ਕਿਹਾ ਜਾਕੇ, ਵਾਰ ਚੰਡੀ ਦੀ ਪੁੱਠੀ ਪੈ ਗਈ ਲੱਗਦੀ ਏ।
ਸਾਹਿਬਜ਼ਾਦੇ ਵੱਡੇ ਅਜੀਤ ਸਿੰਘ ਤਾਂਈ, ਚਲੋ ਚੱਲ ਕੇ ਗੱਦੀ ਸ਼ਿੰਗਾਰ ਦੇਈਏ।
ਕਲਗ਼ੀਧਰ ਦੇ ਕਾਰੇ ਨਾਂ ਸਾਨੂੰ ਠੀਕ ਜਾਪਣ, ਚਲੋ ਮਾਤਾ ਜੀ ਗੱਦੀਓਂ ਉਤਾਰ ਦੇਈਏ।
ਮਾਤਾ ਕਿਹਾ ਗੁਰਾਂ ਖ਼ਾਲਸਾ ਸਾਜਣਾ ਏ, ਰਹਿਮਤ ਹੋਈ ਅੱਜ ਉਹਨਾਂ ਤੇ ਰੱਬ ਦੀ ਏ।
ਸੀਸ ਭੇਟ ਕਰਕੇ ਅੱਜ ਕਰ ਲੋ ਆਪਣਾ ਜਨਮ ਸਫ਼ਲਾ, ਰੋਜ਼ ਗੁਰੂ ਦੀ ਖ਼ੁਸ਼ੀ ਨਾ ਲੱਭਦੀ ਏ।
ਪੰਜ ਵਾਰ ਗੁਰਾਂ ਸੀਸ ਦੀ ਮੰਗ ਕੀਤੀ, ਇੱਕਠ ਹੋਇਆ ਕੁਲ ਅੱਸੀ ਹਜ਼ਾਰ ਦਾ ਏ।

ਸੀਸ ਤਲੀ ਤੇ ਧਰ ਕੇ ਗਲੀ ਲੰਘ ਆਵੋ, ਔਖਾ ਤੁਰਨਾ ਮਾਰਗ ਖੰਡੇ ਧਾਰ ਦਾ ਏ।
ਪੰਜ ਨਿੱਤਰੇ ਪੰਜਾ ਨੂੰ ਮਾਣ ਦਿੱਤਾ, ਹੱਥੀ ਕਮਰ ਕੱਸੇ ਗੁਰਾਂ ਲਾ ਦਿੱਤੇ।
ਦਯਾ, ਧਰਮ, ਹਿੰਮਤ, ਮੋਹਕਮ ਅਤੇ ਸਾਹਿਬ ਤਾਂਈ, ਗੁਰਾਂ ਕੇਸਰੀ ਬਾਣੇ ਪਹਿਣਾ ਦਿੱਤੇ।
ਆਦਿ ਸ੍ਰੀ ਗ੍ਰੰਥ ਦੀ ਹਾਜ਼ਰੀ ਵਿਚ, ਪੰਜਾ ਬਾਣੀਆਂ ਦਾ ਗੁਰਾਂ ਜਾਪ ਕੀਤਾ।
ਬੀਰ ਆਸਣ ਹੋ ਬਾਟੇ ਵਿਚ ਫੇਰ ਖੰਡਾ, ਭਗਤੀ-ਸ਼ਕਤੀ ਦਾ ਮੇਲ ਮਿਲਾਪ ਕੀਤਾ।
ਮਾਤਾ ਸਾਹਿਬਾਂ ਨੇ ਭਰੀ ਮਿਠਾਸ ਅੰਦਰ, ਭਰਿਆ ਬੁੱਕ ਪੁਤਾਸੇ ਵਿਚ ਪਾ ਦਿਤੇ।
ਸਵਾ-ਲੱਖ ਨਾਲ ਇਕੱਲਾ-ਇਕੱਲਾ ਲੜਨ ਦੇ ਲਈ, ਗੁਰਾਂ ਕੇਸਰੀ ਬਾਣੇ ਪਹਿਨਾ ਦਿਤੇ।
ਪੰਜ ਚੂਲੇ ਦਿਤੇ, ਪੰਜ ਕੇਸਾਂ ਵਿਚ ਪਾਏ, ਪੰਜ-ਪੰਜ ਛਿੱਟੇ ਅੱਖਾਂ ਵਿਚ ਮਾਰ ਦਿੱਤੇ।
ਕੇਸ, ਕੜਾ, ਕਛਹਿਰਾ, ਕਿਰਪਾਨ, ਕੰਘਾ, ਸਦਾ ਅੰਗ-ਸੰਗ ਪੰਜੇ ਕਕਾਰ ਕੀਤੇ।
ਮੇਰਾ ਖ਼ਾਲਸਾ ਗੁਰੁ ਗ੍ਰੰਥ ਦਾ ਹੁਕਮ ਮੰਨੇ, ਮੜ੍ਹੀ ਮਸਾਣੀ ਨਾ ਸੀਸ ਨਵਾਏਂਗਾ ਇਹ।
ਕੁੜੀ ਮਾਰ, ਨੜੀਮਾਰ ਬਜ਼ਰ ਕੁਰਤਿਆਂ ਜੋ, ਪੰਥ ਕੋਲੋਂ ਤਨਖ਼ਾਹੀਆ ਅਖਵਾਏਗਾ ਇਹ।
ਰਹਿਤ ਸਿੱਖ ਦੀ ਪਿਆਰੀ ਜਿੰਦ ਜਾਨ ਨਾਲੋਂ, ਸਿਦਕ ਕੇਸਾਂ ਦੇ ਨਾਲ ਨਿਭਾਈ ਦਾ ਏ।
ਸਿੱਖ ਕੇਸਾਂ ਨੂੰ ਗੁਰੁ ਦੀ ਮੋਹਰ ਜਾਣੇ, ਅਮਲ ਪ੍ਰਸ਼ਾਦੇ ਦਾ ਕੇਵਲ ਰਖਾਈ ਦਾ ਏ।
ਕਹਿੰਦੇ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ, ਗੁਰਾਂ ਆਖਿਆ ਪੰਜਾਂ ਪਿਆਰਿਆ ਨੂੰ।
ਗੋਬਿੰਦ ਰਾਏ ਤੋਂ ਮੈਂ ਵੀ ਗੋਬਿੰਦ ਸਿੰਘ ਹੋ ਜਾ, ਨਾਲੇ ਮਾਣ ਲਵਾਂ ਸਿੱਖੀ ਹੁਲਾਰਿਆਂ ਨੂੰ ।
ਸੀਸ ਦਿੱਤਿਆਂ ਅੰਮ੍ਰਿਤ ਦੀ ਦਾਤ ਮਿਲਦੀ, ਮਿਲੇ ਉਹਨੂੰ ਜੋ ਸੀਸ ਮੁੱਲ ਤਾਰਦਾ ਏ।
ਸੱਚੇ ਪਾਤਸ਼ਾਹ ਤੁਸਾਂ ਕੀ ਇਹਦਾ ਮੁੱਲ ਦੇਣਾ, ਦਯਾ ਸਿੰਘ ਅੱਗੋਂ ਅਰਜ਼ ਗੁਜ਼ਾਰਦਾ ਏ।
ਕਹਿੰਦੇ ਤੁਛ ਜਿਹੀ ਭੇਟਾ ਪਰਵਾਨ ਕਰਨੀ, ਸਾਰਾ ਸਰਬੰਸ ਮੈਂ ਪੰਥ ਲੇਖੇ ਲਾ ਦਿਆਂਗਾ
ਪਿਤਾ ਵਾਰਿਆ ਸੀ ਚਾਂਦਨੀ ਚੌਂਕ ਅੰਦਰ, ਚੌਹਾਂ ਪੁੱਤਰਾਂ ਦੀ ਭੇਟ ਚੜਾ ਦਿਆਂਗਾ।
ਆਪਣੇ ਪਿਆਰਿਆਂ ਤੋਂ ਖੰਡੇ ਦੀ ਪਾਹੁਲ ਲੈ ਕੇ, ਗੁਰੁ ਚੇਲੇ ਦਾ ਫ਼ਰਕ ਮਿਟਾ ਦਿੱਤਾ।
ਮੇਰੇ ਪਾਤਸ਼ਾਹ ਦੀ ਰੀਸ 'ਮੋਹਣ' ਕਰੂ ਕਿਹੜਾ, ਨਿਰਾਂ ਆਖਿਆ ਨਹੀਂ ਕਰ ਕੇ ਵਿਖਾ ਦਿੱਤਾ।

ਬਿਜਲੀ ਦਾ ਬਿੱਲ

ਕਿਹਰੂ ਅਮਲੀ ਨੇ ਪਾ ਲਈ ਹੁਣ ਨਵੀਂ ਕੋਠੀ, ਪੁਰਾਣਾ ਬਰਾਂਡਾ ਤੇ ਮਕਾਨ ਸਭ ਢਾਹ ਦਿੱਤਾ।
ਕੋਠੀ ਤਿੰਨ ਮੰਜ਼ਲੀ ਦੂਰੋਂ ਠਾਠਾਂ ਮਾਰ ਦੀ ਸੀ, ਅੱਗੇ ਪਾਰਕ ਬਗ਼ੀਚਾ ਸੋਹਣਾ ਲਾ ਦਿੱਤਾ।
ਪੁਰਾਣਾ ਮੀਟਰ ਜੋ ਕੋਠੇ ਵਿਚ ਲਮਕਦਾ ਸੀ, ਬਿਜਲੀ ਬੋਰਡ ਵਿਚ ਜਮਾ ਕਰਵਾਇਆ ਉਹਨੇ।
ਪੁਰਾਣੇ ਕੁਨੈਕਸ਼ਨ ਦਾ ਜਿੰਨਾਂ ਬਿਲ ਬਣਿਆ, ਨਿੱਕਾ-ਨਿੱਕਾ ਪੈਸਾ ਸਾਰਾ ਲਾਇਆ ਉਹਨੇ।
ਭਰਿਆ ਬਿਲ ਨਾਲੇ ਮੀਟਰ ਜਮਾ ਕਰਿਆ, ਰਸੀਦ ਕੈਸ਼ੀਅਰ ਕੋਲੋਂ ਬਣਵਾ ਲਈ ਏ।
ਮੁੜ-ਮੁੜ ਕੇ ਲਫੜਾ ਫੇਰ ਨਾ ਪੈ ਜਾਵੇ, ਰਸੀਦ ਸਾਂਭ ਕੇ ਲੈਮੀਨੇਸ਼ਨ ਕਰਾ ਲਈ ਏ।
ਸਾਂਭੀ ਰਸੀਦ ਤੇ ਸੁਰਖਰੂ ਹੋਇਆ ਕਿਹਰੂ, ਕਨੈਕਸ਼ਨ ਮੁੰਡੇ ਦੇ ਨਾਂ ਕਰਾਵਦਾ ਏ।
ਨਵੀਂ ਕੋਠੀ ਵਿਚ ਪੁਰਾਣਾ ਨਹੀਂ ਕੁਝ ਰਹਿਣ ਦਿੱਤਾ, ਨਵਾਂ ਮੀਟਰ ਉਹ ਕੋਠੀ ਵਿਚ ਲਾਵਦਾ ਏ।
ਨਵੇਂ ਮੀਟਰ ਦਾ ਬਿੱਲ ਨਾ ਹੋਇਆ ਚਾਲੂ, ਇਕ ਦਿਨ ਬਿੱਲ ਵਾਲਾ ਕੁੰਡੀ ਖੜਕਾਈ ਜਾਵੇ।
ਕਿਹਰ ਸਿੰਘ ਦੇ ਨਾਂ ਤੇ ਬਿਜਲੀ ਦਾ ਬਿੱਲ ਆਇਆ, ਬਿਲ ਕਿਹਰੂ ਦੇ ਹੱਥ ਫੜਾਈ ਜਾਵੇ।
ਬਟੂਏ ਵਿਚੋਂ ਕਿਹਰੂ ਕੱਢ ਰਸੀਦ ਦਿੱਤੀ, ਮੀਟਰ ਲੱਥਾ ਦੱਸ ਬਿੱਲ ਕਿਥੋਂ ਆ ਗਿਆ ਏ।
ਕਹਿੰਦਾ ਬਿਜਲੀ ਬੋਰਡ ਆਕੇ ਦਰਖ਼ਾਸਤ ਦੇਵੋ, ਜਾਂਦਾ ਬਿੱਲ ਵਾਲਾ ਗੱਲ ਸਮਝਾ ਗਿਆ ਏ।
ਮੁੰਡਾ ਪੜਕੇ ਸਕੂਲੋਂ ਜਦੋਂ ਘਰੇ ਆਇਆ, ਬਿੱਲ ਕੱਢਕੇ ਕਿਹਰੂ ਪੜਾਂਵਦਾ ਏ।
ਮੁੰਡਾ ਕਹਿੰਦਾ ਭਾਪਾ ਬਿੱਲ ਤੇ ਜ਼ੀਰੋ ਲਿਖਿਆ, ਮੁੰਡਾ ਮੋੜਕੇ ਬਿੱਲ ਫੜਾਂਵਦਾ ਏ।
ਸਾਰੀ ਰਾਤ ਨਾ ਕਿਹਰੂ ਨੂੰ ਨੀਂਦ ਆਈ, ਸੁਬ੍ਹਾ ਉਠਕੇ ਸਰਪੰਚ ਕੋਲ ਆ ਗਿਆ ਏ।
ਲੈ ਕੇ ਸਰਪੰਚ ਨੂੰ ਐਸਡੀਓ ਦੇ ਕੋਲ ਪੁੱਜਾ, ਲੱਥਾ ਮੀਟਰ ਪਰ ਫੇਰ ਵੀ ਬਿੱਲ ਆ ਗਿਆ ਏ।
ਸਰਪੰਚ ਐਸਡੀਓ ਦੇ ਦਫਤਰ ਦੇ ਵਿਚ ਵੜਿਆ, ਮੂਹਰੇ ਸਾਹਿਬ ਦੇ ਕੁਰਸੀ ਤੇ ਬਹਿਣ ਲੱਗਾ।
ਮੀਟਰ ਜਮਾਂ ਹੋਇਆ ਰਸੀਦ ਪਰਚੀ ਕੋਲ ਸਾਡੇ, ਬਿੱਲ ਕਾਹਤੋਂ ਆਇਆ ਸਾਹਿਬ ਨੂੰ ਕਹਿਣ ਲੱਗਾ।
ਸਾਹਿਬ ਕਹਿੰਦਾ ਕੋਈ ਟੈਸ਼ਨ ਨਾ ਰੱਖਿਉ ਜੇ, ਅਰਜ਼ੀ ਨਵੀਸ ਤੋਂ ਦਰਖ਼ਾਸ ਲਿਖਾ ਛੱਡੋ।
ਫੋਟੋ-ਸਟੇਟ ਨਾਲ ਰਸੀਦ ਵਾਲੀ, ਨੱਥੀ ਕਰਕੇ ਨਾਲ ਇਹਦੇ ਲਾ ਛੱਡੋ।
ਸਰਪੰਚ ਇਵੇਂ ਕੀਤਾ ਜਿਵੇਂ ਸਾਹਿਬ ਦੱਸਿਆ ਏ, ਨਾਲ ਕਿਹਰੂ ਦਾ ਅੰਗੂਠਾ ਥੱਲੇ ਲਾ ਦਿੱਤਾ।
ਕੱਚਾ-ਪਿੱਲਾ ਕੰਮ ਆਪਾਂ ਹੁਣ ਨਹੀਂ ਰਹਿਣ ਦੇਣਾ, ਮੋਹਰ ਝੋਲੇ ਚੋਂ ਕੱਢ ਠੱਪਾ ਲਾ ਦਿੱਤਾ।
ਆਏ ਸਰਪੰਚ ਦਾ ਮਾਣ ਸਤਿਕਾਰ ਕੀਤਾ, ਨਾਲ ਮਟਰੀ ਦੇ ਚਾਹ ਮੰਗਵਾਈ ਉਹਨੇ।
ਧੰਨਵਾਦ ਕੀਤਾ ਕਿਹਰੂ ਦਾ ਫ਼ਿਕਰ ਲੱਥਾ, ਨਕਲ ਦਰਖਾਸ਼ ਦੀ ਬੋਝੇ ਵਿਚ ਪਾਈ ਉਹਨੇ।
ਦੋ ਮਹੀਨੇ ਦੇ ਬਾਅਦ ਬਿੱਲ ਵਾਲਾ ਫਿਰ ਆਇਆ, ਫਰਲਾ ਜ਼ੀਰੋ ਵਾਲਾ ਫਿਰ ਫੜਾ ਗਿਆ ਏ।
ਮੋਹਰ ਸਰਪੰਚ ਦੀ ਨਾਲ ਰਸੀਦ ਲੱਗੀ, ਕਾਹਤੋਂ ਬਿੱਲ ਆਇਆ ਕਿਹਰੂ ਚਕਰਾ ਗਿਆ ਏ।
ਲੈ ਸਾਇਕਲ ਕਿਹਰੂ ਕੋਰਟ ਵਿਚ ਪੁੱਜਾ, ਸਾਰੀ ਵਕੀਲ ਨੂੰ ਗੱਲ ਸਮਝਾਈ ਉਹਨੇ।

ਨਕਲ ਦਰਖਾਸਤ ਦੀ, ਮੀਟਰ ਵੀ ਜਮ੍ਹਾਂ ਹੋਇਆ, ਕੱਢ ਕੇ ਬਟੂਏ 'ਚੋਂ ਰਸੀਦ ਵਿਖਾਈ ਉਹਨੇ ।
ਕਹਿੰਦਾ ਗੱਲ ਕੋਈ ਮੇਰੇ ਨਾ ਸਮਝ ਲੱਗੀ, ਕਿਹਰੂ ਬਿਜਲੀ ਦਾ ਬਿੱਲ ਪੜਾਂਵਦਾ ਏ।
ਕਹਿੰਦਾ ਬਿਜਲੀ ਬੋਰਡ ਤੱਕ ਕੰਮ ਮੁਕਾ ਆਇਆ, ਕਿਹਰੂ ਬਿਜਲੀ ਦਾ ਬਿੱਲ ਫੜਾਂਵਦਾ ਏ।
ਵਕੀਲ ਆਖਦਾ ਤਿੰਨ ਹਜ਼ਾਰ ਫੀਸ ਲੱਗੂ, ਬਿੱਲ ਪੱਕਾ ਤੇਰਾ ਬੰਦ ਕਰਾਉਂਗਾ ਮੈਂ।
ਐਸ ਡੀ ਓ ਆਪ ਆਣਕੇ ਤੇਰੀਆਂ ਕਰੂ ਮਿੰਨਤਾਂ, ਉਹਨੂੰ ਕੋਰਟ ਵਿਚ ਤਰੀਕਾਂ ਪਵਾਉਂਗਾ ਮੈਂ।
ਕਾਗ਼ਜ ਜਿਹੜੇ ਮੰਗਾਂ ਤੁਸੀਂ ਪੁਚਾਈ ਜਾਵੋ, ਵਕਾਲਤ ਨਾਮੇ ਤੇ ਪੈਨ ਚਲਾ ਛੱਡੋ।
ਚੈਕ ਖ਼ਾਲੀ ਇੰਡੀਆ ਸਟੇਟ ਬੈਂਕ ਵਾਲਾ, ਉਹਦੇ ਥੱਲੇ ਪਾਸੇ ਅੰਗੂਠਾ ਇਕ ਲਾ ਛੱਡੋ।
ਚੈਕ ਖ਼ਾਲੀ ਵਿਚ ਜ਼ੀਰੋ ਦਾ ਮਾਉਂਟ ਭਰਕੇ, ਨਾਲ ਬਿੱਲ ਵਾਲਾ ਪਰਚਾ ਲਗਾ ਦਿੱਤਾ।
ਤਰੀਕ ਬਿੱਲ ਦੀ ਲਾਇਨ ਵਿਚ ਖੜਕੇ, ਮੁੰਸ਼ੀ ਬਾਰੀ ਦੇ ਵਿਚੋਂ ਫੜਾ ਦਿੱਤਾ।
ਜ਼ੀਰੋ ਭਰੇ ਦੀ ਨਾਲ ਰਸੀਦ ਲੈ ਕੇ, ਨੋਟਰੀ ਪਬਲਿਕ ਤੋਂ ਟੈਸਟ ਕਰਾ ਲਈ ਏ।
ਜ਼ੀਰੋ ਬਿੱਲ ਤੋਂ ਸ਼ੁਰੂ ਸਾਰਾ ਕੰਮ ਕੀਤਾ, ਸੱਤਰ ਪੰਨਿਆਂ ਦੀ ਫਾਇਲ ਬਣਾ ਲਈ ਏ।
ਸਮੰਨ ਜੱਜ ਦੇ ਆਡਰਾਂ ਨਾਲ ਭੇਜ ਉਹਨੂੰ, ਐਸਡੀਓ ਸਾਹਿਬ ਤੇ ਕੇਸ ਚਲਾ ਦਿੱਤਾ।
ਵਕੀਲ ਸਾਹਿਬ ਨੇ ਐਸਾ ਕਮਾਲ ਕੀਤਾ, ਸਾਰੇ ਬਿਜਲੀ ਮਹਿਕਮੇ ਨੂੰ ਭਾੜਬੂ ਪਾ ਦਿੱਤਾ।
ਬਿੱਲ ਵਿਆਜ ਸਣੇ ਤੇਰਾ ਮੁਆਫ ਹੋ ਜਊ, ਬਿੱਲ ਰੋਕਣੇ ਦਾ ਪ੍ਰਬੰਧ ਕੀਤਾ।
ਵਕੀਲ ਸਾਹਿਬ ਨੇ ਫੀਸ ਅਡਵਾਂਸ ਲੈਕੇ, ਬਿੱਲ ਜ਼ੀਰੋ 'ਗੁਰਮੋਹਣ' ਦਾ ਬੰਦ ਕੀਤਾ।

ਸ਼ਿਵ ਜੀ ਦੇ ਤਿੰਨ ਵਚਨ

ਸ਼ਿਵ ਜੀ ਪਾਰਬਤੀ ਜੰਗਲ ਵਿਚ ਵਿਚਰਦੇ ਸੀ, ਨਿਗ੍ਹਾ ਪਾਰਬਤੀ ਦੀ ਇਕ ਜੋੜੇ ਤੇ ਪੈ ਗਈ ਏ।
ਛੋਟਾ ਬੱਚਾ ਲਾਗੇ ਉਹਨਾਂ ਦੇ ਖੇਡਦਾ ਸੀ, ਮਾਤਾ ਪਾਰਬਤੀ ਜੀ ਆਕੇ ਲਾਗੇ ਉਹਨਾਂ ਦੇ ਬਹਿ ਗਈ ਏ।
ਮਰਦ-ਤੀਵੀਂ ਦੋਨੋਂ ਲੱਕੜਾਂ ਫਿਰਨ ਚੁਗਦੇ, ਨਾਲ ਬੱਚਾ ਵੀ ਹੱਥ ਵੰਡਾਵਦਾ ਸੀ।
ਨਿੱਕੀਆਂ-ਨਿੱਕੀਆਂ ਲੱਕੜਾਂ ਚੁੱਕੀ ਫਿਰੇ ਬੱਚਾ, ਲਿਆਕੇ ਲੱਕੜਾਂ ਉੱਤੇ ਟਿਕਾਵਦਾ ਸੀ।
ਮਾਤਾ ਪਾਰਬਤੀ ਸ਼ਿਵ ਜੀ ਦੇ ਪਈ ਖਹਿੜੇ, ਦਾਤਾ ਦੁਨੀਆਂ ਦਾ ਭੰਡਾਰ ਅਖਵਾਵਨਾਂ ਏ।
ਆਪਣੇ ਮੂੰਹੋਂ ਇਹਨਾਂ ਨੂੰ ਕੋਈ ਵਰ ਦੇ ਜਾ, ਆਪਾਂ ਦੁੱਖੀਆਂ ਦਾ ਭਾਰ ਵੰਡਾਵਨਾਂ ਏ।
ਸ਼ਿਵ ਜੀ ਭੋਲੇ ਨੇ ਅੱਗੋਂ ਜੁਵਾਬ ਦਿੱਤਾ, ਵਿਚ ਜੰਗਲਾਂ ਦੇ ਵਿਚਰਦੇ ਰਹਿਣ ਦੇ ਤੂੰ।
ਦੁੱਖ ਦਲਿੱਦਰ ਇਹਨਾਂ ਦੇ ਕਰਮਾਂ ਵਿਚ ਲਿਖਿਆ, ਆਪਣੇ ਹਾਲ ਤੇ ਇਹਨਾਂ ਨੂੰ ਰਹਿਣ ਦੇ ਤੂੰ।
ਮਾਤਾ ਪਾਰਬਤੀ ਨੇ ੜ੍ਹਿਆ ਵਾਲਾ ਹੱਠ ਕਰਕੇ, ਇਕ-ਇਕ ਵਰ ਤਿੰਨਾਂ ਜੀਆਂ ਨੂੰ ਦਵਾ ਦਿੱਤਾ।
ਇਕ-ਇਕ ਬੋਲ ਮੂੰਹੋਂ ਕੱਢਿਆ ਤੁਹਾਡਾ ਹੋਊ ਪੂਰਾ, ਸੋਚ ਸਮਝ ਕੇ ਮੰਗਿਉਂ ਸਮਝਾ ਦਿੱਤਾ।
ਪਹਿਲਾਂ ਸਭ ਤੋਂ ਔਰਤ ਅੰਤਰ ਧਿਆਨ ਹੋਕੇ, ਪਟਰਾਣੀ ਬਣਨੇ ਵਾਲਾ ਵਰ ਮੰਗਿਆ ਏ।
ਅੱਖਾਂ ਖੋਲ੍ਹੀਆਂ ਤਾਂ ਹਾਰ ਸ਼ਿੰਗਾਰ ਲੱਗਾ, ਹਾਰ ਹੀਰਿਆਂ ਦਾ ਗਲੇ ਵਿਚ ਟੰਗਿਆ ਏ।
ਲਾਗੇ ਰਾਜਾ ਇਕ ਘੋੜੀ ਉੱਤੇ ਜਾ ਰਿਹਾ ਸੀ, ਉਹਨੂੰ ਵੇਖ ਕੇ ਬੜਾ ਹੈਰਾਨ ਹੋਇਆ।
ਹਾਰ ਸ਼ਿੰਗਾਰ ਵੇਖਕੇ ਰੋਕ ਲਈ ਘੋੜੀ, ਸੋਹਣਾ ਰੂਪ ਵੇਖ ਕੇ ਲੁਭਾਏਮਾਨ ਹੋਇਆ
ਕਹਿੰਦਾ ਏਹਨਾਂ ਭੁੱਖਿਆਂ ਨੰਗਿਆਂ ਕੋਲ ਕੀ ਕੰਮ ਤੇਰਾ, ਚੱਲ ਪਲਕਾਂ ਦੇ ਉਤੇ ਬੈਠਾਊਗਾ ਮੈਂ,
ਵਿਚ ਜੰਗਲਾਂ ਦੇ ਕੰਢੇ ਮਰਵਾ ਰਹੀ ਏ, ਨਵਾਰੀ ਪਲੰਗਾਂ ਦੇ ਉਤੇ ਸੁਲਾਉਂਗਾ ਮੈਂ,
ਅੱਗੇ ਔਰਤ ਨੇ ਵੀ ਹਾਮੀ ਭਰ ਦਿੱਤੀ।
ਰਾਜੇ ਵੀਨੀ ਫੜ ਘੋੜੀ ਚੜਾ ਲਈ ਏ, ਸ਼ੁਗਲ ਮੁਗਲ ਦੀਆਂ ਗੱਲਾਂ ਦੋਵੇਂ ਕਰੀ ਜਾਂਦੇ।
ਘੋੜੀ ਮਹਿਲਾਂ ਵਾਲੇ ਰਸਤੇ ਤੇ ਪਾਸੇ ਪਾ ਲਈ ਏ,
ਬੰਦਾ ਕਹਿੰਦਾ ਮੇਰਾ ਵੱਸਦਾ ਘਰ ਉਜਾੜ ਕੇ ਤੂੰ,
ਪਤੀ ਆਪਣੇ ਦੀ ਨਾ ਵਫ਼ਾਦਾਰ ਨਿਕਲੀ,
ਸ਼ਿਵ ਜੀ ਸੂਰੀ ਦੀ ਜੂਨ ਵਿਚ ਪਾ ਇਹਨੂੰ, ਪੁੱਤਰ ਛੱਡਤਾ ਕੈਸੀ ਬਦਕਾਰ ਨਿਕਲੀ।
ਵਰ ਸ਼ਿਵ ਜੀ ਮਹਾਰਾਜ ਦਾ ਹੋਇਆ ਪੂਰਾ, ਘੁਰ-ਘੁਰ ਕਰਕੇ ਪੂੰਛ ਹਲਾਈ ਜਾਵੇ।
ਬਲਾ ਰਾਜੇ ਸਮਝਿਆ ਧੱਕਾ ਮਾਰ ਸੁੱਟੀ, ਜਾਨ ਬਚਾਉਣ ਲਈ ਘੋੜੀ ਭਜਾਈ ਜਾਵੇ।
ਸੂਰੀ ਬਣੀ ਉਹ ਵਾਪਸ ਮੁੜ ਆਣ ਪਰਤੀ, ਪਤੀ ਆਪਣੇ ਤੇ ਬੱਚੇ ਕੋਲ ਆ ਗਈ ਏ।
ਮਰਦ ਤੀਵੀਂ ਦੇ ਦੋਵੇਂ ਹੋਏ ਵਰ ਪੂਰੇ, ਕੁਦਰਤ ਆਪਣੀ ਖੇਡ ਵਰਤਾ ਗਈ ਏ।
ਤੀਜਾ ਵਰ ਜੋ ਮੁੰਡਾ ਕਹਿਣ ਲੱਗਾ, ਸਾਨੂੰ ਕੱਖਾਂ ਦੀ ਕੁੱਲੀ ਵਿਚ ਰਹਿਣ ਦੇ ਤੂੰ।

ਭੋਲੇ ਸ਼ੰਕਰ ਜੀ ਕਰਾਂ ਧੰਨਵਾਦ ਤੇਰਾ, ਮੇਰੀ ਮਾਂ ਨੂੰ ਮੇਰੀ ਮਾਂ ਰਹਿਣ ਦੇ ਤੂੰ।
ਮਾਂ ਬੱਚੇ ਦੀ ਸੂਰੀ ਤੋਂ ਮਾਂ ਬਣ ਗਈ, ਜਿਥੋਂ ਤੁਰੇ ਸੀ ਉਸੇ ਥਾਂ ਤੇ ਆ ਗਏ ਨੇ।
ਵਰ ਲੈ ਕੇ ਵੀ ਪੱਲੇ ਪਿਆ ਕੁਝ ਨਾ, ਸ਼ਿਵ ਸੰਕਰ ਜੀ ਅੱਗੇ ਚਾਲੇ ਪਾ ਗਏ ਨੇ।
ਰਮਜ਼ ਤੇਰੀ ਨਾ ਕਿਸੇ ਨੂੰ ਸਮਝ ਲੱਗੀ, ਫੁੱਟਪਾਥਾਂ ਤੇ ਕਈ ਸਵਾਵਨਾਂ ਏ।
ਧੰਨ ਪਦਾਰਥ ਕਿਸੇ ਨੂੰ ਬੇਸ਼ੁਮਾਰ ਦਿੱਤਾ, ਹਿਸਾਬ ਰੱਖਣ ਲਈ ਮੁਨੀਮ ਰਖਾਵਨਾਂ ਏ ।
ਜਦੋਂ ਆਪਣੀ ਮਿਹਰ ਵਿਚ ਆਉਂਦਾ, ਛੱਪੜ ਪਾੜ ਕੇ ਗੱਫੇ ਵਰਤਾਈ ਜਾਦਾ।
ਜਦੋਂ ਆਪਣੇ ਲਿਖਾਰੀਆਂ ਤੇ ਮਿਹਰ ਕਰਦਾ,
ਨਲਾਇਕ 'ਗੁਰਮੋਹਣ' ਤੋਂ ਕਵਿਤਾ ਲਿਖਾਈ ਜਾਂਦਾ ।

ਅਨਪੜ੍ਹ ਨੂੰ ਘੁਮਿਆਰ

ਬੰਦਾ ਅਨਪੜ੍ਹ ਸੜਕ ਤੇ ਰੋੜੀ ਕੁੱਟਦਾ ਏ, ਪੜ੍ਹੇ -ਲਿਖੇ ਬੰਦੇ ਦਾ ਕੋਈ ਮੁੱਲ ਹੁੰਦਾ।
ਅੱਗੇ ਝੋਟੇ ਦੇ ਬੀਨ ਵਜਾਉਣ ਵਾਂਗ, ਕਾਲਾ ਅੱਖਰ ਵੀ ਮੱਝ ਦੇ ਤੁਲ ਹੁੰਦਾ।
ਅਨਪੜ੍ਹ ਬੰਦੇ ਦੀ ਸਰਕਾਰੇ ਨਹੀਂ ਕੋਈ ਗੱਲ ਸੁਣਦਾ, ਦਰਖ਼ਾਸ ਲਿਖ ਪੜ੍ਹਿਆ ਗੱਲ ਕਹਿ ਜਾਂਦਾ।
ਚਾਰ ਅੱਖ਼ਰ ਪੜ੍ਹ ਕੇ ਬੰਦੇ ਨੂੰ ਸਮਝ ਆਉਂਦੀ, ਕੋਰਾ ਅਨਪੜ੍ਹ ਨਿਰਾ ਖੋਤਾ ਰਹਿ ਜਾਂਦਾ ।
ਇਕ ਮਾਸਟਰ ਜੋ ਪਿੰਡ ਸਕੂਲ ਵਾਲਾ, ਸਕੂਲੇ ਬੱਚਿਆਂ ਤਾਂਈ ਪੜ੍ਹਾ ਰਿਹਾ ਸੀ।
ਤੁਹਾਨੂੰ ਖੋਤਿਆਂ ਤੋਂ ਬੰਦੇ ਬਣਾ ਦਿੱਤਾ, ਕਲਾਸ ਵਿਚ ਉਹ ਬੱਚਿਆ ਨੂੰ ਸਮਝਾ ਰਿਹਾ ਸੀ।
ਜੋਗੀ ਰਾਮ ਘਮਿਆਰ ਖੋਤਾ ਲਈ ਜਾਵੇ, ਸੁਣ ਕੇ ਬਾਰੀ ਦੇ ਲਾਗੇ ਖਲੋ ਗਿਆ ਏ।
ਮੇਰੇ ਖੋਤੇ ਨੂੰ ਵੀ ਬੰਦ ਬਣਾ ਦੇਣਾ, ਮਨ ਦੇ ਵਿਚ ਯਕੀਨ ਪੱਕਾ ਹੋ ਗਿਆ ਏ।
ਸਦਕੇ ਮਾਸਟਰ ਨੂੰ ਬਾਹਰ ਜੋਗੀ ਕਹਿਣ ਲੱਗਾ, ਮੇਰਾ ਖੋਤਾ ਵੀ ਬੰਦਾ ਬਣਾ ਛੱਡੋ।
ਇਟਾਂ ਢੋਣ ਤੋਂ ਮੇਰੀ ਵੀ ਜਾਨ ਛੁਟੇ, ਉੱਚੇ ਅਹੁਦੇ ਤੇ ਇਹਨੂੰ ਕਿਤੇ ਲਾ ਛੱਡੋ।
ਮਾਸਟਰ ਕਹਿੰਦਾ ਇਹਨੂੰ ਮੇਰੇ ਘਰ ਛੱਡ ਆਵੋ, ਚੰਗੀ ਵਿੱਦਿਆ ਇਹਨੂੰ ਪੜ੍ਹਾਉਂਗਾ ਮੈਂ।
ਛੇ ਮਹਿਨੇ ਦਾ ਖੁੱਲ੍ਹਾ ਜਿਹਾ ਸਮਾਂ ਲਾਕੇ, ਥਾਣੇਦਾਰ ਇਹਨੂੰ ਚੌਕੀ ਵਿਚ ਲਾਉਂਗਾ ਮੈਂ।
ਖੋਤਾ ਮਾਸਟਰ ਦੇ ਘਰੇ ਜੋਗੀ ਬੰਨ੍ਹ ਆਇਆ, ਥਾਣੇਦਾਰ ਦੇ ਸੁਪਣੇ ਜੋਗੀ ਵੇਖਦਾ ਏ।
ਮੰਡੀ ਵਿਚ ਮਾਸਟਰ ਖੋਤਾ ਲੈ ਪੁੱਜਾ, ਪੂਰਾ ਦੋ ਹਜ਼ਾਰ ਨੂੰ ਨਗਦ ਖੋਤਾ ਵੇਚਦਾ ਏ।
ਛੇ ਮਹਿਨਿਆਂ ਨੂੰ ਸਕੂਲੇ ਜੋਗੀ ਆਣ ਪੁੱਜਾ, ਮੁਹਰੇ ਮਾਸਟਰ ਦੇ ਕੁਰਸੀ ਬਹਿਣ ਲੱਗਾ।
ਤੇਰਾ ਖੋਤਾ ਸ਼ਹਿਰ ਥਾਣੇਦਾਰ ਲੱਗਾ, ਮਾਸਟਰ ਜੋਗੀ ਘੁਮਿਆਰ ਨੂੰ ਕਹਿਣ ਲੱਗਾ।
ਪਹਿਨ ਪੱਚਰ ਕੇ ਜੋਗੀ ਥਾਣੇ ਜਾ ਪੁੱਜਾ, ਬਿਨਾਂ ਪੁੱਛੇ ਹੀ ਚੋਂਕੀ ਜਾ ਵੜਿਆ।
ਥਾਣੇਦਾਰ ਜੋ ਕੁਰਸੀ ਤੇ ਆ ਕੇ ਬੈਠਾ ਸੀ, ਜੋਗੀ ਰਾਮ ਵੀ ਉਹਦੇ ਲਾਗੇ ਜਾ ਖੜਿਆ।
ਇਹ ਕੌਣ ਜੋ ਬਿਨਾਂ ਪੁੱਛੇ ਵੜੀ ਜਾਂਦਾ, ਉਹਨੇ ਸਿਪਾਹੀਆਂ ਤਾਂਈ ਬੁਲਾ ਲਿਆ ਏ।
ਜੋਗੀ ਕਹਿੰਦਾ ਮੈਨੂੰ ਨਾ ਪਛਾਣਿਆ ਤੂੰ, ਨਿੱਕੇ ਹੁੰਦੇ ਨੂੰ ਮੈਂ ਲਾਡਾ ਨਾਲ ਪਾਲਿਆ ਏ।
ਪੜ੍ਹ-ਲਿਖ ਤੈਨੂੰ ਗੱਲਾਂ ਭੁੱਲ ਗਈਆਂ, ਲਾਡਾਂ ਨਾਲ ਤੈਨੂੰ ਮੈਂ ਖਿਡਾਂਵਦਾ ਸੀ।
ਤੈਨੂੰ ਨਿੱਕੇ ਹੁੰਦੇ ਨੂੰ ਆਪਣੇ ਕੋਲ ਬਿਠਾ ਕੇ, ਹੱਥੀ ਖੋਤੀ ਦਾ ਦੁੱਧ ਚੁਆਂਵਦਾ ਸੀ।
ਪੁੱਤਾਂ ਵਾਂਗੁ ਤੈਨੂੰ ਹੱਥੀ ਪਾਲਿਆ ਮੈਂ, ਆਪੇ ਬੱਚਿਆਂ ਦੇ ਵਾਂਗ ਪਿਆਰਿਆ ਏ।
ਨੇਕੀ ਮੇਰੀ ਦੱਸ ਕਾਹਤੋਂ ਭੁਲਾਈ ਬੈਠਾ, ਖੱਬਲ ਹਰਾ ਹਰਾ ਘਾਹ ਤੈਨੂੰ ਚਾਰਿਆ ਏ।
ਥਾਣੇਦਾਰ ਕਹਿੰਦਾ ਕਮਲਾ ਕਿਧਰ ਆਣ ਵੜਿਆ, ਇਹਨੂੰ ਰੋਕਿਆ ਨਾ ਤੁਹਾਡੀ ਗਈ ਮੱਤ ਮਾਰੀ।
ਥਾਣੇਦਾਰ ਆਪਣੀ ਕੁਰਸੀ ਤੋਂ ਉੱਠ ਖੜਿਆ, ਆਕੇ ਗੁੱਸੇ ਵਿਚ ਉਹਨੂੰ ਲੱਤ ਮਾਰੀ।
ਜੋਗੀ ਆਖੇ ਕੋਈ ਗੱਲ ਨਹੀਂ ਲੱਤਾਂ ਮਾਰ ਲੈ ਤੂੰ, ਲੱਤ ਚੁੱਪ ਕਰਕੇ ਖਿੜੇ ਮੱਥੇ ਸਹਿ ਗਿਆ ਏ।
ਲੱਤਾਂ ਮਾਰਨ ਦੀ ਆਦਤ ਨਾ ਗਈ ਤੇਰੀ, ਥਾਣੇਦਾਰ ਲਗਕੇ ਵੀ 'ਮੋਹਣ' ਖੋਤਾ ਰਹਿ ਗਿਆ ਏ।

ਟੁੱਟੀਆਂ ਚੱਪਲਾਂ

ਤਿੰਨ ਮੁੰਡੇ ਸੀ ਪਾਰਕ ਦੇ ਵਿਚ ਬੈਠੇ, ਇਕ ਕੁੜੀ ਬੱਸ ਚੋਂ ਉਤਰ ਆ ਰਹੀ ਏ।
ਕਾਲੇ ਰੰਗ ਦਾ ਪਰਸ ਖੱਬੇ ਹੱਥ ਫੜਿਆ, ਸੱਜੇ ਪੈਰ ਤੋਂ ਥੋੜਾ ਲ਼ਗੜਾ ਰਹੀ ਏ।
ਮੁੜਕਾ ਚੋ ਉਹਦਾ ਬੁਰਾ ਹਾਲ ਹੋਇਆ, ਲੱਗੀ ਧੁੱਪ ਦੇ ਨਾਲ ਕੁਮਲਾਈ ਜਾਵੇ।
ਸੱਜੇ ਹੱਥ ਦੇ ਵਿਚ ਰੁਮਾਲ ਫੜਕੇ, ਉਹਨੂੰ ਪੱਖੇ ਵਾਂਗ ਘੁਮਾਈ ਜਾਵੇ।
ਮੁੰਡੇ ਆਪਸ ਵਿਚ ਗੱਲਾਂ ਕਰੀ ਜਾਂਦੇ, ਇਕ ਕਹਿੰਦਾ ਗੋਡੇ ਤੇ ਸੱਟ ਲਵਾ ਬੈਠੀ।
ਦੂਜਾ ਕਹਿੰਦਾ ਗੋਡਾ ਤਾਂ ਠੀਕ ਲੱਗਦਾ, ਕਿਤੇ ਡਿੱਗ ਕੇ ਗਿੱਟਾ ਤੁੜਾ ਬੈਠੀ।
ਤੀਜਾ ਕਹਿੰਦਾ ਗੋਡਾ-ਗਿੱਟਾ ਤਾਂ ਠੀਕ ਇਹਦਾ, ਲੱਗਦਾ ਅੱਡੀ ਵਿਚ ਕੰਡਾ ਵੱਜਿਆ ਏ।
ਜਾਂ ਤਾਂ ਪੈਰ ਦੇ ਇਹਦੇ ਮੋਚ ਆਈ, ਜਾਂ ਤੁਰੀ ਜਾਂਦੀ ਦੇ ਠੇਡਾ ਵੱਜਿਆ ਏ
ਕੁੜੀ ਮਾਰ ਕੇ ਥੱਪੜ ਜੁਵਾਬ ਦਿੱਤਾ, ਅੱਖਾਂ ਤਿੰਨਾਂ ਮੰਜਨੂੰਆਂ ਦੀਆਂ ਫੁੱਟੀਆਂ ਨੇ।
ਗੋਡਾ-ਗਿੱਟਾ ਨਾ ਦੁੱਖੇ ਨਾ ਕੋਈ ਮੋਚ ਆਈ, ਚੱਪਲ ਮੇਰੀ ਦੀਆਂ ਬੱਧਰਾਂ ਟੁੱਟੀਆਂ ਨੇ।

ਡੱਬੇ ਦਾ ਬੂਟ

ਇਕ ਸਰਦਾਰ ਜੀ ਦੇ ਸੀ ਕੁੱਝ ਪੈਰ ਵੱਡੇ, ਕੋਈ ਜੁੱਤੀ ਨਾ ਮੇਚੇ ਦੀ ਲੱਭਦੀ ਏ।
ਪੰਦਰਾਂ-ਅਠਾਰਾਂ ਇੰਚ ਦਾ ਲੰਮਾ ਪੈਰ ਹੋਇਆ, ਰਹਿਮਤ ਐਸੀ ਹੋਈ ਉਹਨਾਂ ਤੇ ਰੱਬ ਦੀ ਏ।
ਸਾਰਾ ਸ਼ਹਿਰ ਫਿਰਦਾ ਜੁੱਤੀ ਲੱਭਣੇ ਨੂੰ, ਨਰਾਸ਼ਾ ਹੋਕੇ ਖ਼ਾਲੀ ਮੁੜ ਆਂਵਦਾ ਸੀ।
ਆਪਣੇ ਲੰਮੇ ਵੱਡੇ ਪੈਰਾਂ ਦਾ ਦੇ ਮੇਚਾ, ਜੁੱਤੀ ਚਮਾਰ ਦੇ ਕੋਲੋਂ ਬਣਵਾਂਦਾ ਸੀ।
ਦੋ ਮਜ਼ਿੰਲੀ ਦੁਕਾਨ ਤੇ ਵੱਡਾ ਬੋਰਡ ਲੱਗਾ, ਚੜਕੇ ਪੌੜੀਆਂ ਚੁਬਾਰੇ ਤੇ ਜਾ ਚੜਿਆ।
ਦੋ ਮਜ਼ਿੰਲੀ ਦੁਕਾਨ ਵੱਡੀ ਜੁੱਤੀਆਂ ਦੀ, ਬੜੇ ਸ਼ੋਕ ਨਾਲ ਦੁਕਾਨ ਵਿਚ ਜਾ ਵੜਿਆ।
ਖੋਲ-ਖੋਲ ਡੱਬੇ ਦੁਕਾਨ ਵਾਲੇ ਢੇਰ ਲਾ ਤੇ, ਬੂਟ ਲੱਭਿਆ ਨਾ ਕੋਈ ਉਹਦੇ ਮੇਚ ਦਾ ਏ।
ਦੁਕਾਨ ਵਾਲਾ ਵੀ ਬੜਾ ਪਰੇਸ਼ਾਨ ਹੋਇਆ, ਹੈਰਾਨ ਹੋਕੇ ਉਹਦੇ ਪੈਰਾਂ ਵੱਲ ਵੇਖਦਾ ਏ।
ਕਹਿੰਦਾ ਸਰਦਾਰ ਜੀ ਪੈਰਾਂ ਦਾ ਛੱਡ ਜਾਉ ਮੇਚਾ, ਜੁੱਤੀ ਆਡਰ ਦੇ ਨਵੀਂ ਬਣਵਾ ਲਵਾਂਗੇ।
ਅਗਲੇ ਹਫ਼ਤੇ ਮਾਲ ਸਾਡਾ ਆ ਰਿਹਾ ਏ, ਤੁਹਾਡੇ ਮੇਚ ਦੀ ਜੁੱਤੀ ਮੰਗਵਾ ਲਵਾਂਗੇ।
ਗੱਲਾਂ ਕਰਦਿਆਂ ਤੋਂ ਸ਼ਹਿਰ ਦੀ ਲਾਈਟ ਤੁਰ ਗਈ, ਜੱਟ ਨੇਰੇ ਵਿਚ ਜੁੱਤੀ ਫਸਾਈ ਜਾਂਦਾ।
ਮੇਰੇ ਮੇਚ ਦਾ ਬੂਟ ਫਿੱਟ ਆਗਿਆ ਏ, ਜੱਟ ਖ਼ੁਸ਼ੀ ਦੇ ਵਿਚ ਭੰਗੜਾ ਪਾਈ ਜਾਂਦਾ।
ਦੁਕਾਨ ਵਾਲੇ ਨੇ ਨੌਕਰ ਨੂੰ ਭੇਜਿਆ ਏ, ਨੌਕਰ ਜਾਕੇ ਜਨਰੇਟਰ ਚਲਾਵਂਦਾ ਏ।
ਜੱਟ ਕਹਿੰਦਾ ਬੂਟ ਵਾਲਾ ਸ਼ੋਕ ਹੋਇਆ ਪੂਰਾ, ਖ਼ੁਸ਼ੀ ਵਿਚ ਨਾ ਫੁਲਾ ਸਮਾਂਵਦਾ ਏ।
ਖਿੜ-ਖਿੜ ਹੱਸਦਾ ਇਹ ਬੂਟ ਮੇਰੇ ਫਿਟ ਆ ਗਏ, ਜੱਟ ਮੁਛਾਂ ਨੂੰ ਵੱਟ ਝੜਾਈ ਬੈਠਾ।
ਲਾਈਟ ਆਈ ਤਾਂ ਪੈਰਾਂ ਵੱਲੇ ਤੱਕਿਆ ਜਾ, 'ਮੋਹਣ' ਡੱਬੇ ਵਿਚ ਪੈਰ ਫਸਾਈ ਬੈਠਾ।

ਭਾਈ ਬੁੱਧੂ ਦਾ ਆਵਾ ਕੱਚਾ

ਬੁੱਧੂ ਸਿੱਖ ਸੀ ਧਰਮ ਦੀ ਕਿਰਤ ਵਾਲਾ, ਇਟਾਂ ਭੱਠੀਆਂ ਦੇ ਵਿਚ ਪਵਾਂਵਦਾ ਸੀ।
ਦੂਰ ਦੁਰਾਡਿਆਂ ਤੀਕ ਸੀਗਾ ਵਪਾਰ ਇਹਦਾ, ਇਟਾਂ ਆਪੇ ਘਰੋ-ਘਰੀ ਪੁਚਾਂਵਦਾ ਸੀ।
ਗਰਮੀ ਜੇਠ ਤੇ ਹਾੜ ਦੀ ਲੋਅ ਤਕਕੇ, ਭੱਠਾ ਇਟਾਂ ਦਾ ਵੱਡਾ ਸਾਰਾ ਲਾਇਆ ਉਹਨੇ।
ਪੂੰਜੀ ਆਪਣੀ ਉਹਨੇ ਭੱਠੇ ਵਿਚ ਲਾਈ ਸਾਰੀ, ਸ਼ਾਹੂਕਾਰ ਤੋਂ ਵੀ ਕਰਜ਼ਾ ਚੁਕਾਇਆ ਉਹਨੇ।
ਲਾਏ ਮਜ਼ਦੂਰ ਤੇ ਭੱਠਾ ਤਿਆਰ ਹੋਇਆ, ਅੱਗ ਲਾਉਣ ਦੀ ਵਾਰੀ ਜਾ ਆਈ ਏ ਜੀ।
ਸਣੇ ਪਰਿਵਾਰ ਦਰਬਾਰ ਸਾਹਿਬ ਆਣ ਪੁੱਜਾ, ਗੁਰੁ ਚਰਨਾਂ ਤੇ ਧੌਣ ਝਕਾਈ ਏ ਜੀ।
ਕਹਿੰਦਾ ਦਾਸ ਦੀ ਬੇਨਤੀ ਪਰਵਾਨ ਕਰਿਉ, ਮੁਰਾਦ ਲੈਕੇ ਗੁਰੁ ਘਰੇ ਆਇਆ ਹਾਂ ਮੈਂ।
ਭੱਠਾ ਪੱਕਣ ਦੀ ਦਾਸ ਨੂੰ ਅਸੀਸ ਦੇਵੋ, ਬੜੀ ਸ਼ਰਧਾ ਨਾਲ ਚੱਲਕੇ ਆਇਆ ਹਾਂ ਮੈਂ।
ਗੁਰੁ ਅਰਜਨ ਜੀ ਅੱਗੋਂ ਜੁਵਾਬ ਦਿੱਤਾ, ਪੁੰਨ ਰੱਖੀ ਕੋਈ ਕੰਮ ਕਮਾ ਛੱਡੀ।
ਘਰੇ ਸੱਦ ਕੇ ਗੁਰੁ ਦੀਆਂ ਸੰਗਤਾਂ ਨੂੰ ਦਾਲ ਫੁਲਕੇ ਦਾ ਲੰਗਰ ਛਕਾ ਛੱਡੀ।
ਲੈਕੇ ਆਗਿਆ ਬੁੱਧੂ ਘਰੇ ਆਣ ਪੁੱਜਾ, ਅੱਗ ਇੱਟਾਂ ਦੇ ਆਵੇ ਨੂੰ ਲਾਂਵਦਾ ਏ।
ਹਫ਼ਤੇ ਬਾਅਦ ਭੱਠਾ ਇੱਟਾਂ ਨੂੰ ਹੋਇਆ ਠੰਡਾ, ਉਪਰੋਂ ਠੋਰਾ ਕੁਝ ਪਿੱਛੇ ਹਟਾਂਵਦਾ ਏ।
ਇੱਟਾਂ ਲਾਲ ਸੁਰਖ ਵੇਖ ਉਹਨੂੰ ਚਾਅ ਚੜਿਆ, ਸਾਰੀ ਸੰਗਤ ਲਈ ਲੰਗਰ ਪਕਾਇਆ ਉਹਨੇ।
ਆਪਣੇ ਘਰੇ ਉਹਨੇ ਸੰਗਤਾਂ ਦੇ ਚਰਨ ਪਾਏ, ਲੰਗਰ ਪੰਗਤਾਂ ਦੇ ਵਿਚ ਛਕਾਇਆ ਉਹਨੇ।
ਸੰਗਤ ਬੈਠ ਗਈ ਜਦੋਂ ਲੰਗਰ ਛੱਕਣ ਦੇ ਲਈ, ਗੇਟ ਵੱਡਾ ਉਸ ਹਵੇਲੀ ਦਾ ਢੋ ਲਿਆ ਏ।
ਬਹਿ ਕੇ ਅਰਾਮ ਦੇ ਨਾਲ ਸੰਗਤ ਲੰਗਰ ਛੱਕ ਰਹੀ ਏ, ਆਪ ਗੇਟ ਦੇ ਲਾਗੇ ਖਲੋ ਗਿਆ ਏ।
ਉਧਰ ਕਮਲੀਆ ਇਕ ਸਿਦਕੀ ਸਿੱਖ ਗੁਰੁ ਦਾ, ਲੰਗਰ ਛੱਕਣ ਲਈ ਗੁਰੁ ਘਰ ਆਂਵਦਾ ਸੀ।
ਅੱਠਾਂ ਪਹਿਰਾਂ ਬਾਅਦ ਇਕ ਵੇਲੇ ਛੱਕੇ ਲੰਗਰ, ਸਮਾਂ ਸਿਮਰਨ ਤੇ ਬੰਦਗੀ ਵਿਚ ਲਾਂਵਦਾ ਸੀ।
ਲੰਗਰ ਛੱਕਣ ਲਈ ਦਰਬਾਰ ਸਾਹਿਬ ਆਣ ਪੁੱਜਾ, ਲੰਗਰ ਛੱਕਣ ਲਈ ਹਾਲ ਵਿਚ ਚੌਂਕੜਾ ਮਾਰ ਬਹਿਣ ਲੱਗਾ।
ਅੱਜ ਦਾ ਲੰਗਰ ਬੁੱਧੂ ਘਰੇ ਚੱਲਦਾ ਏ, ਸੇਵਾਦਾਰ ਭਾਈ ਕਮਲੀਏ ਨੂੰ ਕਹਿਣ ਲੱਗਾ।
ਕਰਕੇ ਪੈਂਡਾ ਉਹ ਬੁੱਧੂ ਘਰੇ ਆਣ ਪੁੱਜਾ, ਢੁੱਕਾ ਬੂਹਾ ਬੁੱਧੂ ਵਾਲਾ ਖੋਲਦਾ ਏ।
ਫਟੇ ਹਾਲ ਉਹਦੀ ਕਿਰਿਆ ਵੱਲ ਵੇਖਿਆ ਜਾ, ਰੁੱਖੇ ਬਚਨ ਬੁੱਧੂ ਅੱਗੋਂ ਉਹਨੂੰ ਬੋਲਦਾ ਏ।
ਧੱਕੇ ਨਾਲ ਅੰਦਰ ਆਪੇ ਕਾਹਤੋਂ ਬੜੀ ਜਾਣਾ, ਬਾਹਰ ਬਹਿ ਜਾ ਅੱਗੇ ਲੰਗਰ ਚੱਲਦਾ ਏ।
ਸਿੱਖ ਭੁੱਖ ਦਾ ਤਰਲਾ ਜਿਹਾ ਲਈ ਜਾਵੇ, ਬੁੱਧੂ ਮੋੜ ਪਿਛੋਂ ਉਹਨੂੰ ਬਾਹਰ ਘਲਦਾ ਏ।
ਲੰਗਰ ਛੱਕ ਕੇ ਗੁਰਾਂ ਅਰਦਾਸ ਕੀਤੀ, ਭਾਈ ਕਮਲੀਆ ਵੀ ਉਠ ਕੇ ਖਲੋ ਗਿਆ ਏ।
ਅੱਖਾਂ ਮੀਟ ਉਸ ਵਾਹਿਗੁਰੂ ਦਾ ਜਾਪ ਕੀਤਾ, ਵਾਸਾ ਨਾਨਕ ਦਾ ਰਸਨਾ ਤੇ ਹੋ ਗਿਆ ਏ।
ਤਿੰਨ ਵਾਰ ਗੁਰਾਂ ਕਿਹਾ ਤੇਰਾ ਆਵਾ ਪੱਕਾ, ਤਿੰਨੇ ਵਾਰ ਸਿੱਖ ਜਾਂਦਾ ਕੱਚਾ ਕਹਿ ਗਿਆ ਏ।

ਸਤਿਨਾਮ ਸ੍ਰੀ ਵਾਹਿਗਰੂ ਦਾ ਜਾਪ ਕਰਦਾ, ਜਿਥੋਂ ਆਇਆ ਉਸੇ ਰਾਹ ਪੈ ਗਿਆ ਏ।
ਛੱਕ ਕੇ ਲੰਗਰ ਬੁੱਧੂ ਬੁਹਾ ਖੋਲ ਦਿੱਤਾ, ਵਾਪਸ ਘਰਾਂ ਨੂੰ ਸੰਗਤ ਮੁੜ ਆਈ ਏ ਜੀ।
ਥੋੜੇ ਦਿਨਾਂ ਪਿਛੋਂ ਦਿਹਾੜੀ ਕੁਝ ਕਰ ਕੱਠੇ, ਭੱਠੇ ਉੱਤੋਂ ਜਾਕੇ ਕੇਰੀ ਹਟਾਈ ਏ ਜੀ।
ਇੱਟਾਂ ਉੱਪਰ ਤੋਂ ਥੱਲੇ ਤੱਕ ਕੱਚੀਆਂ ਨੇ, ਜਾਕੇ ਗੁਰਾਂ ਕੋਲ ਤਰਲੇ ਬੁੱਧੂ ਲੈਣ ਲੱਗਾ।
ਸੱਚੇ ਪਾਤਸ਼ਾਹ ਜੀ ਮੈਂ ਬਰਬਾਦ ਹੋਇਆ, ਭੁੰਬਾਂ ਮਾਰ ਕੇ ਗੁਰਾਂ ਨੂੰ ਕਹਿਣ ਲੱਗਾ।
ਜਾਨੀ-ਜਾਨ ਸਤਿਗੁਰੂ ਮੇਰੇ ਕਹਿਣ ਲੱਗੇ, ਜਾਪੇ ਦਿਲ ਤੂੰ ਕਿਸੇ ਦਾ ਦੁਖਾਇਆ ਹੋਣਾ।
ਕੀਤਾ ਪੁੰਨ ਨਾ ਤੇਰਾ ਪਰਵਾਨ ਹੋਇਆ, ਕੋਈ ਸਿੱਖ ਤੇਰੇ ਘਰੋਂ ਭੁੱਖਾ ਆਇਆ ਹੋਣਾ।
ਹੱਥ ਜੋੜਕੇ ਅੱਗੋਂ ਬੁੱਧੂ ਕਹਿਣ ਲੱਗਾ, ਲੱਗਦਾ ਕਮਲੀਏ ਸਿੱਖ ਦਾ ਦਿਲ ਮੈਂ ਤੋੜਿਆ ਏ।
ਪਾਟੇ ਕੱਪੜੇ ਤੇ ਲੀਰਾਂ ਥਾਂ-ਥਾਂ ਲਮਕਦੀਆਂ ਸੀ, ਵਿਚ ਹੰਕਾਰ ਦੇ ਮੈਂ ਉਹਨੂੰ ਪੁੱਠਾ ਮੋੜਿਆ ਏ।
ਗੁਰਾਂ ਕਿਹਾ ਇੱਟਾਂ ਕੱਚੀਆਂ ਹੀ ਰਹਿਣੀਆਂ ਨੇ, ਬਚਨ ਸਿੱਖ ਦਾ ਨਹੀਂ ਸਾਥੋਂ ਟਾਲ ਹੋਣਾ।
ਇੱਟਾਂ ਕੱਚੀਆਂ ਪਰ, ਪੱਕੇ ਭਾਅ ਵਿਕਣੀਆਂ ਨੇ, ਸ਼ਰਧਾਵਾਨ ਤੂੰ ਵੀ ਬਚਨ ਸਾਡਾ ਨਾਲ ਹੋਣਾ।
ਲੈਕੇ ਅਸੀਸ ਬੁੱਧੂ ਘਰੇ ਪਰਤ ਗਿਆ ਏ, ਲਾਕੇ ਦਿਹਾੜੀ ਉਹ ਚੱਠੇ ਲਾਂਵਦਾ ਏ।
ਇੱਟਾਂ ਲੈਣ ਲਈ ਜਿਹੜਾ ਵੀ ਗ੍ਰਾਹਕ ਆਵੇ, ਮੁੱਲ ਪੱਕੀਆਂ ਦਾ ਲੈਣਾ ਬਤਾਂਵਦਾ ਏ।
ਆਸੇ-ਪਾਸੇ ਦੇ ਭੱਠੇ ਸਾਰੇ ਵਿਕ ਚੁੱਕੇ, ਇੱਟਾਂ ਬੁੱਧੂ ਦੇ ਭੱਠੇ ਦੀਆਂ ਰਹਿ ਗਈਆਂ।
ਸ਼ਾਉਣ ਭਾਦੋਂ ਦੀ ਐਸੀ ਆਣ ਝੜੀ ਲੱਗੀ, ਉਧਰ ਕੰਧਾਂ ਸ਼ਾਹੀ ਕਿਲ੍ਹੇ ਦੀਆਂ ਢਹਿ ਗਈਆਂ।
ਹਾਕਮ ਬੱਧੂ ਕੋਲ ਇੱਟਾਂ ਲੈਣ ਭੇਜਿਆ ਏ, ਕੱਚੀਆਂ ਇੱਟਾਂ ਉਹ ਪੱਕੇ ਮੁੱਲ ਵੇਚਦਾ ਏ।
ਮਾਇਆ ਦਸਵੰਧ ਦੀ ਲੈਕੇ ਗੁਰਾਂ ਕੋਲ ਪੁੱਜਾ, ਜਾਕੇ ਚਰਨਾਂ ਦੇ ਉੱਤੇ ਮੱਥਾ ਟੇਕਦਾ ਏ।
ਅੱਗੇ ਰਾਗੀ ਸਿੰਘ ਵਾਜੇ ਤੇ ਸ਼ਬਦ ਪੜਦੇ, ਹਰ ਜੂੰ ਹੰਕਾਰ ਨਾ ਭਾਂਵਦਾ ਏ।
ਜਦੋਂ ਮਿਹਰ ਹੋਵੇ ਸੱਚੇ ਪਾਤਸ਼ਾਹ ਦੀ, ਉਦੋਂ 'ਗੁਰਮੋਹਣ' ਕੋਈ ਕਵਿਤਾ ਬਣਾਂਵਦਾ ਏ।

ਭਾਈ ਦੁਨੀ ਚੰਦ ਦੇ ਪਿਤਾ ਦਾ ਸ਼ਰਾਧ

ਦੁਨੀ ਚੰਦ ਨੇ ਪਿਤਾ ਦਾ ਸ਼ਰਾਧ ਕਰਿਆ, ਪੰਡਤ ਜੋਤਸ਼ੀ ਤਪੇ ਬੁਲਾਂਵਦਾ ਏ।
ਬੰਦਾ ਸ਼ਹਿਰ 'ਚ੍ਹ ਕੋਈ ਨਾ ਰਹੇ ਭੁੱਖਾ, ਕਈ ਵਰਾਇਟੀਆਂ ਦਾ ਲੰਗਰ ਬਣਾਂਵਦਾ ਏ।
ਪੁੜੀਆਂ, ਛੋਲੇ, ਖੀਰ, ਕੜਾਹ ਬਣਿਆ, ਉੱਚ ਕੋਟੀ ਦੇ ਸੱਦੇ ਕਈ ਹਲਵਾਈ ਉਹਨੇ।
ਕਿਤੇ ਗਰਮਾ-ਗਰਮ ਜਲੇਬੀਆਂ ਨੇ, ਚਾਹ ਦੇ ਨਾਲ ਵੀ ਦਿੱਤੀ ਮਿਠਾਈ ਉਹਨੇ।
ਟੋਲਾ ਜੋਗੀਆਂ ਦਾ ਗੋਗੜ ਤੇ ਹੱਥ ਫੇਰੇ, ਲੰਗਰ ਛੱਕਣ ਦੇ ਪਿਛੋਂ ਜਦੋਂ ਉਠਿਆ ਏ।
ਰਾਜਾ ਆਖੇ ਭੁੱਖਾ ਤਾਂ ਨਹੀਂ ਰਿਹਾ ਕੋਈ, ਦੁਨੀ ਚੰਦ ਅਹਿਲਕਾਰਾਂ ਤਾਂਈ ਪੁੱਛਿਆ ਏ।
ਨਾਨਕ ਤਪਾ ਨਾ ਪੁੱਜਾ ਲੰਗਰ ਛੱਕਣ ਤੇਰਾ, ਤਿੰਨ ਵਾਰੀ ਸਨੇਹਾ ਅਸੀ ਘੱਲਿਆ ਏ।
ਯੱਗ ਮੇਰਾ ਨਾ ਕੀਤਾ ਪ੍ਰਵਾਨ ਹੋਣਾ, ਦੁਨੀ ਚੰਦ ਨਾਨਕ ਪਾਤਸ਼ਾਹ ਨੂੰ ਲੈਣ ਚੱਲਿਆ ਏ।
ਕਹਿੰਦਾ ਪਿਤਾ ਦਾ ਕੀਤਾ ਸ਼ਰਾਧ ਦਾਤਾ, ਸਾਰੇ ਛੱਕਣ ਤਾਂ ਪਰਲੋਕ ਵਿਚ ਪੁੱਜਦਾ ਏ।
ਗੁਰੂ ਕਹਿੰਦਾ ਦੱਸ ਦਿਨਾਂ ਤੋਂ ਪਿਤਾ ਭੁੱਖਾ ਤੇਰਾ, ਮਾਲਕ ਸਭ ਦੇ ਦਿਲਾਂ ਦੀਆਂ ਬੁੱਝਦਾ ਏ।
ਚੱਲ ਸਾਡੇ ਨਾਲ ਭਰਮ ਤੇਰਾ ਨਵਿਰਤ ਕਰੀਏ, ਬਣੇ ਪੂੜੇ ਖੀਰਾਂ ਸਾਰੇ ਪਕਵਾਨ ਲੈ ਲੈ।
ਜਿਹੜੇ ਆਖਦਾ ਤੇਰਾ ਯੱਗ ਸਫ਼ਲ ਹੋਇਆ, ਨਾਲ ਆਪਣੇ ਤੂੰ ਪੰਡਿਤ ਜ਼ਜਮਾਨ ਲੈ ਲੈ।
ਗੁਰੂ ਨਾਨਕ ਜੀ ਲੈਕੇ ਦੁਨੀ ਚੰਦ ਤਾਂਈ, ਵਿਚ ਜੰਗਲਾਂ ਦੇ ਘੋਰ ਬੀਆਬਾਨ ਪੁੱਜੇ।
ਝੂਠੇ ਭਰਮਾਂ ਦੇ ਵਿਚ ਭੁੱਲੀ ਫਿਰੇ ਦੁਨੀਆਂ, ਜਗਤ ਤਾਰਨ ਲਈ ਆਪ ਭਗਵਾਨ ਪੁੱਜੇ।
ਪਿਤਾ ਤੇਰਾ ਬਘਿਆੜ ਦੀ ਪਿਆ ਜੂਨੇ, ਨਾਨਕ ਪਾਤਸ਼ਾਹ ਜੀ ਭੇਤ ਗੁਝੇ ਖੋਲਦੇ ਨੇ।
ਆਪਣੇ ਪਿਤਾ ਦੀ ਵਾਰਤਾ ਤੂੰ ਆਪ ਸੁਣ ਲਾ, ਆਪੇ ਮਨੁੱਖੀ ਜ਼ੁਬਾਨ ਵਿਚ ਬੋਲਦੇ ਨੇ।
ਕਹਿੰਦਾ ਮੇਰੇ ਮਰਨ ਦਾ ਜਦੋਂ ਸਮਾਂ ਆਇਆ, ਜਮ ਲੈਕੇ ਜਦੋਂ ਮੇਰਾ ਸਵਾਸ ਚੱਲੇ।
ਘਰ ਗੁਵਾਂਢੀਆਂ ਦੇ ਸੀਗਾ ਮਾਸ ਰਿੱਝਦਾ, ਮੇਰੀ ਸੁਤਾ ਤੁਰ ਗਈ ਉਦੋਂ ਮਾਸ ਵੱਲੇ।
ਧਰਮ ਰਾਜ ਨੇ ਮੰਗਿਆ ਹਿਸਾਬ ਮੇਰਾ, ਮੇਰੇ ਗੁਨਾਹਾਂ ਤੇ ਝਾਤੀ ਮਾਰਦਾ ਏ।
ਮਾਸ ਵੱਲੇ ਸੀ ਸੁਤਾ ਇਹਦੀ ਅੰਤ ਵੇਲੇ, ਜਾਮਾ ਦੇ ਦਿਉ ਇਹਨੂੰ ਬਘਿਆੜ ਦਾ ਏ।
ਮਾਸ ਖਾਂਦਿਆਂ ਬੀਤ ਗਈ ਉਮਰ ਸਾਰੀ, ਪਾਪ ਕਰਦਿਆਂ ਉਮਰ ਬਿਤਾ ਲਈ ਏ।
ਮਾਨਸ ਦੇਹੀ ਨਹੀਉ ਵਾਰ-ਵਾਰ ਮਿਲਦੀ, ਬਿਨਾਂ ਨਾਮ ਤੋਂ ਐਵੇਂ ਗਵਾ ਲਈ ਏ।
ਦੁਨੀਚੰਦ ਦਾ ਭਰਮ ਗੁਰਾਂ ਦੂਰ ਕੀਤਾ, ਉਹਦੇ ਪਿਤਾ ਨੂੰ ਵੀ ਚਰਨੀ ਲਾ ਲਿਆ ਏ।
ਬਾਣੀ ਆਖ ਦੀ ਬਚੋ, ਪਾਖੰਡੀਆਂ ਤੋਂ, ਇਹਨਾਂ 'ਗੁਰਮੋਹਣ' ਨੂੰ ਲੁੱਟ-ਲੁੱਟ ਖਾ ਲਿਆ ਏ।

ਵਲੀ ਕੰਧਾਰੀ

ਨਾਨਕ ਪਾਤਸ਼ਾਹ ਮਰਦਾਨੇ ਨੂੰ ਕਹਿਣ ਲੱਗੇ, ਚੱਲ ਵਲੀਏ ਦਾ ਤੋੜ ਹੰਕਾਰ ਆਈਏ।
ਨੋਹਾਂ ਤੀਕਰ ਹੈ ਤਪਿਆ ਮਨੂਰ ਵਾਂਗੂ, ਤਰੋਕਾਂ ਨਾਮ ਦੇ ਕੇ ਹਿਰਦਾ ਠਾਰ ਆਈਏ।
ਮੰਜ਼ਿਲਾਂ ਮਾਰ ਕੇ ਉੱਚੇ ਨੀਵੇ ਪੈਡਿਆਂ ਤੋਂ, ਮੇਰੇ ਨਾਨਕ ਜੀ ਹਸਨ ਅਬਦਾਲ ਪੁੱਜੇ।
ਉੱਚੀ ਪਹਾੜੀ ਤੇ ਵਲੀ ਡੇਰਾ ਲਾਈ ਬੈਠਾ, ਭਾਈ ਮਰਦਾਨੇ ਨੂੰ ਲੈ ਕੇ ਗੁਰੂ ਨਾਲ ਪੁੱਜੇ।
ਤਿੰਨ ਮੀਲ ਦਾ ਪੈਂਡਾ ਅਜੇ ਰਹੇ ਬਾਕੀ, ਮੀਰ ਆਖੇ ਮੇਰਾ ਗਲ੍ਹਾ ਸੁਕਦਾ ਏ।
ਪਾਣੀ ਵਾਜੋਂ ਮੇਰੀ ਲਬਾਂ ਤੇ ਜਾਨ ਆਈ, ਤੇਰੇ ਵਲੀਏ ਦਾ ਪੈਂਡਾ ਨਾ ਮੁੱਕਦਾ ਏ।
ਗੁਰੂ ਨਾਨਕ ਜੀ ਦੇ ਕੇ ਧਰਾਸ ਕਹਿੰਦੇ, ਚੁੱਪ ਕਰ ਕੇ ਤੁਰਿਆ ਜਾ ਸੱਜਣਾ ਉਏ।
ਟੋਆ ਖੂਹ ਨਾ ਇੱਥੇ ਕੋਈ ਨਹਿਰ ਵੱਗਦੀ, ਵਿਚ ਜੰਗਲਾਂ ਦੇ ਪਾਣੀ ਕਿੱਥੋਂ ਲੱਭਣਾ ਏ।
ਆ ਰੱਖਤੀ ਬਾਬਾ ਰਬਾਬ ਤੇਰੀ, ਮੈਥੋਂ ਪਿਆਸੇ ਤੋਂ ਤੁਰਿਆ ਨਾ ਜਾਂਵਦਾ ਏ।
ਬਿਨਾਂ ਪਾਣੀ ਤੋਂ ਮੀਰਜਾਦਾ ਮਰ ਚੱਲਿਆ, ਡੂਮ ਨਾਨਕ ਦੇ ਤਾਂਈ ਸੁਣਾਂਵਦਾ ਏ।
ਗੁਰਾਂ ਆਖਿਆ ਦਿਲ ਕਾਹਤੋਂ ਛੱਡਤਾ ਤੂੰ, ਹੌਸਲਾ ਕਰਕੇ ਹੰਭਲਾ ਮਾਰੀ ਦਾ ਏ।
ਪਾਣੀ ਪੀਣਾ ਤਾਂ ਚੋਟੀ ਉੱਤੇ ਪਹੁੰਚ ਜਾ ਤੂੰ, ਪਾਣੀ ਉੱਤੇ ਕਬਜ਼ਾ ਵਲੀ ਕੰਧਾਰੀ ਦਾ ਏ।
ਤਿੰਨ ਮੀਲ ਦੀ ਪਹਾੜੀ ਉੱਤੇ ਜਾ ਚੜਿਆ, ਮੀਰ ਪਾਣੀ ਨੂੰ ਲੱਭਦਾ-ਲੱਭਦਾ ਏ।
ਕਹਿੰਦਾ ਪਾਣੀ ਦੋ ਘੁਟ ਪਿਲਾ ਵਲੀਆ, ਵਾਸਤਾ ਪਾਵਾਂ ਮੈਂ ਤੇਰੇ ਅੱਗੇ ਰੱਬ ਦਾ ਏ।
ਅੱਖਾਂ ਤਾੜਕੇ ਵਲੀ ਉਹਨੂੰ ਵੇਖਦਾ ਏ, ਪਹਿਲਾਂ ਦੱਸ ਤੂੰ ਮੈਨੂੰ ਚੇਲਾ ਕਿਸਦਾ ਏ।
ਤੇਰੀ ਅਵਾਜ਼ ਤੋਂ ਤੈਨੂੰ ਪਛਾਣਿਆਂ ਮੈਂ, ਜ਼ਾਤ ਆਪਣੀ ਦਾ ਹੀ ਮੈਨੂੰ ਦਿੱਸਦਾ ਏ।
ਮੀਰ ਆਖਿਆ ਮੁਰੀਦ ਨਾਨਕ ਪਾਤਸ਼ਾਹ ਦਾ, ਜਿਹੜੇ ਚੋਰਾਂ ਤੋਂ ਸਾਧ ਬਣਾਂਵਦੇ ਨੇ।
ਨਾਲ ਉਹਨਾਂ ਦੇ ਵੱਜੇ ਰਬਾਬ ਮੇਰੀ, ਜਦੋਂ ਮੌਜ ਵਿਚ ਉਹ ਬਾਣੀ ਗਾਂਵਦੇ ਨੇ।
ਸੱਜਣ ਠੱਗ ਵਰਗੇ ਉਹਨਾਂ ਦੇ ਦਾਸ ਬਣ ਗਏ, ਤਪਦਾ ਕੜਾਇਆ ਕੌਡੇ ਦਾ ਠਾਰ ਦਿੱਤਾ।
ਭਾਈ ਲਾਲੋ ਨੂੰ ਹਿੱਕ ਦੇ ਨਾਲ ਲਾਇਆ, ਮਲਕ ਭਾਗੋ ਦਾ ਤੋੜ ਹੰਕਾਰ ਦਿੱਤਾ।
ਵਲੀਆ ਆਖੇ ਉਹ ਨਾਨਕ ਦਾ ਛੱਡ ਪੱਲਾ, ਤੇਰੀ ਜਨਮਾਂ ਦੀ ਪਿਆਸ ਬੁਝਾ ਦਿਆਂਗਾ।
ਦੋ ਘੁੱਟ ਪਾਣੀ-ਪੀਣ ਦੀ ਕਿਹੜੀ ਗੱਲ ਕਰਦਾ, ਟੋਬੇ ਵਿਚ ਤੈਨੂੰ ਝੁਬੀਆਂ ਲਵਾ ਦਿਆਂਗਾ।
ਕਿਹੜੇ ਨਾਨਕ ਦੀ ਫ਼ਕਰਾ ਗੱਲ ਕਰਦਾ, ਜਿਹੜਾ ਪਾਣੀ ਨਹੀਂ ਤੈਨੂੰ ਪਿਲਾ ਸਕਦਾ।
ਫੋਕੀਆਂ ਫੜਾਂ ਉਸ ਨਾਨਕ ਦੀਆਂ ਮਾਰਦਾ ਏ, ਪਿਆਸ ਚੇਲੇ ਦੀ ਨਹੀਂ ਬੁਝਾ ਸਕਦਾ।
ਹੋਕੇ ਮੀਰ ਇਕ ਹਿੰਦੂ ਦੀ ਸਿਫ਼ਤ ਕਰਦਾ, ਵਲੀ ਮੀਰਜਾਦੇ ਨੂੰ ਮਹਿਣੇ ਮਾਰਦਾ ਏ।
ਭਾਈ ਮਰਦਾਨਾ ਜੀ ਨਾਨਕ ਦੇ ਕੋਲ ਪੁੱਜਾ, ਕੌੜੇ ਬੋਲ ਨਾ ਅੱਗੋਂ ਸਹਾਰਦਾ ਏ।
ਤਿੰਨ ਵਾਰੀ ਬਾਬੇ ਨਾਨਕ ਨੇ ਭੇਜਿਆ ਏ, ਤਿੰਨੇ ਵਾਰੀ ਵਲੀ ਉਹਨੂੰ ਪੁੱਠਾ ਮੋੜਦਾ ਏ।

ਉਸ ਹੰਕਾਰੀ ਦੇ ਕੋਲ ਨਾ ਭੇਜ ਦਾਤਾ, ਮਰਦਾਨਾ ਨਾਨਕ ਜੀ ਅੱਗੇ ਹੱਥ ਜੋੜਦਾ ਏ।
ਤੇਰੇ ਚਰਨਾਂ ਨੂੰ ਮੂਲ ਨਾ ਛੱਡਣਾ ਮੈਂ, ਭਾਂਵੇ ਮਾਰ ਤੇ ਭਾਂਵੇ ਜਿਵਾਲ ਦਾਤਾ।
ਜਿਹੜੇ ਪਾਣੀ ਦਾ ਵਲੀਏ ਨੇ ਮਾਣ ਕੀਤਾ, ਆਪਣੀ ਮਿਹਰ ਦੇ ਨਾਲ ਪਿਆਲ ਦਾਤਾ।
ਨਾਨਕ ਪਾਤਸ਼ਾਹ ਪੈਰ ਨਾਲ ਚੁੱਕੀ ਗਿੱਟੀ, ਝਰਨਾ ਅੰਮ੍ਰਿਤਮਈ ਪਾਣੀ ਦਾ ਫੁੱਟਿਆ ਏ।
ਭਾਈ ਮਰਦਾਨੇ ਪਾਣੀ ਰੱਜ-ਰੱਜ ਪੀਤਾ, ਵਲੀ ਕੰਧਾਰੀ ਦਾ ਟੋਬਾ ਉਧਰ ਸੁਕਿਆ ਏ।
ਪਾਣੀ ਸੁੱਕਾ ਵੇਖ ਵਲੀਏ ਨੂੰ ਅਗ ਲੱਗੀ, ਮਾਰ ਕੇ ਮੰਤਰ ਪਹਾੜ ਇਕ ਰੇੜ ਦਿੱਤਾ।
ਕਿਵੇਂ ਬੱਚਣਗੇ ਦੋਵੇਂ ਮੇਰੀ ਮਾਰ ਕੋਲੋਂ, ਥੱਲੇ ਦੇਦਿਆਂ ਕੰਮ ਨਬੇੜ ਦਿੱਤਾ।
ਵੱਡਾ ਪਹਾੜ ਇਕ ਗੇੜੇ ਖਾਂਦਾ ਆਈ ਜਾਵੇ, ਭਾਈ ਮਰਦਾਨੇ ਨੇ ਉੱਚੀ ਰੌਲਾ ਪਾ ਲਿਆ ਏ।
ਸਤਿਕਰਤਾਰ ਬਾਬੇ ਨਾਨਕ ਆਖ ਮੂੰਖੋਂ, ਪਹਾੜ ਹੱਥ ਦੇ ਉੱਤੇ ਟਿਕਾ ਲਿਆ ਏ।
ਪਹਾੜ ਰੋਕਿਆ ਗੁਰਾਂ ਨੇ ਹੱਥ ਦੇ ਕੇ, ਪੱਥਰ ਮੋਮ ਹੋਇਆ ਪੰਜਾਂ ਅੰਦਰ ਜਾ ਵੜਿਆ।
ਟੁੱਟ ਗਿਆ ਹੰਕਾਰ ਵਲੀ ਕੰਧਾਰੀਏ ਦਾ, ਹੱਥ ਜੋੜਕੇ ਗੁਰਾਂ ਮੂਹਰੇ ਜਾ ਖੜਿਆ।
ਹਉਮੈਂ ਨਾਵੇਂ ਦੇ ਨਾ ਨਾਲ ਵਿਰੋਧ ਹੁੰਦਾ, ਨਾਮ ਜਪਣਾ ਤਾਂ ਹਉਮੈਂ ਨੂੰ ਮਾਰੀਦਾ ਏ।
'ਮੋਹਣ' ਗੁਰਾਂ ਦੇ ਚਰਨਾਂ ਤੇ ਜਾ ਡਿੱਗਾ, ਮਾਣ ਟੁੱਟ ਗਿਆ ਵਲੀ ਕੰਧਾਰੀ ਦਾ ਏ।

ਕੋਟ ਦਾ ਬਟਨ

ਰਾਜੂ ਥਿਏਟਰ ਵਿਚ ਮਰਦ ਫਿਲਮ ਵੇਖਦਾ ਸੀ
ਲਾਗੇ ਬੰਦਾ ਬੈਠਾ, ਵੱਡਾ ਕੋਟ ਪਾਇਆ ਉਹਨੇ
ਅੱਗੇ ਲੰਬੂ ਦਾ ਹਾਸੇ ਵਾਲਾ ਸੀਨ ਆਇਆ
ਸਾਰੇ ਦਰਸ਼ਕਾਂ ਨੂੰ ਖੂਬ ਹਸਾਇਆ ਉਹਨੇ
ਰਾਜੂ ਹਰ ਇਕ ਸੀਨ ਤੇ ਹੱਸਦਾ ਸੀ
ਹੱਸ ਹੱਸ ਕੇ ਸਿੱਧਾ ਮੂਧਾ ਹੋਣ ਲੱਗਾ
ਸਿੱਧੂ ਵਾਂਗ ਕਾਤੋਂ ਬੁੜਕੀ ਜਾਵਣਾ ਏ
ਲਾਗੇ ਬੰਦਾ ਬੈਠਾ ਉਹਨੂੰ ਗੁੱਸਾ ਹੋਣ ਲੱਗਾ
ਕਹਿੰਦਾ ਅੰਕਲ ਜੀ ਮੈਨੂੰ ਜ਼ਰਾ ਮੁਆਫ ਕਰਿਓ
ਹਾਸਾ ਮੇਥੋਂ ਨਾ ਰੋਕਿਆ ਜਾਂਵਦਾ ਏ
ਨਿੱਕੇ ਹੁੰਦੇ ਤੋਂ ਆਦਤ ਜਿਹੀ ਬਣੀ ਮੇਰੀ
ਓਸ ਬੰਦੇ ਨੂੰ ਰਾਜੂ ਬਤਾਂਵਦਾ ਏ
ਬੰਦੇ ਕੱਢ ਕੇ ਓਸ ਨੂੰ ਦਿੱਤੀ ਗੋਲੀ
ਇਹਨੂੰ ਚੂਸੀ ਜਾ ਰਾਜੂ ਨੂੰ ਦੱਸਦਾ ਏ
ਰਾਜੂ ਗੋਲੀ ਦੇ ਨਾਲ ਐਸਾ ਮਸਤ ਹੋਇਆ
ਚੁੱਪ ਕਰ ਬਹਿ ਗਿਆ, ਹੁਣ ਉਹ ਨਾ ਹੱਸਦਾ ਏ
ਓਸ ਬੰਦੇ ਨੇ ਆਰਾਮ ਨਾਲ ਫਿਲਮ ਵੇਖੀ
ਫਿਲਮ ਮੁੱਕੀ ਤੋਂ ਰਾਜੂ ਜਦੋਂ ਉਠਿਆ ਏ
ਏਸ ਗੋਲੀ ਨੇ ਮੈਨੂੰ ਆਰਾਮ ਦਿੱਤਾ
ਉਹਨੇ ਅੰਕਲ ਤੋਂ ਗੋਲੀ ਬਾਰੇ ਪੁਛਿਆ ਏ
ਮੋੜ ਅੰਕਲ ਨੇ ਉਹਨੂੰ ਜਵਾਬ ਦਿੱਤਾ
ਤੈਨੂੰ ਗੋਲੀ ਬਾਰੇ ਕੁਝ ਨਹੀਂ ਦੱਸਣਾ ਏ
ਜੇਕਰ ਗੋਲੀ ਦਾ ਜਦੋਂ ਤੈਨੂੰ ਪਤਾ ਲੱਗਾ
ਫਿਰ ਤੂੰ ਕੱਲੇ ਬੈਠੇ ਬੈਠੇ ਹੱਸਣਾ ਏ
ਗੋਲੀ ਮੂੰਹ ਦੇ ਵਿਚ ਖੁਰੀ ਕਿਓਂ ਨਹੀਂ
ਰਾਜੂ ਮੂੰਹ ਵਿਚ ਉਂਗਲ ਪਾਕੇ ਸੋਚਦਾ ਏ
ਅੰਕਲ ਆਖਦਾ ਗੋਲੀ ਹੁਣ ਮੋੜ ਮੇਰੀ
ਟੁੱਟਾ ਬਟਨ ਇਹ 'ਮੋਹਣ' ਦੇ ਕੋਟ ਦਾ ਏ